# ਜੋੜ ਦੇ ਭੇਦ

(ਨਜਮ ਹੁਸੈਨ ਸੱਯਦ ਦੀ ਸ਼ਾਇਰੀ ਦਾ ਵੇਰਵਾ)

ਡਾ. ਆਸਮਾ ਕ਼ਾਦਰੀ

ਸੱਚਲ ਪ੍ਰਕਾਸ਼ਨ
ਅੰਮ੍ਰਿਤਸਰ

**Jorh de Bhed**

Writer : Dr Asma Qadri
Department of Punjabi language and literature
Oriental College, Punjab University
Lahore, Pakistan
Email : dr.asmaqadri.punjabi@pu.edu.pk

Transliteration (From Shahmukhi to Gurmukhi) : Jagjit Kaur Jolly (Dr.)

© Publisher

*First Edition (in Gurmukhi) :* January, 2019

Price : ₹ 220/-

*Contacts :*
+91 9501944119, 9988453725,
+91 9501103911, 9878498420,
+91 9646166204, 9872988516
E-mail : paramjeetmisha3@gmail.com
amritsar.sandeepsingh@gmail.com

*Publisher :* Sachal Prakshan, Amritsar

*Printer :* Printwell, Amritsar

# ਸਰਨਾਵਲੀ


| | | |
|---|---|---|
| 1. | ਆਤਣ ਵਿਚਾਰ (ਕਾਫ਼ੀਆਂ) | 1 |
| 2. | ਕਾਫ਼ੀ | 3 |
| 3. | ਖੇਡ | 6 |
| 4. | ਤਕ਼ਰੀਰ | 9 |
| 5. | ਨਾਂ | 14 |
| 6. | ਅਯਾਣੇ | 16 |
| 7. | ਸਵਾਲ | 18 |
| 8. | ਮੁਲਤਾਨ ਸ਼ਹਿਰ ਦੀ ਵਾਰ | 21 |
| 9. | ਰੁੱਤ ਦੇ ਕੰਮ | 47 |
| 10. | ਰੁੱਤ ਦੇ ਨਾਂ | 55 |
| 11. | ਆਤਣ ਵਿਚਾਰ (ਖੱਪੇ) | 60 |
| 12. | ਝੁੱਮਰ | 63 |
| 13. | ਗਾਉਣ | 66 |
| 14. | ਰੰਗ | 69 |
| 15. | ਨਿਜ਼ਾਮ ਲੋਹਾਰ ਦਾ ਗਾਉਣ | 74 |
| 16. | ਲਿਖਣ | 77 |
| 17. | ਖ਼ਬਰਾਂ ਖ਼ਤਮ ਹੋਈਆਂ | 79 |
| 18. | ਹਾੜ ਦੀ ਰਾਤ | 81 |
| 19. | ਕੋਲੇ ਚੁਨਣ ਵਾਲੀ | 83 |
| 20. | ਵਸਾਖ ਦੀ ਆਵਣੀ | 85 |
| 21. | ਆਤਣ ਵਿਚਾਰ (ਸ਼ੀਸ਼ ਮਹਿਲ ਦੀ ਵਾਰ) | 87 |
| 22. | ਇਕ ਪਹਾੜੀ ਰਾਹ | 89 |

# ਅਜੋੜ ਗੱਲਾਂ

"ਜੋੜ ਦੇ ਭੇਦ" ਪੜ੍ਹਨਹਾਰਾਂ ਦੇ ਹੱਥ ਵਿਚ ਹੈ। ਜੋੜ ਦਾ ਲਫ਼ਜ਼ ਸ਼ਾਇਰੀ ਲਈ ਵਰਤੀਂਦਾ ਏ। ਪੰਜਾਬੀ ਅਦਬ ਪੜ੍ਹਨ ਵਾਲੇ ਅਜੋਕੇ ਵੇਲੇ ਦੇ ਜੋੜਕਾਰ ਨਜਮ ਹੁਸੈਨ ਸੱਯਦ ਦੇ ਨਾ ਤੋਂ ਜਾਣੂੰ ਨੇਂ, ਸ਼ਾਇਰੀ ਤੋਂ ਵੱਖ ਤਨਕ਼ੀਦ ਤੇ ਡਰਾਮੇ ਦੇ ਹਵਾਲੇ ਨਾਲ ਵੀ ਆਪ ਦੀਆਂ ਕਿਤਾਬਾਂ ਛਪ ਚੁੱਕੀਆ ਨੇਂ। ਨਜਮ ਹੁਸੈਨ ਦੇ ਜੋੜੇ ਜੋੜਾਂ ਨੂੰ ਤਰੋੜਨ ਦਾ ਆਹਰ ਹੈ ਇਹ ਕਿਤਾਬ। ਕੁਵੇਲੇ ਵੇਲੇ ਪੜ੍ਹਦਿਆਂ ਏਸ ਸ਼ਾਇਰੀ ਨੂੰ ਸਮਝਣ ਕੁਝ ਔਖਾ ਲੱਗਾ ਤਾਂ ਆਪਣੇ ਵਰਗੇ ਪੜ੍ਹਨਹਾਰਾਂ ਦੇ ਸਮਝਣ ਕੀਤੇ ਏਸ ਸ਼ਾਇਰੀ ਨੂੰ ਸਰਲ (ਨਸਰ) ਬਣਾ ਕੇ ਲਿਖਣ ਦਾ ਮਤਾ ਪਕਾਇਆ। ਇਹ ਕੋਈ ਖਾਸ ਚੋਣ ਨਹੀਂ ਹੈ, ਕਿਤਾਬਾਂ ਜਾਂ ਨਜ਼ਮਾਂ ਦੀ ਬਸ। ਜਿਸ ਵੇਲੇ ਜੋ ਪੜ੍ਹ ਕੇ ਸਮਝ ਆਇਆ ਉਂਜ ਈ ਲਿਖ ਵਰਤਾਇਆ।

"ਆਤਣ ਵਿਚਾਰ" ਸਰਨਾਵੇਂ ਹੇਠ ਕਿਤਾਬਾਂ ਦੇ ਮੁੱਖ ਚਿੱਤਰ ਬਾਰੇ ਗੱਲਬਾਤ ਹੈ। ਆਤਣ, ਇਕੱਠ ਹੈ ਤਰੀਮਤਾਂ ਦਾ। ਏਸ ਕਿਤਾਬ ਵਿਚ ਜੁੜ ਬੈਠਾ ਆਤਣ, ਬੇ-ਨਾਂ, ਬੇ-ਨਿਸ਼ਾਨ ਏ, ਕਸਬ ਤੇ ਜ਼ਾਤ ਦੀ ਵੰਡੋਂ ਬਾਹਰਾ। ਜਦ ਵੀ ਕਿਤਾਬ ਲੱਭਦੀ ਏ ਇਹ ਆਤਣ ਵਾਲੀਆਂ ਜੁੜ ਬੈਠ ਕੇ ਵਿਚਾਰਦੀਆਂ ਨੇਂ, ਮੁੱਖ ਚਿੱਤਰ ਤੇ ਰੰਗਾਂ ਨਾਲ ਖੇਡੀ, ਖੇਡ ਨੂੰ। ਮੁੱਖ ਚਿੱਤਰ ਨੂੰ ਤਰੋੜ-ਜੋੜ ਕੇ ਵੇਖਦੀਆਂ ਵਿਖਾਉਂਦੀਆਂ ਨੇਂ ਪੜ੍ਹਨਹਾਰਾਂ ਨੂੰ, ਮਤਾਂ ਸੇਧ ਦੇਂਦੀਆਂ ਹੋਵਣ, ਜੋ ਕਿਤਾਬ ਦੇ ਅੰਦਰ ਹਰਫ਼ਾਂ ਕੀਤੀ। ਕੱਥ ਤਾਂ ਈ ਪੂਰੀ ਹੋਣੀ ਏ ਜੇ ਪਹਿਲੋਂ ਮੁੱਖ ਚਿੱਤਰ ਦੇ ਰੰਗਾਂ ਦੀ ਖੇਡ ਸਮਝੋ, ਅੰਦਰ ਤੇ ਬਾਹਰ ਵੱਖ ਨਹੀਂ। ਜਦ ਅੰਦਰ ਬਾਹਰ ਦੀ ਦੁਈ, ਇਕਾਈ ਬਣ ਵੰਜੇ, ਉਹੀ ਪਲ ਹੁੰਦਾ ਏ ਜੋ ਜੀਵਨ ਬਣਦਾ ਏ, ਉਸੇ ਜੀਵਨ ਦੀ ਕੱਥ ਕਰੇਂਦੀ ਹੈ ਇਹ 'ਸ਼ਾਇਰੀ'। ਮੁੱਖ ਚਿੱਤਰ ਨਜਮ ਹੁਸੈਨ ਸੱਯਦ ਦੇ ਬਣਾਏ ਹੋਏ ਹਨ।

ਇਹਨਾਂ ਨਜ਼ਮਾਂ ਤੇ ਗਾਉਣਾ ਨੂੰ ਪੜ੍ਹ ਕੇ ਲਿਖਦਿਆਂ ਸਹੀ ਹੋਇਆ ਜੋ ਇਹ ਨਿਰੀ ਸ਼ਾਇਰੀ ਨਹੀਂ ਏ ਸਗੋਂ ਆਪਣੇ ਵੇਲੇ ਦੀ ਵਾਰ (ਤਾਰੀਖ਼) ਵੀ ਏ। ਨਿਰੀ ਆਪਣੇ ਵੇਲੇ ਦੀ ਵਾਰ ਨਹੀਂ, ਇਹ ਪੰਜਾਬੀ ਕਲਾਸਿਕੀ ਸ਼ਾਇਰੀ ਦੀ ਰੀਤ ਨਾਲ ਵੀ ਜੁੜੀ ਹੋਈ ਏ। ਇਹ ਸ਼ਾਇਰੀ ਪੜ੍ਹਦਿਆਂ ਇਨਸਾਨੀ ਜੀਵਨ-ਵੱਸਣ ਆਪਣੇ ਅਸਲ ਰੰਗ ਵਿਚ ਦਿੱਸਦਾ ਹੈ, ਜੋ ਪੜ੍ਹਦਿਆਂ ਅੰਦਰ ਖਿਝ ਵੀ ਬਣ ਵੇਂਦਾ ਏ

ਕਦਾਈਂ। ਏਸ ਖਿਝ ਪਾਰੋਂ ਜੰਮੀ ਕੌੜ ਨੂੰ ਵਲਾਵਣ ਦਾ ਆਹਰ ਹੈ, ਇਹ ਲਿਖਤ। ਇਹ ਕੋਈ ਰੇਤਲ ਵੇਰਵਾ ਨਹੀਂ ਹੈ, ਸ਼ਾਇਰੀ ਦਾ, ਜੋ ਗਿਣੇ-ਮਿੱਥੇ ਪਰਖ ਅਸੂਲਾਂ ਨੂੰ ਮੋਹਰੇ ਧਰ ਕੇ ਕੀਤਾ ਗਿਆ ਹੋਵੇ। ਪੜ੍ਹਨਹਾਰ ਨਾਲ ਆਪਣੀ ਸਾਦੀ ਜੇਹੀ ਸੋਚ ਦੀ ਸਾਂਝ ਬਨਾਵਣ ਦਾ ਯਤਨ ਹੈ। ਜਿਨ੍ਹਾਂ ਕਿਤਾਬਾਂ ਵਿਚੋਂ ਨਜ਼ਮਾਂ ਦੀ ਚੋਣ ਕੀਤੀ ਹੈ, ਉਹਨਾਂ ਵਿਚ ਕਾਫ਼ੀਆਂ (1965), ਬਾਰ ਦੀ ਵਾਰ (1969), ਰੁੱਤ ਦੇ ਕੰਮ (1976), ਖੱਪੇ (1986) ਤੇ ਸ਼ੀਸ਼ ਮਹਿਲ ਦੀ ਵਾਰ (1993) ਸ਼ਾਮਿਲ ਨੇਂ।

ਦੇਵਣਦਾਰ ਹਾਂ, ਵਾਈਸ ਚਾਂਸਲਰ ਜਨਾਬ ਡਾਕਟਰ ਜ਼ਫ਼ਰ ਮੁਈਨ ਨਾਸਿਰ ਹੋਰਾਂ ਦੀ, ਜਿਨ੍ਹਾਂ ਏਸ ਕੰਮ ਦੀ ਸਰਪ੍ਰਸਤੀ ਕਰਦਿਆਂ ਪੰਜਾਬ ਯੂਨੀਵਰਸਿਟੀ ਪ੍ਰੈੱਸ ਤੋਂ ਏਸ ਕਿਤਾਬ ਨੂੰ ਛਪਵਾਣ ਦੀ ਇਜਾਜ਼ਤ ਦਿੱਤੀ ਤੇ ਮਾਲੀ ਮਦਦ ਵੀ ਕੀਤੀ। ਸ਼ੁਕਰਗੁਜ਼ਾਰ ਹਾਂ ਓਰੀਐਂਟਲ ਕਾਲਜ ਦੇ ਡੀਨ, ਪ੍ਰੋਫ਼ੈਸਰ ਡਾਕਟਰ ਸਲੀਮ ਮਜ਼ਹਰ ਹੋਰਾਂ ਦੀ ਜਿਨ੍ਹਾਂ ਦੀ ਹੱਲਾਸ਼ੇਰੀ ਨਾਲ ਕਿਤਾਬ ਛਪ ਕੇ ਪੜ੍ਹਨਹਾਰਾਂ ਤੱਕ ਅੱਪੜੀ।

**ਡਾਕਟਰ ਆਸਮਾਂ ਕ਼ਾਦਰੀ**

***

# ਆਤਣ ਵਿਚਾਰ (ਕਾਫ਼ੀਆ)

ਆਤਣ ਵਾਲੀਆਂ ਚੇਤਰ ਮਨਾਵਣ ਇਕੱਠੀਆਂ ਹੋਈਆਂ ਨੇਂ। ਸਭ ਰੰਗ ਖਿੱਲਰੇ ਹੋਏ ਨੇਂ, ਅੰਦਰ-ਬਾਹਰ ਹਰ ਪਾਸੇ। ਸਰ੍ਹੋਂ ਵਾਂਗ ਖਿੜਦੀਆਂ, ਖੇਡਦੀਆਂ ਨੇਂ ਪਈਆਂ। ਇਹ ਝੱਟ ਪਲ ਦੀ ਵੇਹਲ ਈ ਹੋਂਦੀ ਹੈ, ਨਿਮਾਣੀਆਂ ਦੀ। ਦੁੱਖ-ਸੁੱਖ ਸਾਂਝੇ ਕਰਕੇ ਹਿੱਕ ਬਈ ਦਾ ਦਿਲ ਹੌਲਾ ਕਰੇਂਦੀਆਂ ਜੀਵਨ ਜੋਤ ਮਨ ਅੰਦਰ ਜਗਾਉਂਦੀਆਂ ਨੇਂ।

"ਆਓ ਨੀ ਰਲ ਕਾਫ਼ੀਆਂ ਗੰਵੀਏ। ਇਹ ਨਵੀਂ ਕਿਤਾਬ ਲੱਭੀ ਏ ਅੱਜ।"

"ਸ਼ਾਹ ਹੁਸੈਨ ਦੀਆਂ ਕਾਫ਼ੀਆ ਨੇਂ?"

"ਹੁਣ ਰੌਣਕ ਬਣਸੀ ਚੇਤਰ ਦੀ। ਲਾਲ ਹੁਸੈਨ ਏਸੇ ਰੁੱਤ ਦਾ ਸੱਦਾ ਦੇਂਦਾ ਹੈ ਪਲੋ-ਪਲ। ਅਸਾਡੇ ਆਤਣ ਦੀ ਕੱਥ ਕਰੇਂਦਾ ਅਸਾਡਾ ਸੰਗ ਬਣ ਵੇਂਦਾ ਏ।"

"ਲਿਆ ਦੇ ਕਿਤਾਬ ਉਰਾਂਹ ਮੈਨੂੰ, ਵਾਚ ਸੁਣਾਵਾਂ ਕੋਈ ਕਾਫ਼ੀ।"

"ਲਓ ਜੀ, ਏਹਦੀ ਸੁਣ ਲਵੋ। ਇਹ ਵਾਚਣ ਵਾਲੀ ਚੰਗੀ ਕੀਤੀ ਆ। ਕਾਫ਼ੀ, ਰਲ ਗਾਵਣ ਤੇ ਗਾਵਣ ਦੇ ਨਾਚ ਬਨਣ ਦਾ ਨਾਂ ਹੈ।"

ਸਾਰੀਆਂ ਖੁੱਲ੍ਹ ਹੱਸਦੀਆਂ ਨੇਂ ਏਸ ਦੀ ਕੀਤੀ ਗੱਲ ਤੇ ਪਰ ਇਕ ਨੇ ਗੱਲ ਗੌਲੀ ਤਾਂ ਬੋਲੀ :

"ਠੀਕ ਆਂਹਦੀ ਏ ਪਈ। ਹਿੱਕ ਦਾ ਵਾਚਣ ਬਈ ਦਾ ਸੁਨਣ ਦੁਈ ਦਾ।

ਪਰ ਰਲ ਸੰਗ ਸਾਵਣ ਤੇ ਜੁੜ ਨੱਚਣ, ਕਾਫ਼ੀ ਦੀ ਸਮਝ ਬਣਾਉਂਦਾ ਹੈ।"

"ਇਹ ਮੁੱਖ ਚਿੱਤਰ ਕਿਵੇਂ ਹੈ ਸਿੱਧ-ਪੁੱਠ ਜੋੜ ਬਣਿਆਂ, "ਨੂੰਨ ਗੁੰਨਾ" ਵਿਚਕਾਰ ਸਿੱਧਾ ਹੈ। ਸੱਜੇ-ਖੱਬੇ ਦੇ ਵਿਚਕਾਰ ਸਾਵਾਂ ਖਲਾ ਹੈ "ਨੂੰਨ ਗੁੰਨਾ"। ਪੁੱਠਾ ਕਿਉਂ ਨਹੀਂ ਲਿਖਿਆ, ਲਿਖਣਹਾਰ ਨੇਂ?"

ਸਿੱਧੀ ਜਈ ਗੱਲ ਹੈ "ਨੂੰਨ" ਸਿੱਧਾ ਪੜ੍ਹੋ ਭਾਵੇਂ ਪੁੱਠਾ। ਉਹ ਤਾਂ ਹੈ ਇਨਕਾਰ, ਨਾਂਹ ਤੇ ਨਾਂਹ ਹੋਈ, ਉਸ ਦਾ ਸਿੱਧ-ਪੁੱਠ ਕੀ। "ਨਾਂਹ ਧੁਰਾ ਹੈ ਕਾਇਨਾਤ ਦਾ ਤੇ ਧੁਰ ਅੰਦਰ ਹੈ ਹਰ ਜੀਅ ਦੇ। ਨਾਂਹ ਵਿਚੋਂ ਈ ਹਾਂ ਫੁੱਟਦੀ ਹੈ। ਕਾਫ਼ੀਆਂ ਲਾਲ ਹੁਸੈਨ ਲਿਖੇ, ਗੰਵੇਂ ਜਾਂ ਬੁੱਲ੍ਹੇ ਸ਼ਾਹ, ਸਭ ਇਨਕਾਰ ਪਾਸੋਂ ਹੀ ਬਣੀਆਂ, ਤਾਹੀਓਂ ਤੇ ਜੀਊਂਦੀਆਂ ਨੇਂ ਪਈਆਂ।

"ਤੇ ਇਹ ਜੋ ਰੰਗ ਲਾਲ ਹੈ। ਲਾਲ ਇਕਾਈ ਵੀ ਹੈ। ਰੱਤ ਰੱਤੀ ਜੋ ਹੋਈ ਸਭਨਾ ਵਿਚ ਜੀ, ਜਨਵਰ, ਪਖ਼ੂ ਸਭ ਵਿਚ ਇਕੋ ਰੰਗ ਈ ਸਾਂਝਾ ਹੈ।"

"ਤੁਸਾਂ ਠੀਕ ਆਂਹਦੀਆਂ ਜੇ ਪਰ ਇੰਜ ਸਹੀ ਹੋਂਦਾ ਏ ਜਿਵੇਂ ਆਪਣੇ ਵੇਲੇ ਵਿਚ ਨਾਹੀ ਹਵਾ ਲੈਂਦੀਆਂ, ਕਾਫ਼ੀਆਂ। ਹੌਲੀ-ਹੌਲੀ ਵਿਹਾਰ ਨੇ ਆਪਣੇ ਰੰਗ, ਰੰਗ ਲਈਆਂ ਤੇ ਮੁੱਖ ਪੰਨਾ ਏਹੋ ਦਸੇਂਦਾ ਹੈ ਪਈ ਇਹਨਾਂ ਕਾਫ਼ੀਆਂ ਨੂੰ ਮੁੜ ਉਲਟਾ ਕੇ ਪੜ੍ਹਨਾ ਪੋਸੀ ਹੁਣ।"

"ਚਿੱਟੇ ਪੰਨੇ ਤੇ ਖੱਬੀ ਗੁੱਠੇ ਕੁਝ ਕਾਲਖ ਹੈ ਯਾਂ ਖ਼ਬਰੇ ਲਾਲ ਰੰਗ ਬਹੁਤਾ ਗੂੜ੍ਹਾ ਹੋ ਕੇ ਕਾਲਾ ਪਿਆ ਦਿੱਸਦਾ ਹੈ।"

"ਚੰਗਾ ਚੇਤਰ ਮਨਾਵਣ ਆਈਆਂ ਓ ਤੁਸੀਂ। ਇਤਨਾਂ ਵੀ ਨਹੀਂ ਜਾਣਦੀਆਂ ਕਾਫ਼ੀ, ਰੁੱਤ ਚੋਂ ਖਿੜੇ ਕਾਲੇ ਫੁੱਲ ਦੀਆਂ ਪੱਤੀਆਂ ਨੇ ਤ੍ਰੈ।"

***

# ਕਾਫ਼ੀ

ਅੱਜ ਮੈਂ ਕੇਹੜੇ ਕੱਪੜੇ ਪਾਵਾਂ
ਡੱਬ ਖੜੱਬੇ
ਚਿੱਟੇ
ਕਾਲੇ
ਸਾਵੇ ਪੀਲੇ
ਇਕੇ ਲਾਲ ਗੁਲਾਲ ਰੰਗਾਵਾਂ
ਇਕ ਦਿਲ ਕਰਦਾ ਏ ਸਾਵੇ ਕੱਪੜੇ ਫੂਕ ਕੇ ਕਰਾਂ ਸਵਾਹ
ਨਾ ਘਾਹ ਪੱਤਰ ਵਲਾਂ ਦਵਾਲੇ ਨਾ ਈ ਭਬੂਤ ਰਮਾਵਾਂ
ਖੱਲ ਵੀ ਗਿੱਟਿਓਂ ਖਿੱਚ ਕੇ ਲਾਹਵਾਂ
ਤੇ ਥਾਂ ਥਾਂ ਟੰਗ ਸਕਾਵਾਂ
(ਪਰ ਗੰਡੇ ਦੀ ਕੋਈ ਛਿੱਲ ਕੀ ਲਾਹਵੇ
ਛਿੱਲ ਕੇਹੜੀ ਤੇ ਗੰਡਾ ਕੇਹੜਾ)
ਸਮਝ ਨਹੀਂ ਆਉਂਦੀ
ਜੇ ਪਾਵਾਂ ਤੇ ਕੇਹੜੇ ਕੱਪੜੇ ਪਾਵਾਂ
ਹੱਥ ਖੱਡੀ ਦੇ ਕਿ ਨਵੇਂ ਮਸ਼ੀਨੀ ਮੇਚੇ ਕੱਟੇ, ਬਣੇ ਬਣਾਏ
ਆਪੇ ਕੱਤ ਕੇ ਆਪ ਬਣਾਵਾਂ
ਕਿ ਹੱਟੀਓ ਹੱਟੀ ਜਾਵਾਂ
ਕੇਵੇਂ ਸ਼ੀਸ਼ਾ ਮਗਰੋਂ ਲਾਹਵਾਂ *(ਕਾਫ਼ੀਆਂ-ਸ.ਫ਼ਾ 11)*

ਕਾਫ਼ੀ ਗੀਤ ਦੇ ਸ਼ਾਇਰ, ਹਮੇਸ਼ ਜੀਵਨ ਦੀਆਂ ਮੁੱਢਲੀਆਂ ਪੁੱਛਾਂ, ਪੁੱਛਦੇ ਆਏ ਨੇਂ। ਜੀਵਨ ਕੀ ਏ? ਏਸ ਦਾ ਕੰਮ ਕੀ ਏ? ਇਨਸਾਨ ਦਾ ਕੀ ਰਿਸ਼ਤਾ ਏ ਕੁਦਰਤ ਨਾਲ ਤੇ ਕੁੱਲ ਕਾਇਨਾਤ ਨਾਲ। ਬੰਦੇ ਦੇ ਚੇਤੇ ਅੰਦਰ ਇਹ ਸੋਚਾਂ ਹਰ ਪਲ ਸੱਜਰੀਆਂ ਰੱਖਣ ਕੀਤੇ, ਸੁਰ ਦਾ ਸੰਗ ਬਣਾਇਆ ਕਾਫ਼ੀ ਗੀਤ ਨੇਂ। ਆਮ ਇਨਸਾਨਾਂ ਦੀਆਂ ਜੀਵਨ ਵਾਪਰੀਆਂ ਨੂੰ ਕਾਫ਼ੀ ਰੰਗ-ਰੰਗੀਜ, ਸੁਰ-ਤਾਲ ਨਾਲ ਜੋੜ, ਸ਼ਾਇਰਾਂ ਨੇ ਰਲ ਗੰਵਿਆ। ਉਹ ਹੁਸੈਨ ਹੋਵੇ, ਬੁੱਲ੍ਹਾ ਜਾਂ ਸੱਚਲ। ਸੋਚ ਸਾਂਝ ਤੇ

ਵਰਤਾਰੇ ਪਾਰੋਂ ਇਕ ਈ ਨੇਂ। ਨਾਂ ਤੇ ਵੇਲਾ, ਵੱਖ ਹੋ ਕੇ ਵੀ ਲਿਖਤ ਵਿਚ ਇਕ-ਮਿੱਕ ਨੇਂ। ਇਹ ਕਾਫ਼ੀ ਵੀ ਪੁੱਛ ਤੋਂ ਈ ਟੁਰੀ ਏ ਪਰ ਪੁੱਛ 'ਮੈਂ' ਵਿਚ ਬੱਝੀ ਹੋਈ ਏ।

"ਅੱਜ ਮੈਂ ਕੇਹੜੇ ਕੱਪੜੇ ਪਾਵਾਂ"

ਕਾਫ਼ੀ ਗੀਤ ਜੋ "ਮੈਂ" ਨੂੰ ਛੱਡਣ ਤੇ "ਤੂੰ" ਦੇ ਪੰਧ ਪਾਵਣ ਦਾ ਆਹਰ ਕਰੇਂਦੀ ਆਈ, ਏਸ ਕਵਿਤਾ ਵਿਚ ਆ ਕੇ ਮੁੜ "ਮੈਂ" ਤੇ "ਅੱਜ" ਵਿਚ ਫਸ ਗਈ। "ਮੈਂ" ਨੇ ਨਿਤ ਨਵਾਂ ਪਹਿਰਾਵਾ ਪਾ ਠੱਗਣ ਨਿਕਲਣਾ ਹੋਂਦਾ ਏ ਸੋ ਹੁਣ "ਮੈਂ" ਸੋਚਦੀ ਏ ਪਈ ਅੱਜ ਕੱਪੜੇ ਕੇਹੜੇ ਪਾਉਣੇ ਨੇਂ। ਕੱਪੜਾ ਹਸਤੀ ਹੋ ਗਿਆ ਏ, ਅੰਦਰ ਦਾ ਕੁਹਜ ਲੁਕਾਵਣ ਲਈ। ਕੱਪੜਾ ਹੀ ਹੈ ਹੋਰ ਤੇ ਅੰਦਰ ਸੱਖਣ ਏ ਸਾਰਾ "ਮੈਂ" ਦਾ। ਉਹ ਸੁੰਜ, ਜਿਸ ਵਿਚੋਂ ਆਪਣਾ ਈ ਆਵਾਜ਼ਾ ਮੁੜ-ਮੁੜ ਕੇ ਆਉਂਦਾ ਏ। ਅੱਜ ਕੱਪੜਾ ਵਖਾਲਾ ਏ, ਆਪਣੀ ਹੋਂਦ ਦਾ, ਵਡਿਆਈ ਦਾ। ਜਾਪਦਾ ਏ ਜਿਵੇਂ ਰੰਗਬਾਜ਼ ਵੱਖੋ-ਵੱਖ ਪਹਿਰਾਵੇ ਬਦਲ ਕੇ ਕਦੀਂ ਕੁਝ ਬਣ ਵਖਾਉਂਦੇ ਨੇਂ, ਕਦੀ ਕੁਝ, ਤੇਵੇਂ ਦੀ ਸੋਚ ਏ। ਪੰਜਾਬੀ ਕਲਾਸਿਕੀ ਸ਼ਾਇਰੀ ਦੀ ਰੀਤ ਮੁੱਢ ਤੋਂ ਕੱਪੜੇ ਤੇ ਵਖਾਲੇ ਦੀ ਨਿੰਦਿਆ ਕਰਦੀ ਆਈ ਏ। ਕੱਪੜਾ ਅਸਲ ਹੋ ਜਾਂਦਾ ਏ ਤੇ ਬੰਦੇ ਦੀ ਅਸਲ ਹਸਤੀ ਕਿਧਰੇ ਪਿੱਛੇ ਲੁਕ ਵੇਂਦੀ ਏ।

"ਕਾਲੇ ਮੈਂਡੇ ਕੱਪੜੇ ਕਾਲਾ ਮੈਂਡਾ ਵੇਸ" (ਬਾਬਾ ਫ਼ਰੀਦ)

"ਚਿੱਟੀ ਚਾਦਰ ਲਾਹ ਸੁੱਟ ਕੁੜੀਏ" (ਬੁੱਲ੍ਹੇ ਸ਼ਾਹ)

ਕੱਪੜਾ ਸੁਖਾਲ ਦਾ ਨਿਸ਼ਾਨ ਏ, ਹਾਕਮਾਂ ਦਾ ਵਖਰਪ, ਮਾੜਿਆਂ ਤੇ ਜ਼ੁਲਮ ਧਗਾਣ ਨਾਲ ਕੀਤੀ ਕਮਾਈ। "ਮੈਂ" ਦਾ ਰੱਜ ਕਦੀਂ ਨਹੀਂ ਹੋਂਦਾ ਸੋ ਉਹ ਬਹਿਰੂਪ ਬਦਲ-ਬਦਲ ਕੇ ਠੱਗੀ ਤੇ ਮੋਹਣ ਦੇ ਨਿੱਤ ਨਵੇਂ ਪੈਂਤੜੇ ਬਦਲਦੀ ਏ। ਏਸ ਕਾਫ਼ੀ ਵਿਚ ਹੁਣ ਰੰਗ ਆ ਗਏ ਨੇਂ। ਰੰਗਾਂ ਦੀ ਕੱਥ ਆਪਣੀ ਏਂ। "ਡੱਬ-ਖੜੱਬ" ਜਿਸ ਵਿਚ ਕੋਈ ਰੰਗ ਸਾਫ਼ ਨਾ ਦਿਸਦਾ ਹੋਵੇ ਮਾੜਿਆਂ, ਕਾਮਿਆਂ ਦੇ ਕੱਪੜੇ ਜੋ ਜ਼ੁਲਮ ਦਾ ਹਰ ਰੰਗ ਆਪਣੇ ਵਜੂਦ ਤੇ ਕੱਪੜਿਆਂ ਤੇ ਸਜਾ ਲੈਂਦੇ ਨੇਂ, ਡੱਬ-ਖੜੱਬ ਈ ਦਿਸਦੇ ਨੇਂ। ਉਤਲੇ ਮੇਲ ਦਾ ਨਿਸ਼ਾਨ, ਚਿੱਟਾ ਕੱਪੜਾ ਉਹ ਪਾ ਸਕਦਾ ਏ, ਜਿਸਦਾ ਕੰਮ ਨਾਲ ਕੋਈ ਲਾਗ ਨਹੀਂ। ਉਹ ਹਸਤੀ, ਜੋ ਨਿਰਾ ਵਖਾਵਾ ਏ, ਰੁਅਬ ਏ। ਚਿੱਟਾ ਰੰਗ ਦਿਨ ਦਾ ਹੈ ਜੋ ਚਾਲੂ ਵਿਹਾਰ ਦਾ ਨਿਸ਼ਾਨ ਏ। ਸਾਰੀ ਕਲਾਸਿਕੀ ਸ਼ਿਅਰ ਰੀਤ ਵਿਚ, ਚਿੱਟਾ ਵਖਰਪ ਤੇ ਵਜੂਦ ਵੀ ਏ। ਦਿਨ ਵੰਡਾਂ ਵਿਚ ਵੰਡ ਕੇ ਕੰਮੀਂ ਲਾਉਂਦਾ ਏ, ਲਾਹਾ ਜੋੜਨ ਕੀਤੇ। "ਕਾਲਾ" ਇਕ ਰੰਗ ਏਂ ਇਕਾਈ ਦਾ, ਜਿਵੇਂ ਕਾਲੀ ਰਾਤ ਦਿਨ ਦੇ ਸਾਰੇ ਵੱਖਰੇ ਰੰਗ ਇਕ ਰੰਗ ਵਿਚ ਰੰਗ ਦੇਂਦੀ ਏ। ਰਾਤ ਮੇਲ ਏ, ਨਵੀਂ ਹੋਂਦ, ਨਵੀਂ ਹਸਤੀ, ਆਪਣੇ-ਆਪ ਨੂੰ ਮਿਲਣ ਦਾ ਵੇਲਾ। ਵਧਣ-ਫੁੱਲਣ, ਨਿਸਰਨ ਦਾ ਵੇਲਾ। ਆਪਣੇ ਨਿੱਤ ਸਤ ਦੀ ਸੁੰਞਾਣ ਦਾ ਵੇਲਾ, ਜੋ ਦਿਨ ਵੇਲੇ ਵਿਹਾਰੀ ਆਹਰਾਂ ਵਿਚ ਰੁੱਝਿਆਂ ਧੁਰ ਅੰਦਰ ਦਬੀਜ ਗਿਆ। "ਸਾਵਾ", "ਪੀਲਾ" ਤੇ "ਲਾਲ"

ਇਸ਼ਕ ਦੇ ਰੰਗ ਨੇਂ। ਸਾਵਾ ਰੰਗ ਦੁਨੀਆਂ ਨਾਲ ਪ੍ਰੀਤ, ਪੀਲਾ ਰੰਗ ਕਿਸੇ ਇਕ ਜੀਅ ਨਾਲ ਲਾਗ ਤੇ ਲਾਲ ਰੰਗ ਕੁੱਲ ਕੁਦਰਤ ਨਾਲ ਇਸ਼ਕ ਦੀ ਦੱਸ ਪਾਉਂਦੇ ਨੇਂ।

ਜੀਵਨ ਦੀ ਇਹ ਸਾਰੀ ਰੰਗਾਂ-ਰੰਗੀ, ਹੁਣ ਨਿਰੀ ਕੱਪੜਿਆਂ ਦੇ ਵਖਾਲੇ ਵਿਚ ਈ ਰਹਿ ਗਈ ਏ। ਕੂੜ ਵਪਾਰ ਏਨਾ ਖਿੱਲਰ ਗਿਆ ਏ ਜੋ ਸੱਚ ਦੀ ਸੁੰਜਾਣ ਔਖੀ ਹੋ ਗਈ ਏ। ਇਕ ਸੋਚ ਅੰਦਰੋਂ ਆਉਂਦੀ ਏ ਕਿ ਸਾਰੇ ਕੱਪੜੇ ਸਾੜ ਸਵਾਹ ਕਰ ਦਿੱਤੇ ਜਾਵਣ। ਨੰਗ ਲੁਕਾਵਣ ਲਈ ਨਾ ਘਾਹ-ਪੱਤਰ ਦਵਾਲੇ ਵਲੇ ਜਾਣ ਨਾ ਜੋਗੀ ਕੇ ਹੋ ਸਵਾਹ ਮਲੀ ਜਾਵੇ। ਸਗੋਂ ਜੋ ਖੱਲ ਦਾ ਓਹਲਾ ਏ, ਉਹ ਵੀ ਲਾਹ ਦਿੱਤਾ ਜਾਵੇ। ਆਪਣੇ-ਆਪ ਨੂੰ ਸ਼ਮਸ ਨਾਲ ਰਲਾਵਣ ਦਾ ਚਾਰਾ ਏ ਕੋਈ ਖ਼ਬਰੇ। "ਸ਼ਮਸ" ਤਾਂ ਆਪਣਾ-ਆਪ ਇਨਕਾਰ ਕੀਤਾ "ਸੱਚ" ਪਛਾਣ ਕੇ। ਇਹ ਨਵੇਂ ਵੇਲੇ ਦੀ "ਮੈਂ" ਆਪਣਾ ਲਾਗ ਸ਼ਮਸ ਨਾਲ ਜੋੜਨ ਟੁਰੀ ਏ ਪਰ ਆਪਣੇ ਅੰਦਰੋਂ ਈ ਟੋਕ ਆਈ ਏ।

"ਪਰ ਗੰਡੇ ਦੀ ਕੋਈ ਛਿੱਲ ਕੀ ਲਾਹਵੇ
ਛਿੱਲ ਕੇਹੜੀ ਤੇ ਗੰਡਾ ਕੇਹੜਾ"

ਖੱਲ ਇਕ ਹੋਵੇ ਤਾਂ ਕੋਈ ਲਾਹ ਵੀ ਦੇਵੇ, ਜਿੱਥੇ ਹੋਵਣ ਈ ਖੱਲਾਂ ਗੰਡੇ ਵਾਂਗੂੰ, ਉਥੇ ਕੀ ਲਾਹਵਣਾ ਤੇ ਕੀ ਪਾਵਣਾ ਏ। ਫੇਰ ਵੀ ਜਦ ਫ਼ੈਸਲਾ ਨਹੀਂ ਹੋਇਆ ਪਾਵਣ ਦਾ ਤਾਂ ਰੰਗਾਂ ਤੋਂ ਨਿਕਲ, ਖੱਲ ਨੂੰ ਛੱਡ ਹੁਣ ਨਵੇਕਲ ਲਈ ਨਵਾਂ ਦਾਅ ਏ।

1. ਹੱਥ ਦੀ ਖੱਡੀ ਦੇ ਬਣੇ ਕੱਪੜੇ।
2. ਕਿਸੇ ਖ਼ਾਸ ਬ੍ਰੈਂਡ ਦੇ ਰੈਡੀਮੇਡ ਕੱਪੜੇ।
3. ਆਪ ਕੱਤ ਕੇ ਆਪ ਕੱਪੜਾ ਬਣਾਵਾਂ।
4. ਯਾਂ ਹੱਟੀਓ ਹੱਟੀ ਫੇਰਾ ਪਾ ਕੇ ਕੁਝ ਹੋਰ ਲੱਭਾਂ।

ਇਹ ਸਾਰੇ ਖੇਖਣ ਸ਼ੀਸ਼ਾ ਮਗਰੋਂ ਲਾਹਵਣ ਦੇ ਨੇਂ। "ਸ਼ੀਸ਼ਾ" ਕੀ ਏ? ਜਿਸ ਵਿਚ ਅਸੀਂ ਆਪਣਾ-ਆਪ ਵੇਖਨੇ ਹਾਂ? ਜਿਸ ਸ਼ੀਸ਼ੇ ਵਿਚ ਆਪਣਾ-ਆਪ, ਆਪਣੀ ਅੱਖੀਂ ਦਿਸੇ ਓਸ ਦਾ ਤਾਂ ਰੌਲਾ ਕੋਈ ਨਹੀਂ। ਆਪਣੀ ਅੱਖ ਨਾਲ ਤਾਂ ਸਭ ਠੀਕ ਈ ਦਿਸਦਾ ਹੋਇਆ, ਖਾਸਕਰ ਆਪਣਾ-ਆਪ। ਏਥੇ ਜਿਸ ਸ਼ੀਸ਼ੇ ਦਾ ਮਸਲਾ ਏ, ਉਹ ਜਾਪਦਾ ਏ "ਅੱਖੀਆਂ" ਨੇਂ। ਉਹ ਅੱਖੀਆਂ ਜੋ ਸਭ ਵੇਖਣ ਦੀ ਸਕਤ ਰੱਖਦੀਆਂ ਨੇਂ। ਉਹ ਸਭ ਜੋ ਰੰਗਾਂ ਤੇ ਖੱਲਾਂ ਵਿਚ ਲੁਕਾਵਣ ਦਾ ਆਹਰ ਏ। ਉਹਨਾਂ ਅੱਖੀਆਂ ਮੋਹਰੇ ਹੋਂਦਿਆਂ ਈ ਸਭ ਪਾਇਆ ਲੱਥ ਜਾਂਦਾ ਏ। ਅੰਦਰ ਦਾ ਕੋਹਜ ਤੇ ਨੰਗ ਦਿੱਸਣ ਲੱਗਦਾ ਏ। ਉਹ ਅੱਖੀਆਂ ਸ਼ੀਸ਼ਾ ਨੇਂ ਜਿਨ੍ਹਾਂ ਵਿਚ ਆਪਣੀ ਹਸਤੀ ਦਾ ਅਸਲ ਦਿਸਦਾ ਏ ਤੇ ਅੰਦਰ ਡਰ ਜੰਮਦਾ ਏ। ਉਹਨਾਂ ਅੱਖੀਆਂ ਬਚਪਨ ਕੀਤੇ ਨਿਤ ਨਵੇਂ ਬਹਿਰੂਪ ਨੇਂ। "ਮੈਂ" ਦੇ ਪਰਖਣਹਾਰਾਂ ਦੀਆਂ ਅੱਖੀਆਂ ਪਰਖ ਕੇ ਕੱਚ-ਪੱਕ ਨਖੇੜਦੀਆ ਨੇਂ।

ਇਕ ਪੱਖੋਂ ਵੇਖਦਿਆਂ ਇਹ ਕਾਫ਼ੀ ਪੁਰਾਣੀ ਰੀਤਲ ਕਾਫ਼ੀ ਤੋਂ ਵੱਖ ਜਾਪੀ ਪਰ ਪੜਚੋਲ ਮਗਰੋਂ ਜਾਪਿਆ, ਨਹੀਂ ਓਹੀ ਕੱਥ ਹੈ, ਓਹੀ ਸੁਰ, ਓਹੀ ਕਾਫ਼ੀ.......

# ਖੇਡ

ਤੂੰ ਹੜ੍ਹ ਵਾਂਗੂੰ ਮੇਰੇ ਆਣ ਦਵਾਲੇ ਹੋ
ਮੇਰੇ ਲੂੰ ਲੂੰ ਚੋਂ ਤੈਨੂੰ ਰਾਹਾਂ ਵੇ
ਧੁਰ ਅੰਦਰ ਲੰਘ ਜਾ ਚਾਰ ਚੁਫ਼ੇਰੇ ਖੋਲ੍ਹਦਾ
ਓਥੇ ਲੰਘ ਜਾ
ਜਿੱਥੇ ਮੇਰਾ ਵੀ ਕਦੀ ਜਾਵਣ ਨਹੀਂ ਹੋਇਆ
ਤੈਨੂੰ ਕਾਹਦੀਆਂ ਸ਼ਰਮਾਂ ਓਪਰਿਆ
ਤੂੰ ਪਾਣੀ ਮੈਂ ਮਿੱਟੀ
ਤੂੰ ਹੜ੍ਹ ਵਾਂਗੂੰ ਮੈਨੂੰ ਆਣਕੇ ਘੇਰਾ ਪਾ
ਮੇਰੇ ਲੂੰ ਲੂੰ ਵਿਚੋਂ ਸਿਮਦਾ ਅੰਦਰ ਆ
ਮੈਨੂੰ ਅੰਦਰ ਆਣ ਕੇ ਗੋ

*(ਕਾਫ਼ੀਆਂ ਸਫ਼ਾ 27)*

ਖੇਡ ਕੀ ਏ? ਜੀਆਂ ਦਾ ਆਪਸੀ ਰਲਣ, ਮਿਲਣ, ਸੰਗ ਮਾਨਣ। ਇਕ ਦੂਜੇ ਦੇ ਨੇੜੇ ਹੋਵਣ। ਖੇਡ ਰਾਹ ਹੈ ਇਕ ਦੂਜੇ ਨੂੰ ਜਾਨਣ, ਸਮਝਣ ਦਾ। ਓਪਰ ਘਟਾਵਣ ਦਾ ਇਕ ਆਹਰ ਏ ਖੇਡ। ਸਾਵੇਂ ਰਿਸ਼ਤੇ ਬਨਾਵਣ ਕੀਤੇ। ਖੇਡ ਰਾਹੀਂ ਹਾਰ-ਜਿੱਤ ਦਾ ਸਵਾਦ ਮਾਨਣ। ਵਿਹਾਰ ਨੇ ਜਿਸ ਕੰਮੀਂ ਲਾ ਕੇ ਬੰਦੇ ਨੂੰ ਬੰਦਿਆਈਓਂ ਵਾਂਝਾ ਕੀਤਾ, ਖੇਡ ਓਸ ਨੂੰ ਪਰਤਾਵਣ ਦਾ ਇਕ ਰੰਗ ਹੈ। ਖੇਡ, ਸਾਵਾਂ ਹੋਵਣ ਹੈ, ਖੇਡਣਹਾਰਾਂ ਦਾ, ਜੋ ਵਿਹਾਰ ਦੀ ਅਸਾਵੀਂ ਵੰਡ ਦੀ ਮਾਰ ਤੋਂ ਬਾਹਰ ਏ। ਇਹੀ ਖੇਡ ਹੈ ਜੋ ਹੁਸੈਨ ਦੀਆਂ ਕਾਫ਼ੀਆਂ ਵਿਚ ਲੱਭਦੀ ਏ। ਹੁਸੈਨ ਦੀ ਏਸੇ ਖੇਡ ਤੋਂ ਡਰਦਿਆਂ ਹਾਕਮ ਮੇਲ ਨੇ ਓਸ ਨੂੰ ਪਹਿਲੋਂ ਰੱਦਿਆ, ਮੁੜ ਫ਼ਕੀਰ ਬਣਾ ਪ੍ਰਚਾਰਿਆ, ਤਾਂ ਜੋ ਓਸ ਦੀ ਦੱਸੀ ਖੇਡੇ ਨਾ ਲੱਗ ਵੰਜੇ ਕੋਈ। ਹੁਸੈਨ ਦੀ ਦੱਸੀ ਖੇਡ ਪੜਦੇ ਲਾਹੰਵਦੀ ਏ, ਮੱਲ ਮਾਰ ਹਾਕਮਾਂ ਤੇ ਉੱਚ ਮੇਲ ਦੇ। ਜੇਵੇਂ ਅਯਾਣੇ ਨਹੀਂ ਖੇਡਦੇ ਲੁਕਣਮੀਟੀ, ਇਕ ਦੀ ਮੀਟ ਹੋਂਦੀ ਏ ਲੱਭਣ ਦੀ ਤੇ ਹੋਰ ਸਾਰੇ ਸੰਗੀ ਲੁਕ ਵੇਂਦੇ ਨੇ। ਲੁਕੇ ਨੂੰ ਲੱਭਣ ਵਾਲਾ ਜਦ ਲੱਭ ਲੈਂਦਾ ਏ ਤਾਂ ਕਿਤਨਾ ਖੁਸ਼ ਹੋਂਦਾ ਏ। ਸਾਰੇ ਰਲ ਰੱਜ ਹੱਸਦੇ ਰੌਲਾ ਪਾਉਂਦੇ ਨੇਂ, ਪਰ ਵਿਹਾਰੀ ਖੇਡ ਵਿਚ ਲੁਕਣ ਈ ਲੁਕਣ ਹੋਇਆ ਜਿਸ ਲੱਭ ਲਿਆ

ਉਹ ਦੁੱਲਾ ਹੋ ਫਾਹੇ ਲੱਗਾ। ਸੋ ਇਹ ਖੇਡ ਚਾਲੂ ਵਿਹਾਰ ਦੇ ਵਾਰੇ ਤਾਂ ਨਹੀਂ। ਵਿਹਾਰ ਆਪਣੀ ਬਣਾਈ ਖੇਡ ਖਿਡਾਉਂਦਾ ਏ, ਤੇ ਆਪਣੇ ਕਾਨੂੰਨਾਂ ਅਸੂਲਾਂ ਨਾਲ। ਉਹ ਖੇਡ, ਜਿਸ ਵਿਚ ਖੇਡੋ ਵੀ ਪਰ ਬੱਝੇ ਵੀ ਰਹੋ। ਖੇਡ ਜੇ ਬੱਝ ਕੇ ਖੇਡੀ ਤਾਂ ਉਹ ਖੇਡ ਤਾਂ ਨਾ ਹੋਈ, ਕੰਮ ਬਣ ਗਈ। ਓਸ ਦੀ ਚੱਸ ਮੁੱਕ ਗਈ, ਉਸ ਦੀ ਤਾਜ਼ਗੀ ਝੌਂ ਗਈ।

ਏਸ ਕਵਿਤਾ ਦੀ ਖੇਡ ਵੀ ਕੋਈ ਅਜੇਹੀ ਖੇਡ ਜਾਪਦੀ ਏ। ਕਾਫ਼ੀ ਗੀਤ ਵਾਂਗ ਇਹ ਕਵਿਤਾ ਵੀ ਨਾਰ ਪੱਖੋਂ ਬੋਲਦੀ ਏ ਪਈ, ਤੇ ਕਾਫ਼ੀ ਦੇ ਗੀਤਲ ਰੂਪ ਦਾ ਉਲਟਾਅ ਵੀ ਕਰਦੀ ਏ। ਕਾਫ਼ੀਆਂ ਵਿਚ ਖੇਡਣ ਤੇ ਗਾਵਣ ਇਕ-ਮਿਕ ਏ। ਬਾਲੜੀਆ ਨੇ ਜਾਂ ਸਿਆਣੀਆਂ, ਹਨ ਨਾਰਾਂ ਈ। ਬੰਦੇ ਖ਼ਬਰੇ ਖੇਡ ਸਕਦੇ ਈ ਨਹੀਂ, ਤਾਹੀਓਂ ਤਾਂ ਖੇਡਦੀਆਂ ਨੂੰ ਵੇਖਣ ਵੀ ਵਾਰੇ ਨਹੀਂ ਇਹਨਾਂ ਦੇ। ਪਰ ਉਹ ਖੇਡ ਲਾਜ਼ਮ ਵੇਖਦੇ ਨੇਂ ਤੇ ਸਵਾਦ ਮਾਣਦੇ ਨੇਂ ਜੋ ਇਹਨਾਂ ਦੇ ਹੁਕਮ ਮੂਜਬ ਖੇਡੀ ਜਾਵੇ। ਉਹ ਖੇਡ ਤਾਂ ਨਾ ਹੋਈ, ਉਹ ਤਾਂ ਹੋਇਆ ਪੁਤਲੀ-ਤਮਾਸ਼ਾ, ਤਮਾਸ਼ਬੀਨਾਂ ਲਈ। ਖੇਡ ਤਾਂ ਆਪਣੇ ਸੁਖ, ਆਪਣੀ ਖੁੱਲ ਮਾਨਣ ਲਈ ਖੇਡੀ ਜਾਂਦੀ ਏ। ਮਜ਼ਮੂਨ ਵੀ ਕਾਫ਼ੀਆਂ ਵਾਲਾ ਈ ਏ। "ਤੂੰ" ਤੇ "ਮੈਂ" ਦਾ। "ਤੂੰ" ਨਾਲ ਇਕ ਹੋਵਣ ਦੀ ਤਾਂਘ ਤੇ "ਮੈਂ" ਦਾ ਇਨਕਾਰ। ਓਸ "ਮੈਂ" ਦਾ ਜੋ ਵਿਹਾਰ ਦਿੱਤੀ ਅਸੂਰਤ ਨੇ ਬਣਾਈ। ਕੁਦਰਤ ਨਾਲ ਮੁੜ ਆਪਣੀ ਸਾਂਝ ਬਨਾਵਣ ਦਾ ਰਾਹ "ਤੂੰ" ਏ। "ਤੂੰ" ਜੋ ਆਪਣਾ ਏ, ਜਿਸ ਨੂੰ ਮਨਮਰਜ਼ੀ ਨੇ ਅਪਣਾਇਆ ਏ। ਜਿਸ ਕੂੜ ਦੀ ਸੂੰਜਾਣ ਕਰਵਾਈ ਏ। ਜਿਸ ਵਿਹਾਰ ਦੀ ਬਾਂਧ ਤੋਂ ਉਧਾਰਿਆ ਏ। ਪਰ ਏਸ ਕਵਿਤਾ ਵਿਚ "ਤੂੰ" ਕੋਈ ਓਪਰਾ ਏ, ਪੁੱਛ ਤਾਂ ਬਣਦੀ ਏ ਨਾਂ ਏਥੇ ਪਈ, ਓਪਰੇ ਨਾਲ ਖੇਡ? ਇਹ ਕੇਹੜੀ ਖੇਡ ਏ?

"ਤੂੰ ਪਾਣੀ ਮੈਂ ਮਿੱਟੀ"

ਪਾਣੀ, ਮਿੱਟੀ ਦਾ ਸੰਗ ਆਦਿ-ਜੁਗਾਦ ਤੋਂ ਏ। ਇਹ ਤਾਂ ਮੂਲ ਹੋਏ, ਜੀਵਨ ਦਾ। ਪੰਜ ਤੱਤ, ਜਿਨ੍ਹਾਂ ਤੋਂ ਕੁੱਲ ਕਾਇਨਾਤ ਬਣੀ। ਓਸ ਵਿਚ ਦੋ ਲਾਜ਼ਮ ਤੱਤ ਤਾਂ ਪਾਣੀ, ਮਿੱਟੀ ਨੇਂ। ਸਿਆਣੇ ਦੱਸਦੇ ਨੇ ਮਿੱਟੀ ਨੂੰ ਪਾਣੀ ਨਾਲ ਗੋ ਕੇ ਬੰਦਾ ਬਣਾਇਆ ਕੁਦਰਤ ਨੇ ਤੇ ਆਪਣੀ ਛੋਹ ਨਾਲ ਜਾਨ ਪਾਈ। ਸੋ ਪਾਣੀ ਤੇ ਮਿੱਟੀ ਨਿਸ਼ਾਨ ਬਣੇ ਨਵੀਂ ਹੋਂਦ ਦਾ, ਨਵੇਂ ਜੀਵਨ ਦਾ, ਕੁਦਰਤ ਦੇ ਨਵੇਂ ਰੂਪ ਦਾ, ਅਣਹੋਏ ਦੇ ਹੋਵਣ ਦਾ। ਪਾਣੀ, ਮਿੱਟੀ ਦੀ ਸਾਂਵੀ ਰਲਤ ਨੇ ਸੰਗ ਕੀਤਾ ਤੇ ਨਵੇਂ ਰੂਪ ਵਿਚ ਮੁੜ ਜਿਓਂ ਪਏ। ਨਵਾਂ ਰੂਪ ਬਨਾਵਣ ਕੀਤੇ ਪਹਿਲੋਂ ਆਪਣੀ ਪਹਿਲੀ ਹਸਤੀ ਦੀ ਨਫ਼ੀ ਕੀਤੀ ਪਾਣੀ ਤੇ ਮਿੱਟੀ ਨੇ, ਤੂੰ, ਮੈਂ ਦੀ ਸਾਂਝ ਬਣੀ ਤੇ ਫੇਰ ਨਵਾਂ ਰੂਪ ਬਣਿਆ। ਏਥੇ ਮਿੱਟੀ ਬੋਲਦੀ ਏ ਪਈ, ਪਰ ਪਾਣੀ ਨਾਲ ਓਪਰ ਦਾ ਰਿਸ਼ਤਾ ਏ। ਪਾਣੀ ਏਥੇ ਨਿਰਾ ਪਾਣੀ ਨਹੀਂ "ਹੜ੍ਹ" ਏ। ਹੜ੍ਹ ਦਾ ਕੰਮ ਰੋਹੜ ਖੜਨ ਏ। ਪਾਣੀ ਦਾ ਅਸਾਵਾਂ ਵਗਣ ਉਸ ਨੂੰ ਹੜ੍ਹ ਬਣਾਉਂਦਾ ਏ। ਏਥੇ ਜਾਪਦਾ ਏ ਮਿੱਟੀ ਕਿਸੇ

ਬਾਂਧ ਤੋਂ ਆਜ਼ਾਦੀ ਲੋੜਦੀ ਏ ਪਈ, ਅਧੀਨ ਏ ਪਾਣੀ ਦੀ। ਸੋ ਪਾਣੀ ਓਸ ਲਈ ਓਪਰਾ ਏ, ਗ਼ੈਰ ਏ, ਹੋਰ ਏ। ਇਹਨਾਂ ਦਾ ਸੰਗ ਦੁਈ ਦਾ ਏ, ਇਕਾਈ ਦਾ ਨਹੀਂ। ਆਪਣੀ ਅਜੇਹੀ ਹਸਤੀ, ਜਿਸਦਾ ਹੋਵਣ, ਨਾ ਹੋਵਣ ਜੇਹਾ ਏ, ਓਸ ਦਾ ਕੀ ਲਾਗ ਜੀਵਨ ਨਾਲ। ਜੇ ਖੇਡ ਵਿਚ ਉਹ ਇਕ ਪੁਤਲੀ ਏ ਓਸ ਦੀ ਖੁੱਲ੍ਹ ਓਸ ਦੀ ਮਨਮਰਜ਼ੀ ਹੈ ਈ ਨਹੀਂ, ਤਾਂ ਅਜੇਹੇ ਜੀਵਨ ਦਾ ਕੀ ਫ਼ਾਇਦਾ, ਜੋ ਜੀਵਨ ਕੁਝ ਬਣਾਵੇ ਉਸਾਰੇ ਨਾ, ਕੋਈ ਰਿਸ਼ਤਾ ਨਾ ਰਹਵੇ ਓਸ ਦਾ ਕੁਲ ਕੁਦਰਤ ਨਾਲ, ਉਹ ਜੀਵਨ ਕਿਸ ਲੇਖੇ। ਮਿੱਟੀ ਖ਼ਬਰੇ ਰੋਹੜ ਨਾਲ ਰੁੜ੍ਹ ਕਿਸੇ ਅਜਿਹੀ ਧਰਤੀ ਨੂੰ ਲੱਭਣ ਲੋੜੇਂਦੀ ਏ ਜਿਥੇ ਉਹ ਸਾਵੇਂ ਸਬੰਧ ਵਿਚ ਹੋਵੇ। ਸੋ ਏਸ ਕਵਿਤਾ ਵਿਚ ਉਹ ਪਾਣੀ ਨੂੰ ਆਪ ਸੈਂਤਰਦੀ ਏ ਕਿ ਤੂੰ ਹੜ੍ਹ ਬਣ ਕੇ ਮੇਰੇ ਦਵਾਲੇ ਹੋ, ਤੈਨੂੰ ਖੁੱਲ੍ਹ ਏ, ਧੁਰ ਅੰਦਰ ਲੰਘ ਜਾ। ਚਾਰ-ਚੁਫ਼ੇਰੇ ਦੀਆਂ ਉਸਾਰੀਆਂ ਕੰਧਾਂ ਢਾਉਂਦਾ ਉਥੇ ਲੰਘ ਜਾ, ਜਿਥੇ ਮੈਂ ਵੀ ਕਦੀ ਨਹੀਂ ਗਈ। ਤੂੰ ਮੈਨੂੰ ਹਰ ਪਾਸਿਓਂ ਘੇਰਾ ਪਾ ਤੇ ਲੂੰ-ਲੂੰ ਵਿਚੋਂ ਸਿੰਮਦਾ ਅੰਦਰ ਆ ਕੇ ਮੈਨੂੰ ਗੋ। ਏਥੇ ਕਵਿਤਾ ਮੁੱਕ ਜਾਂਦੀ ਏ, ਅਧੂਰੀ। ਗੋ ਕੇ, ਅੱਗੇ ਬਨਣ ਦਾ ਅਮਲ ਏ ਉਸ ਦੀ ਦੱਸ ਕੋਈ ਨਹੀਂ। ਗੋਈ ਮਿੱਟੀ ਕੀ ਬਣਸੀ? ਸਾਵਨ ਝੜੀਆਂ ਵਿਚ ਕਿਸੇ ਮਾੜੇ, ਵਗਦੇ, ਚੋਂਦੇ ਕੋਠੇ ਦਾ ਲੇਪ, ਕੋਈ ਭਾਂਡਾ ਆਮ ਵਰਤੋਂ ਦਾ, ਕਿਸੇ ਉੱਚ ਮੇਲ ਦੇ ਘਰ ਦਾ ਸ਼ੋਅ-ਪੀਸ ਜਾਂ ਗਮਲਾ, ਸੋਹਣੀ ਦਾ ਕੱਚਾ ਘੜਾ ਜਾਂ ਹੀਰ ਦਾ ਚੂਰੀ ਛੰਨਾ, ਜਾਂ ਫੇਰ ਮੁੜ ਨਵਾਂ ਬੁੱਤ, ਨਵੇਂ ਰੂਪ ਲਈ। ਇਕ ਸੋਚ ਇਹ ਵੀ ਆਉਂਦੀ ਏ ਕਿ ਮਤੇ ਵਿਹਾਰ ਨੇ ਜਿਸ ਪਾਣੀ, ਮਿੱਟੀ ਨੂੰ ਅਸਾਵਾਂ ਕੁਸੰਗ ਬਣਾਇਆ, ਆਪਣੀ ਰਸਮ-ਰੀਤ ਵਿਚ ਗੰਢ ਕੇ ਇਕ ਕੁਦਰਤੀ ਲਾਗ ਨੂੰ ਮੱਲ ਵਿਹਾਰ ਚਲਾਵਣ ਕੀਤੇ ਆਪਣਾ ਸੰਦ ਬਣਾਇਆ, ਮਿੱਟੀ ਓਸੇ ਪਾਣੀ ਨੂੰ ਆਪਣਾ ਉਧਾਰਣ ਚਾ ਬਣਾਇਆ ਏ। ਵਿਹਾਰ ਆਪਣੀ ਖੇਡ, ਖੇਡਦਾ ਏ ਪਿਆ ਪਰ ਕੁਦਰਤ ਸਕਤਾਂ ਆਪਣੀ ਖੇਡ। ਉਹ ਹਰ ਬਾਂਧ ਚੋਂ ਖੁੱਲ੍ਹ ਦਾ ਰਾਹ ਲੱਭ ਲੈਂਦੀਆਂ ਨੇਂ। ਜਿਸ ਨੂੰ ਕੁਦਰਤ ਆਜ਼ਾਦੀ ਦਾਨ ਕੀਤੀ ਵਿਹਾਰ ਓਸ ਨੂੰ ਕੇਵੇਂ ਬੰਨ੍ਹਸੀ ਤੇ ਕਦ ਤੀਕ। ਮੱਲ ਵਿਹਾਰ ਆਪਣੀਆਂ ਚਾਲਾਂ ਵਿਚ ਆਪ ਵੀ ਫਸ ਕੇ ਮਰ ਮੁੱਕਣਾ ਏ ਤੇ ਮਿੱਟੀ ਪਾਣੀ ਮੁੜ ਆਪਣੇ ਸਾਵੇਂ ਸਾਕ ਵਿਚ ਰਲ ਵੱਸਣਾ ਏ। ਖੇਡ ਨੂੰ ਹਾਰ-ਜਿੱਤ ਬਨਾਵਣ ਵਾਲੇ ਆਪੇ ਹਰਨਾ ਏ। ਖੇਡਣ ਜੋ ਆਉਂਦਾ ਨਾ ਹੋਇਆ, ਖੇਡ ਸਮਝੇ ਤੇ ਖੇਡੇ ਨਾ।

***

# ਤਕ਼ਰੀਰ

(ਮਾਧੋ ਲਾਲ ਹੁਸੈਨ ਦੀ ਕਬਰੇ ਖ਼ੁਤਮ ਇਕ ਜੁਮੇਰਾਤ ਦਾ
ਦਰਬਾਰੋਂ ਬਾਹਰਵਾਰ ਕੋਈ ਢੋਲੀ ਢੋਲ ਰਾਸ ਪਏ ਕਰਦੇ ਨੇਂ)

ਮੀਆਂ : ਆਖੋ, ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ।
ਲੋਕੀਂ : ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ।
ਮੀਆਂ : ਲਾਲ ਗੁਲਾਲ ਉਹਦੇ ਕੱਪੜੇ ਅੱਖੀਆਂ ਕਾਲੀਆਂ
ਮੱਥੇ ਵੱਟ ਮਹਿਰਾਬ ਦਾ ਕੰਨੀਂ ਵਾਲੀਆਂ
ਮੂੰਹ ਸਿਰ ਭਰਵੱਟੇ ਚੱਟ ਤੇ ਝਿਮਣੀਆਂ ਜਾਲੀਆਂ
ਸਭ ਆਖੋ, ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ।
ਲੋਕੀਂ : ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ।
ਮੀਆਂ : ਬੈਠੇ ਚਾ ਖਲਿਆਰੇ, ਖਲੇ ਬਹਾਂਵਦਾ
ਬਿਨਾਂ ਖੰਘੂਰਿਓਂ ਬੂਹੇ ਲੰਘ ਲੰਘ ਆਂਵਦਾ
ਪਿਛਲੇ ਅੰਦਰੋਂ ਕੱਢ ਕੇ ਵਿਹੜੇ ਡਾਂਹਦਾ
ਦਿਲ ਨਾਲ ਆਖੋ, ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ।
ਲੋਕੀਂ : ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ।
ਲੱਭੇ ਜੋ ਪਰਤਾਵੀਏ ਭੁੱਲਿਆ ਦਈਏ ਰਲਾ
ਜਦੋਂ ਸਵੇਲੇ ਨਿਕਲੀਏ ਸ਼ਾਮੀਂ ਜਾਈਏ ਆ
ਤੌਬਾ ਤੌਬ ਪੁਕਾਰ ਕੇ ਦਈਏ ਵਕ਼ਤ ਵਹਾ
ਹਰਦਮ ਆਖੋ, ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ।
ਲੋਕੀਂ : ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ।
ਮੀਆਂ : ਲੋਕੀਂ ਰੋਵਣ ਉਹ ਖਿੜ ਖਿੜ ਹੱਸੇ, ਇਹ ਹੱਸਣ ਉਹ ਰੋਵੇ
ਲੱਭੇ ਲਾਲ ਤੇ ਧਰੇ ਤਲੀ ਤੇ ਖਾਲੀ ਬੁੱਕ ਲਕੋਵੇ
ਸਭ ਹੱਥ ਚਾ ਕੇ ਆਖੋ, ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ।
ਲੋਕੀਂ : ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ।
ਮੀਆਂ : ਦਿਨ ਦੀਆਂ ਕਤਰਾਂ ਕਰ ਕਰ ਗੰਢੇ ਰਾਤ ਵਿਚ

ਰਾਤ ਨੂੰ ਧਰ ਕੇ ਗੁੰਨ੍ਹੇ ਦਿਨੇ ਪਰਾਤ ਵਿਚ
ਖਾਈਏ, ਪਾਈਏ ਹੱਕ਼ ਦਾ ਜੱਗ ਭਾਵੇਂ ਮਨ ਭਾਵੇ
ਬੋਲੀਏ, ਤੋਲੀਏ ਹੱਕ਼ ਦਾ ਜੋ ਆਵੇ ਸੋ ਜਾਵੇ
ਤਸਲੀਮ, ਯਕ਼ੀਨ ਤੇ ਰਗ਼ਬਤ ਜ਼ਾਤ ਸਫ਼ਾਤ ਵਿਚ
ਹੁਣ ਇਕ ਆਵਾਜ਼ ਨਾਲ ਆਖੋ ਸਾਰੇ
ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ
ਲੋਕੀ : ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ।

*(ਕਾਫ਼ੀਆਂ-ਸਫ਼ਾ 49)*

ਲਾਲ ਹੁਸੈਨ ਦੀ ਕ਼ਬਰ ਤੇ ਮੀਆਂ ਜੀ ਖ਼ੁਤਮ ਪੜ੍ਹ ਦੁਆ ਪਏ ਮੰਗਦੇ ਨੇਂ ਤੇ ਦਰਬਾਰ ਤੇ ਜੁੜੇ ਇਕੱਠ ਨੂੰ ਨਾਲ ਰਲਾਂਵਦੇ ਨੇਂ ਪਏ। ਦੁਆ ਬੜੀ ਅਜੀਬ ਏ :

"ਆਖੋ ਰੱਬ ਕਰੇ ਕੋਈ ਹੋਰ ਹੁਸੈਨ ਨਾ ਹੋਵੇ"

ਜੇ ਮੀਆਂ ਜੀ ਨੂੰ ਹੁਸੈਨ ਨਹੀਂ ਵਾਰੇ ਤਾਂ ਖ਼ੁਤਮ ਪੜ੍ਹਨ ਈ ਨਾ ਆਵਣ। ਇਹ ਤਾਂ ਕੋਈ ਚਾਲ ਲੱਗਦੀ ਏ ਮੀਆ ਜੀ ਦੀ, ਜੋ ਖ਼ੁਤਮ ਪੜ੍ਹਨ ਦੀ ਠੇਕੇਦਾਰੀ ਵੀ ਰੱਖਣੀ ਏ, ਮਾਲ ਵੀ ਬਣਾਉਣਾ ਏ ਤੇ ਹੁਸੈਨ ਨੂੰ ਨਿੰਦਣਾ ਵੀ ਏ। ਸਰਨਾਵਾਂ ਏਸ ਜੋੜ ਦਾ ਹੈ "ਤਕ਼ਰੀਰ" ਹੁਣ ਇਹ ਆਪਣੀ ਥਾਵੇਂ ਵੱਖਰੀ ਪੁੱਛ ਬਣਦੀ ਹੈ ਪਈ ਖ਼ੁਤਮ ਨਾਲ ਤਕ਼ਰੀਰ ਦਾ ਕੀ ਸਾਂਗਾ। ਤਕ਼ਰੀਰ ਤਾਂ ਹੁੰਦੀ ਏ ਸਿਆਸੀ ਜਲਸਿਆਂ ਵਿਚ, ਵੱਡੇ ਲੀਡਰਾਂ ਦੇ ਵੱਡੇ ਦਾਅਵਿਆਂ ਤੇ ਸਾਦੀ-ਭੋਲੀ ਲੋਕਾਈ ਨੂੰ ਮੋਹਣ ਲਈ। ਯਾਂ ਫੇਰ ਤਕ਼ਰੀਰ ਹੋਂਦੀ ਏ ਕਿਸੇ ਨਖੇੜ ਲਈ, ਚੰਗ-ਮੰਦ ਦੇ ਨਿਤਾਰੇ ਲਈ ਆਪਣੀਆ ਦਲੀਲਾਂ ਦੇਣੀਆਂ। ਏਥੇ ਜਾਪਦਾ ਏ ਮੀਆਂ ਜੀ ਦੇ ਗੱਲਬਾਤ ਦੇ ਪੈਂਤੜੇ ਤੇ ਟੋਕ ਏ "ਤਕ਼ਰੀਰ"। ਉਹ ਉਂਜ ਤਾਂ ਖ਼ੁਤਮ ਦੁਰੂਦ ਪੜ੍ਹਨ ਆਏ ਨੇਂ ਪਰ ਉਸ ਖ਼ੁਤਮ ਦੁਆ ਵਿਚ ਈ ਆਪਣਾ ਗੁੱਝਾ ਸਿਆਸੀ ਪ੍ਰਚਾਰ ਵੀ ਪਏ ਕਰੇਂਦੇ ਨੇਂ।

ਬਾਰਾਂ ਵਾਰ ਇਕੋ ਗੱਲ ਦੀ ਦੁਹਰਾਈ ਏ। ਹੁਸੈਨ ਹੁਣ ਜੀਊਂਦਾ ਤੇ ਨਹੀਂ ਕ਼ਬਰੇ ਪਿਆ ਏ ਪਰ ਜਾਪਦਾ ਏ ਕੋਈ ਰੜਕ ਕੇ ਮੌਲਵੀ ਦੇ ਅਚੇਤ ਵਿਚ ਜੋ ਓਸ ਨੂੰ ਆਪ ਵੀ ਸਮਝ ਨਹੀਂ ਪਈ ਆਂਵਦੀ ਕਿ ਮੰਗਦਾ ਕੀ ਏ ਦੁਆ।

ਵਿਚਾਰਨਾ ਪੋਸੀ ਕਿ ਹੁਸੈਨ ਦਾ ਹੋਵਣ ਕੀ ਸੀ ਜੋ ਹੁਣ ਮੌਲਵੀ ਓਸ ਦੇ ਮੁੜ ਹੋਵਣ ਤੋਂ ਡਰਦਾ ਏ। ਹੁਸੈਨ ਆਪਣੀ ਹੋਂਦ, ਆਪਣੀ ਹਸਤੀ ਦਾ ਹੋਵਣ ਸਹੀ ਕੀਤਾ ਤੇ ਮਾਣਿਆ। ਜੀਵਨ, ਜੀਵਣ ਲਈ ਆਪਣੇ ਸਾਹ ਆਪਣੀ ਮਰਜ਼ੀ ਨਾਲ ਲਏ। ਹੁਸੈਨ ਆਪਣੇ ਨਾਲ ਵੱਸਦਿਆਂ ਨੂੰ ਪਲ-ਪਲ ਹਲੂਣਿਆਂ-ਭਲਿਓ ਆਪਣਾ ਹੋਵਣ ਮਾਣੋ। ਆਪ ਜੀਵੋ ਤੇ ਸਭਨਾ ਨੂੰ ਜੀਵਾਲੋ। ਰਲ ਵੱਸੋ ਤੇ ਸੁੱਖ ਹੰਢਾਓ। ਹੁਸੈਨ ਕੋਲ ਵੰਡ ਤਾਂ ਹੈ ਈ ਨਹੀਂ ਸੀ ਕੋਈ, ਓਸ ਸਭ ਨੂੰ ਇਕ ਈ ਗਿਣਿਆ:

ਹੱਸਣ, ਖੇਡਣ ਭਾਅ ਅਸਾਡੇ, ਦਿੱਤਾ ਜੀ ਰੱਬ ਆਪ ਅਸਾਨੂੰ।

ਮੀਆਂ ਜੀ ਪਹਿਲੋਂ ਹੁਸੈਨ ਦਾ ਜ਼ਾਹਰ ਪੁਣਿਆ ਏ। ਲਾਲ ਕੱਪੜੇ, ਕਾਲੀਆਂ ਅੱਖੀਆ, ਮੱਥੇ ਵੱਟ, ਕੰਨੀਂ ਵਾਲੀਆਂ, ਮੂੰਹ, ਸਿਰ, ਭਰਵੱਟੇ ਸਭ ਸਾਫ਼ ਤੇ ਅੱਖੀਆਂ ਦੀਆਂ ਝਿਮਣੀਆਂ ਜਾਲੀਆਂ ਵਾਂਗ ਨੇਂ, ਜੇਹਨਾਂ 'ਚੋਂ ਵੇਖਦਾ ਏ। ਲਾਲ ਕੱਪੜਿਆਂ ਨਾਲ ਮੀਆਂ ਜੀ ਨੂੰ ਕੀ ਵੈਰ ਏ। ਲਾਲ ਨਹੀਂ ਪਸੰਦ ਤਾਂ ਆਪਣੀ ਦੇਹ 'ਚੋਂ ਰੱਤ ਕੱਢ ਬਾਹਰ ਵਗਾਵਣ, ਪਰ ਨਹੀਂ ਖ਼ਬਰੇ ਉਹਨਾਂ ਅੰਦਰ ਰੱਤ, ਰੱਤੀ ਹੋਵੇ ਈ ਨਾ, ਚਿੱਟੀ ਹੋ ਗਈ ਹੋਵੇ, ਤਾਹੀਓਂ ਤਾਂ ਲਾਲ ਦੀ ਪਛਾਣ ਵਿਸਰੀ ਮੀਆਂ ਜੀ ਨੂੰ। ਕੰਨਾਂ ਦੀਆਂ ਵਾਲੀਆਂ ਤੇ ਵੀ ਏਤਰਾਜ਼ ਹੈ। ਵਾਲੀਆਂ ਜੋਗੀ ਪਾਉਂਦੇ ਨੇ, ਜੋ ਜੀਵਨ ਤਿਆਗ ਵੱਖ ਹੋਂਦੇ ਨੇਂ। ਹੁਸੈਨ ਜੀਵਨ, ਜੀਵਣ ਲਈ ਜੱਗ ਤਿਆਗਿਆ ਤੇ ਵਾਲੇ ਪਾਏ। ਹੁਸੈਨ ਦੀ ਦੱਸੀ ਲੀਹੇ ਕੋਈ ਹੋਰ ਨਾ ਟੁਰ ਪਵੇ, ਹੁਸੈਨ ਦੇ ਜੋੜ ਸੁਣ ਕੋਈ ਹੋਰ ਲਾਲ ਬਾਣਾ ਨਾ ਪਾ ਲਵੇ। ਸਾਰੇ ਰਲ ਕੇ ਦੁਆ ਮੰਗੋ, ਹੁਸੈਨ ਹੋਰ ਨਾ ਹੋਵੇ। ਲਾਲ ਰੰਗ, ਜੋ ਨਾਬਰੀ ਨਾ ਨਿਸ਼ਾਨ ਬਣਿਆ, ਮੁੱਢ ਲਾ ਤੋਂ ਉਸ ਦਾ ਭੌ ਹੈ, ਮੌਲਵੀ ਦੀ ਦੁਆ ਵਿਚ।

ਦੂਜਾ ਪਵਾੜਾ ਜੋ ਮੀਆਂ ਜੀ ਨੂੰ ਦਿੱਸਦਾ ਹੈ ਉਹ ਏ ਹੁਸੈਨ ਦੀ ਕਰਨੀ। ਕੀ ਕੀਤਾ ਹੈ ਅਜੇਹਾ ਹੁਸੈਨ ਨੇ ਜੋ ਮੌਲਵੀ ਜੀ ਸਭ ਨੂੰ ਆਖਦੇ ਨੇਂ, ਦਿਲੋਂ ਦੁਆ ਮੰਗੋ ਕੋਈ ਦੂਜਾ ਹੁਸੈਨ ਨਾ ਹੋਵੇ। ਉਹ ਇਕ ਈ ਬਹੁਤ ਏ, ਜਿਸਦੀ ਕਰਨੀ ਮੀਆਂ ਜੀ ਨੂੰ ਵਾਰੇ ਨਹੀਂ। ਹੁਸੈਨ, ਮੇਲ ਵੰਡ ਮੁਕਾਈ, ਜਿਥੇ ਹਾਕਮ ਬਹਿ ਹੁਕਮ ਚਲਾਉਂਦਾ ਤੇ ਕਾਮਾ, ਹੱਥ ਬੰਨ੍ਹ ਖਲੋਤਾ ਹਰ ਵੇਲੇ ਹਾਜ਼ਰ ਏ। ਆਪਣੇ-ਪਰਾਏ ਦੀ ਨਖੇੜ ਮੁਕਾਈ ਏ, ਹੁਸੈਨ ਵਰਤਾਰੇ ਨੇਂ। ਓਪਰੇ ਘਰ ਵੜਦਿਆਂ ਯਾਂ ਜਣੇ, ਜ਼ਨਾਨਖਾਨੇ ਵਿਚ ਜਾਂਦਿਆਂ ਖੰਘੂਰਾ ਮਾਰਦੇ ਨੇਂ। ਹੁਸੈਨ ਲਈ ਸਭ ਆਪਣੇ ਨੇਂ, ਜਣੇ-ਜ਼ਨਾਨੀ ਦੀ ਆਪਣੇ-ਪਰਾਏ ਦੀ ਵੰਡ ਹੈ ਈ ਨਹੀਂ ਉਹਦੇ ਕੋਲ ਨਾ। ਨਾਂ ਈ ਉਹ ਚਾਹੁੰਦਾ ਏ ਕਿ ਉਹ ਖੰਘੂਰੇ ਤੇ ਘਰ ਬੈਠੇ ਉਹਦੀ ਆਦਰ ਲਈ ਉਠ ਖਲੋਣ। ਹੁਸੈਨ ਮਨੁੱਖ ਨੂੰ ਓਸ ਦੀ ਪੁਰਾਤਨ ਰੀਤ ਨਾਲ ਜੋੜ, ਓਸ ਦਾ ਹੋਵਣ ਮੋਹਰੇ ਕਰੇਂਦਾ ਏ। ਲੰਘਿਆਂ ਕੱਲ ਨਾ ਵਿਚਾਰੀਏ ਅੱਜ ਦੇ ਪਲ ਵਿਚ ਤੇ ਭਲਕ ਦੀ ਕਰਨੀ ਕੇਵੇਂ ਸਮਝੀਏ। ਚਾਲੂ ਵਿਹਾਰ ਦੀ ਸਾਰੀ ਕਰਨੀ ਨੂੰ ਉਲਟਾਵਣ ਹੁਸੈਨ ਦਾ ਕੰਮ ਏ।

ਹੁਣ ਮੀਆਂ ਜੀ ਆਪਣੇ ਅਸਲ ਬਿਆਨ ਤੇ ਆਏ ਨੇਂ ਜਿਸ ਲਈ ਉਹਨਾਂ ਇਤਨਾ ਕਸ਼ਟ ਕੱਟਿਆ ਏ ਕਿ ਜੋ ਲੱਭੇ ਉਹ ਪ੍ਰਤਾਵਣਾ, ਭੁੱਲੇ ਨੂੰ ਰਲਾਵਣਾ, ਸਵੇਰੇ ਨਿਕਲ ਸ਼ਾਮੀ ਮੁੜ ਆਵਣਾ ਤੇ ਤੌਬਾ-ਤੌਬਾ ਕਰ ਵੇਲਾ ਲੰਘਾਵਣਾ। ਏਸ ਸਾਰੇ ਅਮਲ ਵਿਚ ਬੰਦੇ ਦਾ ਆਪਣਾ-ਆਪ ਤੇ ਕਿਧਰੇ ਹੈ ਈ ਨਹੀਂ। ਉਹ ਮਸ਼ੀਨ ਵਾਂਗ ਕੰਮ ਕਰੀ ਜਾਂਦਾ ਏ ਸਾਰੇ ਤੇ ਕੰਮ ਵੀ ਇਹ ਅਸਲੋਂ ਕੰਮ ਤੇ ਹਨ ਈ ਕੋਈ ਨਾ, ਐਵੇਂ ਜ਼ਬਾਨ ਦੀ ਗੱਲ-ਬਾਤ ਏ ਸਾਰੀ। ਤੇ ਉਹ ਹੁਸੈਨ ਜੋ ਕਰਨੀ ਦੀ ਦੱਸ ਪਾਵੇ ਤੇ ਕਰਨਹਾਰਾਂ ਪੱਖੋਂ ਬੋਲੇ ਓਸ ਲਈ ਦੁਆ ਮੰਗੋ ਹਰ ਸਾਹ ਨਾਲ ਕਿ ਨਾ ਈ ਹੋਵੇ ਮੁੜ ਕੇ।

ਹੁਸੈਨ ਦਾ ਹੱਸਣ ਰੋਵਣ, ਨਵੇਕਲਾ ਦਿੱਸਦਾ ਏ, ਮੌਲਵੀ ਜੀ ਨੂੰ, ਪਰ ਉਸ ਦਾ ਇਹ ਅਮਲ ਪਰਖ-ਜੋਗ ਏ। ਹੱਸਣ ਤੇ ਰੋਵਣ ਦੋ ਵੱਡੇ ਅਹਿਸਾਸ ਨੇਂ ਪਰ ਇਹਨਾਂ ਅਹਿਸਾਸਾਂ ਨੂੰ ਮਹਿਸੂਸ ਕਰਨ ਲਈ ਬੰਦੇ ਦੇ ਅੰਦਰ ਏਸ ਹਿਸ ਦਾ ਹੋਵਣ ਵੀ ਜ਼ਰੂਰੀ ਏ। ਖ਼ੁਸ਼ੀ ਤੇ ਗ਼ਮ ਦੇ ਕਾਰਨ ਕੀ ਨੇਂ, ਉਹਨਾਂ ਦੀ ਪੜਚੋਲ ਕਰ ਈ ਹੁਸੈਨ ਅਲੀਂਦਾ ਏ ਨਾ.....

"ਮਾਏ ਨੀ ਮੈਂ ਭਈ ਦੀਵਾਨੀ, ਦੇਖ ਜਗਤ ਮੇਂ ਸ਼ੋਰ॥"

ਜੋ ਲੱਭਦਾ ਏ, ਹੁਸੈਨ ਸਭ ਨਾਲ ਸਾਂਝਾ ਕਰਦਾ ਏ। ਤਲੀ ਤੇ ਧਰ ਵਖਾਉਂਦਾ ਏ ਤੇ ਖ਼ਾਲੀ ਬੁੱਕ ਲਕੋਂਦਾ ਏ। ਇਹ ਵੀ ਵਿਹਾਰ ਦੇ ਤੌਰ ਤੇ ਉਲਟ ਕਰਨੀ ਏ, ਹੁਸੈਨ ਦੀ। ਲੱਭਿਆ ਲਾਲ ਤਾਂ ਲਕੋ ਲਿਆ ਜਾਂਦਾ ਏ। ਹੁਸੈਨ ਦੀ ਦੌਲਤ ਲਾਲ ਨਹੀਂ ਸੱਖਮ-ਸੱਖਣਾ ਹੋਵਣ ਏ, ਸ਼ੁੰਨਯ ਆਖ ਲਵੋ ਭਾਵੇਂ। ਹੁਸੈਨ ਹਰ ਵੇਲੇ ਬਾਲ ਬਣ ਖੇਡਦਾ ਏ ਪਿਆ, ਜੋ ਆਪਣੀ ਮਨ-ਮਰਜ਼ੀ ਨਾਲ ਹੱਸਦਾ, ਰੋਂਦਾ ਏ। ਲਾਲਾਂ ਦਾ ਮੁੱਲ ਮੰਡੀ ਵਾਲੇ ਜਾਨਣ, ਹੁਸੈਨ ਨੂੰ ਕੀ ਪਤਾ। ਉਹ ਜੋ ਹਮੇਸ਼ਾ ਸੱਖਣੇ ਹੱਥੀਂ ਖੇਡਿਆਂ ਓਸ ਲਈ ਮੀਆਂ ਜੀ ਸਭ ਦੇ ਹੱਥ ਚਾ ਕੇ, ਵਿਚ ਦੁਆ ਦੇ ਲਾਲ ਪਏ ਨੇਂ ਰਖੇਂਦੇ ਕਿ ਹੋਰ ਹੁਸੈਨ ਨਾ ਹੋਵੇ। ਮੀਆਂ ਜੀ ਨੂੰ ਨਹੀਂ ਸਮਝ ਜੋ "ਹੋਰ ਹੁਸੈਨ" ਹੋਵਣਾ ਈ ਕੋਈ ਨਹੀਂ "ਹੋਰ" ਦੀ ਓਪਰ ਮੁੱਕਣੀ ਏ ਤਾਂ ਓਸ ਹੁਸੈਨ ਈ ਹੋ ਜਾਵਣਾ ਏ। ਮੁੜ ਹੋਰ ਤਾਂ ਰਹਿਣਾ ਈ ਕੋਈ ਨਹੀਂ ਤੇ ਨਾਲ ਇਹ ਕੀ "ਰੱਬ ਕਰੇ" ਕਿ ਮੀਆਂ ਜੀ ਇਹ ਆਖਣ ਮੰਗਦੇ ਨੇਂ ਜੋ ਹੁਸੈਨ ਬਿਨਾਂ ਰੱਬ ਦੀ ਮਰਜ਼ੀ ਦੇ ਹੋਇਆ ਏ ਤੇ ਹੁਣ ਰੱਬ ਦੀ ਰਜ਼ਾ ਏ ਜੋ ਹੋਰ ਹੁਸੈਨ ਨਾ ਹੋਵੇ। ਇਹ ਰੱਬ ਕੇਹੜਾ ਏ ਮੀਆਂ ਜੀ ਦਾ? ਯਾਂ ਮੀਆਂ ਜੀ ਆਪ ਈ ਰੱਬ ਵਲੋਂ ਹੋ ਪਏ ਬੋਲਦੇ ਨੇਂ। ਰੱਬ ਜੋ ਕਰਨਾ ਏ, ਉਹ ਤੇ ਕਰਨਾ ਈ ਏ, ਮੀਆਂ ਜੀ ਤੋਂ ਪੁੱਛ ਕੇ ਤਾਂ ਨਹੀਂ ਨਾ ਕਰਨਾ। ਰੱਬ ਚਾਹਵੰਦਾ ਸੀ ਤੇ ਹੁਸੈਨ ਹੋਇਆ, ਅੱਗੋਂ ਵੀ ਓਸ ਨੂੰ ਰੱਬ ਆਪ ਈ ਜੀਵੰਦਿਆਂ ਰੱਖਿਆ ਏ।

ਦਿਨ ਅਸਾਂਝ ਦਾ ਨਿਸ਼ਾਨ ਏ, ਸੋ ਲੀਰੋ-ਲੀਰ ਏ। ਹੁਸੈਨ ਓਸ ਅਸਾਂਝ ਦਿਨ ਦੀਆਂ ਕਤਰਾਂ, ਰਾਤ ਸਾਂਝ ਵਿਚ ਗੰਢਦਾ ਏ। ਗੰਢਣਾ, ਰਿਸ਼ਤਾ ਬਣਾਵਣਾ ਈ ਏ। ਦਿਨ ਵੇਲੇ, ਰਾਤ ਨੂੰ ਪਰਾਤ ਵਿਚ ਰੱਖ ਕੇ ਗੁੰਨ੍ਹਦਾ ਏ। ਗੁੰਨ੍ਹਣ, ਹੈ ਈ ਇਕਮਿਕ ਕਰਨ, ਜੇਵੇਂ ਸਵਾਣੀਆਂ ਆਟਾ ਗੁੰਨ੍ਹਦੀਆ ਨੇਂ, ਅੰਨ-ਪਾਣੀ ਇਕ ਹੋ, ਰੋਟੀ ਪੱਕਦੀ ਏ। ਹੁਸੈਨ ਕੁੱਲ ਭੁੱਖੀ ਲੋਕਾਈ ਦੇ ਭੁੱਖ ਦਾ ਉਪਾਅ ਕਰਨ ਟੁਰਿਆ ਏ, ਸੋ ਦਿਨ ਤੇ ਰਾਤ ਨੂੰ ਉਲਟਾ ਕੇ ਅਸਲ ਕੰਮ ਤੇ ਲਾਂਵਦਾ ਏ ਪਿਆ। ਕਤਰਾਂ ਤੋਂ ਧਿਆਨ ਦਰਜੀ ਵੱਲ ਵੀ ਜਾਂਵਦਾ ਏ, ਖ਼ਬਰੇ ਦਿਨ ਦੇ ਨੰਗੇ ਕੀਤਿਆਂ ਨੂੰ ਰਾਤ ਵਿਚ ਕਤਰਾਂ ਜੋੜ, ਕੱਜਣ ਦਾ ਤਰਲਾ ਪਿਆ ਮਾਰਦਾ ਏ। ਭੁੱਖ-ਨੰਗ ਦਾ ਉਪਾਅ ਕਰਦਾ ਏ, ਹੁਸੈਨ। ਤਾਂ ਕੀ ਭੈੜ ਏ ਏਸ ਵਿਚ। ਇਹ ਗੱਲ ਕਰਦਿਆਂ ਈ ਲੱਗਦਾ ਏ ਮੀਆਂ ਜੀ ਨੂੰ ਕਿ ਹੁਸੈਨ ਦੇ ਔਗਣ ਗਿਣਦੇ-ਗਿਣਦੇ ਉਹ ਗੁਣ ਈ ਨਹੀਂ ਗਿਣ

ਗਏ। ਮੁੜ ਆਪਣੇ ਰੀਤਲ ਪੈਂਤੜੇ ਵੱਲ ਪਰਤਦੇ ਨੇਂ, ਆਮ ਰੱਟੀ ਹੋਈ ਰੋਜ਼ ਕੀਤੀ ਤਕ਼ਰੀਰ ਦੇ ਜੁਮਲੇ। ਖਾਵਣ-ਪਾਵਣ ਹੱਕ਼ ਦਾ ਹੋਵੇ, ਓਹੀ ਹੱਕ਼ ਏ, ਜੋ ਜੱਗ ਨੂੰ ਪਸੰਦ ਏ। ਬੋਲਣ-ਤੋਲਣ ਹੱਕ ਦਾ ਹੋਵੇ, ਜੋ ਆਵੇ ਸੋ ਜਾਵੇ। ਜ਼ਾਤ-ਸਫ਼ਾਤ ਨੂੰ ਮੰਨਣ ਓਸ ਤੇ ਯਕੀਨ ਕਰਨ ਤੇ ਓਸ ਵੱਲ ਧਿਆਨ ਹੋਵਣ ਈ ਅਸਲ ਕੰਮ ਏ।

ਮੀਆਂ ਜੀ ਨੂੰ ਕੌਣ ਪੁੱਛੇ "ਹੱਕ਼" ਕੀ ਏ? ਹੱਕ਼ ਤਾਂ ਹੈ ਆਪਣੀ ਲੋੜ ਤੇ ਲੋੜੋਂ ਵੱਧ ਜੋ ਵੀ ਜਮ੍ਹਾ-ਜਥਾਹ ਏ, ਉਹ ਨਾ-ਹੱਕ਼ ਏ। ਜਿਸਦਾ ਓਹਲਾ ਹੁਸੈਨ ਲਾਹਵੰਦਾ ਤੇ ਵੇਖਦਾ-ਵਿਖਾਂਵਦਾ ਏ। ਮੀਆਂ ਜੀ ਪੁਰਾਣੀਆ ਘੜੀਆਂ-ਘੜਾਈਆਂ ਗੱਲਾਂ ਪਵੇ ਕਰਦੇ ਨੇਂ ਪਰ ਇਹਨਾਂ ਲਫ਼ਜ਼ਾਂ ਦੇ ਅੰਦਰ ਈ ਆਪਣਾ ਉਲਟਾਅ ਵੀ ਮੌਜੂਦ ਏ। ਮੌਲਵੀ ਸਾਹਿਬ ਦੀ ਆਪਣੇ ਅੰਦਰ ਦੀ ਦੁਈ ਪਈ ਬੋਲਦੀ ਏ, ਸਾਰਿਆਂ ਬੋਲਾਂ ਅੰਦਰ। ਖ਼ੁਤਮ ਜੁਮੇਰਾਤ ਦੀ ਦੁਆ ਜਾਂ ਹੁਸੈਨ ਦੀ ਯਾਦ ਲਈ ਨਹੀਂ ਪਏ ਕਰਵਾਂਦੇ, ਸਗੋਂ ਉਸ ਦੇ ਮੁਕੰਮਲ ਖਾਤਮੇ ਲਈ ਏ। ਤੇ ਸਭ ਨੂੰ ਇਕ ਆਵਾਜ਼ ਨਾਲ ਆਖਣ ਲਈ ਵੰਗਾਰਦੇ ਨੇਂ, ਜੇਵੇਂ ਸਿਆਸੀ ਜਲਸਿਆਂ ਅੰਦਰ ਤਕ਼ਰੀਰ ਦੇ ਵਿਚ ਨਾਅਰੇ ਨਹੀਂ ਵੱਜਦੇ...ਹੁਸੈਨ ਸਾਰਾ ਜੀਵਨ ਲੋਕਾਈ ਦੀ ਸੁਰਤ, ਜਗਾਉਂਦਿਆਂ, ਨੱਚਦਿਆਂ ਲੰਘਾਈ। ਰਾਤ ਦੀ ਇਕਾਈ ਨੂੰ ਦਿਨ ਵੇਲੇ ਲੋਕਾਈ ਦੀ ਸੁਰਤ ਵਿਚ ਰਲਾਇਆ। ਦਿਨ ਵੇਲੇ ਆਪਣਾ ਕੰਮ ਨਾ ਛੱਡਿਆ ਤੇ ਵਿਹਾਰੀ ਆਹਰੇ ਨਾ ਲੱਗਾ। ਪਰਾਤ ਸਾਂਝ ਦਾ ਨਿਸ਼ਾਨ ਏ, ਰਲ ਖਾਵਣ ਦਾ। ਅਸਾਂਝ ਵੇਲੇ ਵਿਚ ਸਾਂਝ ਦਾ ਫ਼ਲਸਫ਼ਾ ਸਮਝਾਂਵਦਾ ਏ ਪਿਆ ਹੁਸੈਨ। ਅੰਦਰ ਮੌਲਵੀ ਸਾਹਿਬ ਦੀ ਤਕ਼ਰੀਰ ਜਾਰੀ ਏ ਤੇ ਬਾਹਰ ਢੋਲੀ, ਢੋਲ ਰਾਸ ਪਏ ਕਰੇਂਦੇ ਨੇਂ। ਉਹਨਾਂ ਨੂੰ ਹੁਸੈਨ ਦੀ ਸਮਝ ਜੋ ਰਲੀ ਏ ਉਹ ਹੋਰ ਏ। ਉਹ ਗਾ, ਵਜਾ ਕੇ ਮਨ-ਪ੍ਰਚਾਵ ਸਨ। ਅੰਦਰ-ਬਾਹਰ ਦੀ ਵਿੱਥ ਵੀ ਤੇ ਹੋਂਦੀ ਏ ਨਾ, ਜੇਵੇਂ ਦਰਬਾਰ ਦੇ ਅੰਦਰ ਖ਼ੁਤਮ ਪੜ੍ਹਿਆ ਜਾਂਦਾ ਏ ਪਿਆ ਤੇ ਬਾਹਰਵਾਰ ਗਾਵਣ, ਵਜਾਵਣ ਤੇ ਨੱਚਣ ਵਾਲੇ ਤਿਆਰ ਖਲੋਤੇ ਨੇਂ। ਬਾਹਰ ਵਾਲਿਆਂ ਨੂੰ ਅੰਦਰਦਿਆਂ ਦੀ ਸਾਰ ਨਹੀਂ ਤੇ ਅੰਦਰ ਵਾਲੇ ਬਾਹਰ ਤੋਂ ਅਨਜਾਣ ਨੇਂ। ਹੁਸੈਨ ਕਿੱਥੇ....?

***

# ਨਾਂ

ਪਹਿਲੋਂ ਮੁੰਡਾ ਕੁੜੀ ਜੋ ਹੋਣਾ ਏ ਹੋ ਤਾਂ ਲਏ
ਫੇਰ ਨਾਂ ਵੀ ਰੱਖ ਲਿਓ
ਤੁਹਾਨੂੰ ਬੱਚੀ ਬੱਚਾ ਚਾਹੀਦਾ ਏ ਕਿ ਨਾਂ ਚਾਹੀਦਾ ਏ
ਜੰਮਣ ਵਾਲਾ ਤੁਹਾਡੇ ਘਰ ਕੋਈ ਸੰਨ੍ਹ ਨਹੀਂ ਮਾਰਨ ਲੱਗਾ
ਪਈ ਓਹਦੇ ਨਾਂ ਦੀ ਰਪਟ ਲਿਖਾਣੀ ਪੈ ਜਾਏ
ਨਾਵਾਂ ਦਾ ਕੋਈ ਓੜਕ ਨਹੀਂ
ਕੋਈ ਪਿਛਲੇ ਮੁੜ ਮੁੜ ਰੱਖਦੇ ਨੇਂ
ਕੋਈ ਘੜ ਘੜ ਨਵੇਂ ਬਣਾਉਂਦੇ ਨੇਂ
ਕੋਈ ਨਵਿਆਂ ਨੂੰ ਪਿਛਲਿਆਂ ਨਾਲ ਰਲਾਂਵਦੇ ਨੇਂ
ਤੁਸੀਂ ਵੀ ਆਪਣਾ ਜੋ ਵਾਹ ਲੱਗਾ ਲਾਇਓ
ਪਹਿਲੋਂ ਵੇਖੋ ਰੱਬ ਕੀ ਕਰਦਾ ਏ

*(ਕਾਫ਼ੀਆਂ-ਸਫ਼ਾ 51)*

ਇਕ ਸਾਦੀ ਜੇਹੀ ਆਮ ਵਾਪਰੀ ਏ ਹਰ ਘਰ ਦੀ ਏਸ ਨਜ਼ਮ ਵਿਚ। ਬਾਲ ਜੰਮਣ ਤੋਂ ਪਹਿਲੋਂ ਈ ਇਕ ਬਹਿਸ ਛਿੜ ਪੈਂਦੀ ਏ ਕਿ “ਨਾਂ” ਕੀ ਰੱਖਣਾ ਏ ਬਾਲ ਦਾ। ਏਸ ਜੋੜ ਨੇਂ ‘ਨਾਂ’ ਦਾ ਇਕ ਹੋਰ ਪੱਖ ਮੋਹਰੇ ਕੀਤਾ ਏ ਕਿ ਨਾਂ ਰੱਖਣ ਦੀ ਕਾਹਲ ਹੈ ਕਿਉਂ? ਪਹਿਲੋਂ ਮੁੰਡਾ, ਕੁੜੀ ਹੋ ਜਾਏ, ਫੇਰ ਨਾਂ ਰੱਖੋ। ਬਾਲ ਦੀ ਲੋੜ ਏ ਯਾਂ ਨਾਂ ਦੀ? ਜੰਮਣ ਵਾਲੇ ਜੰਮਦਿਆਂ ਈ ਕੋਈ ਚੋਰ, ਡਕੈਤ ਤਾਂ ਨਹੀਂ ਬਣ ਜਾਵਣਾ ਕਿ ਥਾਣੇ ਰਪਟ ਦੀ ਲੋੜ ਲਈ ਨਾਂ ਜ਼ਰੂਰੀ ਏ। ਨਾਂ ਦਾ ਤੇ ਰੌਲਾ ਈ ਕੋਈ ਨਹੀਂ। ਕੋਈ ਪਿਛਲੇ ਨਾਂ ਰੱਖਦਾ ਏ, ਕੋਈ ਨਵੇਂ ਬਣਾਉਂਦਾ ਏ, ਕੋਈ ਨਵੇਂ-ਪੁਰਾਣੇ ਰਲਾ ਕੇ ਰੱਖਦਾ ਏ। ਜੋ ਵੀ ਚਾਹੋ ਕਰੋ ਪਰ ਪਹਿਲੋਂ ਕੁਦਰਤ ਦੀ ਕੀਤੀ ਤਾਂ ਵੇਖੋ... ਨਾਂ ਹੈ ਕੀ? ਨਾਂ ਦੀ ਇਤਨੀ ਲੋੜ ਕਿਉਂ ਏ? ਮੁੱਢਲੀਆਂ ਪੁੱਛਾਂ ਤਾਂ ਇਹੀ ਬਣਦੀਆ ਨੇਂ। ਵਸੇਬੀ ਸ਼ਨਾਖ਼ਤ ਏਂ ਨਾਂ, ਪਛਾਣ ਏ ਵੱਖਰੇਵੇਂ ਦੀ। ਬਾਲ ਕੁਦਰਤ ਦੀ ਤਖ਼ਲੀਕ ਏ, ਜੋ ਅਮੁੱਲ ਏ। ਵਿਹਾਰ ਵਾਲੇ ਓਸ ਦਾ ਨਾਂ ਰੱਖ ਕੇ ਨਾਂ ਦੇ ਨਾਲ ਨਾਵਾਂ ਜੋੜ ਕੇ ਮੁੱਲ ਪਾਵਣ ਮੰਗਦੇ ਨੇਂ।

ਚਾਲੂ ਵਿਹਾਰ ਜੋ ਨਫ਼ਾ-ਕੁਨਫ਼ੇ ਦੇ ਸਿਰ ਉਸਰਿਆ। ਹਰ ਨਵੇਂ ਆਵਣ ਵਾਲੇ ਨੂੰ ਨਾਂ ਵਿਚ ਬੰਨ੍ਹ ਕੇ ਵਰਤਣਾ ਚਾਹੁੰਦਾ ਏ। ਮੁੰਡੇ ਕੁੜੀ ਦਾ ਰੌਲਾ ਨਹੀਂ ਏ। ਰੌਲਾ ਤਾਂ ਹੈ ਨਾਵੇਂ ਦਾ। ਕੁਦਰਤ ਦੀ ਕੀਤੀ ਉਤੇ ਆਪਣਾ ਵਪਾਰੀ ਠੱਪਾ ਲਾ ਕੇ ਮਹਿੰਗਾ ਵੇਚਣ ਦਾ। ਮਾਪਿਆਂ, ਅੰਗਾਂ, ਸਾਕਾਂ ਅੰਦਰ ਕੋਈ ਅਚੇਤਾ ਡਰ ਲੁਕਿਆ ਹੋਂਦਾ ਏ, ਨਵੇਂ ਜੰਮਣ ਵਾਲੇ ਤੋਂ ਓਸ ਜੰਮਦੇ ਤੋਂ ਇਹ ਹੱਕ ਈ ਖੋਹ ਲਿਆ ਜਾਂਦਾ ਏ ਕਿ ਉਹ ਆਪ ਆਪਣੀ ਸ਼ਨਾਖ਼ਤ ਬਣਾਵੇ। ਆਪਣੀ ਖੁੱਲ੍ਹ ਹੋਂਦ ਮਾਣੇ। ਆਪਣੀ ਹਸਤੀ ਆਪ ਵਿਚਾਰੇ, ਉਸਾਰੇ। ਜੰਮਦਿਆਂ ਈ ਨਾਂ ਦੇ ਕੇ ਓਸ ਨੂੰ ਵਸੇਬੀ ਵਡਿਆਈ ਦਿੱਤੀ ਜਾਂਦੀ ਏ। ਅੰਦਰ ਲੁਕਿਆ ਡਰ ਈ ਹੋਂਦਾ ਏ ਬਾਲ ਤੋਂ, ਖ਼ੁਸ਼ੀ ਵਿਚ ਵਲ੍ਹੇਟਿਆਂ ਹੋਇਆ। ਨਾਂ, ਨਵਾਂ ਹੈ ਜਾਂ ਪੁਰਾਣਾ, ਭਾਵੇਂ ਨਵੇਂ-ਪੁਰਾਣੇ ਦਾ ਰਲਾ। ਕੰਮ ਇਕੋ ਏ ਨਾਂ ਦਾ, ਬਾਂਧ, ਜੀਊਂਦੀ ਆਜ਼ਾਦ ਹਸਤੀ ਦਾ ਪਿੰਜਰਾ ਆਖੋ ਭਾਵੇਂ। ਨਾਂ ਦਾ ਖ਼ੂਹ-ਖਾਤਾ ਜੰਮਦਿਆਂ ਅਜਿਹਾ ਖੁੱਲ੍ਹਦਾ ਏ ਜੋ ਮਰਨ ਪਿੱਛੋਂ ਵੀ ਮੁੱਕਦਾ ਨਹੀਂ। ਨਾਂ ਤਾਂ ਰੱਬ ਨੇ ਆਪ ਸਿਖਾਏ, ਸ਼ੈਵਾਂ ਦੇ ਆਦਮ ਨੂੰ। ਇਲਮ ਦਿੱਤਾ, ਸੁਰਤ ਦਿੱਤੀ, ਤਾਂ ਜੋ ਕਸਰਤ ਵਿਚੋਂ ਵਹਿਦਤ ਪਛਾਣੇ। ਪਰ ਨਾਂ ਦੀ ਪਛਾਣ ਰਹਿ ਗਈ ਤੇ ਇਕਾਈ ਦੀ ਸੁਰਤ ਗਵਾਚ ਗਈ।

***

# ਅਯਾਣੇ

ਮੈਂ ਕੱਚ ਤੋੜ ਤੋੜ ਕੇ ਢੇਰੀ ਕੀਤਾ
ਫੇਰ ਟੋਟੇ ਜੋੜ ਜੋੜ ਦਲਾਨ, ਚਬਾਰੇ ਪਾਏ
ਫੇਰ ਰੋਲ ਫੋਲ ਕੇ ਸਭ ਕੁਝ ਕੂੜਾ ਕੀਤਾ
ਤੂੰ ਕੱਚ ਵਿਚ ਵੜ ਜਾ
ਕੱਚ ਨੂੰ ਮੁੜ ਕੇ ਗਾਲ
ਗਾਲ ਕੇ ਫੇਰ ਪਕਾ
ਪਕਾ ਕੇ ਚੂੜਾ ਕਰ ਲੈ।

*(ਕਾਫ਼ੀਆਂ-ਸ.ਫ਼ਾ 55)*

ਅਯਾਣਿਆਂ ਦੀ ਖੇਡ ਹੈ, ਸਿਆਣਿਆਂ ਦੀ ਸਮਝ ਲਈ ਖ਼ਬਰੇ। ਅਯਾਣੇ, ਭੋਲੇ ਬਾਲ ਖੇਡਦੇ ਨੇਂ ਟੁੱਟੀਆਂ ਕੱਚ ਵੰਗਾਂ ਨਾਲ। ਉਹਨਾਂ ਨੂੰ ਜੋੜ ਕੇ ਘਰ ਬਣਾਉਂਦੇ, ਢਾਉਂਦੇ ਨੇਂ। ਅੱਗੇ ਗੱਲ ਵੱਡਿਆਂ ਦੀ ਏ ਕਿ ਕੱਚ ਨੂੰ ਮੁੜ ਵਰਤਣਾ ਕੇਵੇਂ ਹੈਂ। ਕੱਚ ਨੂੰ ਗਾਲ ਕੇ, ਪਕਾ ਕੇ ਮੁੜ ਚੂੜਾ ਬਣਾਉਂਣਾ ਏ। ਚੂੜਾ ਅੱਧੀ ਬਾਂਹ ਤੇ ਪੈਂਦਾ ਏ। ਰੀਤ-ਰਿਵਾਜ ਵਾਂਗ ਪਾਉਂਦੀਆ ਨੇ ਸਵਾਣੀਆਂ। ਸਵਾਣੀ ਦੇ ਹੱਥ ਨੂੰ ਬੰਨ੍ਹਣ ਦਾ ਨਿਸ਼ਾਨ ਵੀ ਏ ਚੂੜਾ, ਕ਼ੈਦ ਦਾ। ਹੱਥ ਕਰਨਹਾਰ ਨੇਂ, ਕਰਨਹਾਰ ਦੀ ਕਰਨੀ ਉਤੇ ਕੰਟਰੋਲ ਵੀ ਹੈ ਚੂੜਾ। ਵੇਖਣ ਨੂੰ ਤਾਂ ਸ਼ਿੰਗਾਰ ਲਈ ਪਰ ਅਸਲੋਂ ਬੜਾ ਬਰੀਕ ਜਾਲ ਏ ਬਾਂਧ ਦਾ।

ਕੱਚ, ਆਪਣੇ ਕੱਚ ਪਾਰੋਂ ਈ ਟੁੱਟਦਾ ਏ। ਮੁੜ ਗਾਲ ਪਕਾ ਕੇ ਵੀ ਓਸ ਦਾ ਕੱਚ, ਪੱਕਦਾ ਨਹੀਂ ਤੇ ਸਗੋਂ ਓਹੀ ਚੂੜਾ ਬਣ ਉਸੇ ਕੰਮ ਲੱਗਦਾ ਏ, ਜਿਸ ਤੋਂ ਭੱਜਾ ਸੀ।

"ਕਾਫ਼ੀਆਂ" ਕਿਤਾਬ ਦੀ ਸ਼ਾਇਰੀ ਵਿਚ ਕਾਫ਼ੀ ਗੀਤ ਦਾ ਉਲਟਾ ਵੀ ਨਾਲੋਂ-ਨਾਲ ਪਿਆ ਟੁਰਦਾ ਏ। "ਮੈਂ" ਤੇ "ਤੂੰ" ਦਾ ਮੌਜ਼ੂਅ ਕਾਫ਼ੀ ਗੀਤ ਦਾ ਇਕ ਵੱਡਾ ਖਲਾਰਵਾਂ ਪੱਖ ਏ। ਮੈਂ ਦੀ ਨਾਂਹੀ ਤੇ ਤੂੰ ਦੀ ਆਹੀ, ਕੁੱਲ ਇਕਾਈ ਦਾ ਸਹੀ ਹੋਵਣ ਏ। ਏਸ ਜੋੜ ਵਿਚ "ਮੈਂ" ਨੇ ਖੇਡ ਖੇਡੀ ਏ ਪਹਿਲੋਂ, ਮੁੜ "ਤੂੰ" ਨੂੰ ਸੈਂਨਤਰ ਕੀਤੀ ਏ ਕਿ ਇਹ ਕਰ। ਮੈਂ ਤੇ ਤੂੰ ਦੀ ਸਾਂਝ ਏਸ ਖੇਡ ਤੇ ਕੰਮ ਵਿਚੋਂ ਅਲੋਪ ਏ। ਸੋ

ਨਾ ਖੇਡ, ਖੇਡ ਏ ਨਾ ਕੰਮ, ਕੰਮ ਏ। ਆਸਾਂ, ਉਮੰਗਾਂ, ਸਧਰਾਂ ਦਾ ਚੱਕਰ ਬਾਲਪਨ ਤੋਂ ਟੁਰਦਾ ਏ, ਅਯਾਣਿਆਂ ਦੀ ਖੇਡ ਵਿਚ। ਮੁੜ ਸਿਆਣੇ ਹੋ ਕੇ ਏਹੀ ਦਲਾਨ, ਚਬਾਰੇ ਪਾਉਂਦਿਆਂ ਉਮਰ ਲੰਘ ਜਾਂਦੀ ਏ। ਅਯਾਣਿਆਂ ਦਾ ਕੱਚ ਸਿਆਣਿਆਂ ਹੋ ਕੇ ਵੀ ਕੱਚ ਈ ਰਹਿੰਦਾ ਏ। ਮੈਂ ਤੇ ਤੂੰ ਦੀ ਸਾਂਝ ਤੋਂ ਵੱਖ ਈ ਰੱਖਦਾ ਏ। ਬਾਲਪਨ ਦੀ ਮੈਂ ਸਿਆਣ ਈ, ਤੂੰ ਨੂੰ ਓਸ ਆਹਰੇ ਲਾਂਵਦੀ ਏ ਜੋ ਵਿਹਾਰ ਨੇ ਜੰਮਦਿਆਂ ਓਸ ਦੇ ਕੰਨੀਂ ਪਾਇਆ, ਅੱਖੀਂ ਵਖਾਇਆ ਏ।

***

## ਸਵਾਲ

ਵੇ ਕੋਈ ਅੱਖੀਆਂ ਵਾਲਾ
ਕਿਸੇ ਭਾਗਾਂਭਰੀ ਦਾ ਜਾਇਆ ਵੇ
ਮੈਨੂੰ ਰਾਹੇ ਪਾਇਓ
ਲਓ ਮਾਂ ਜੀ ਦੱਸੋ ਕਿੱਥੇ ਜਾਣਾ ਏ
ਵੇ ਪੁੱਤ ਤੇਰੇ ਵੱਸਣ ਦਵਾਰੇ
ਤੈਨੂੰ ਅੱਲ੍ਹਾ ਨਬੀ ਦਾ ਸਾਇਆ ਵੇ
ਤੇਰੇ ਜਗਣ ਮਨਾਰੇ
ਵੇ ਤੂੰ ਨੈਣ ਪਰਾਣਾ ਵਾਲਾ ਹੋ ਕੇ ਮੈਨੂੰ ਪੁੱਛਨਾ ਏਂ
ਤੇ ਮੈਂ ਅੰਨ੍ਹੀ ਹੋ ਕੇ ਤੈਨੂੰ ਦੱਸ ਕੀ ਦੱਸਾਂ

*(ਕਾਫ਼ੀਆਂ - ਸਫ਼ਾ 61)*

ਸਵਾਲ ਦੇ ਦੋ ਰੂਪ ਉਘੜਦੇ ਨੇਂ, ਏਸ ਨਜ਼ਮ ਨੂੰ ਪੜ੍ਹਿਆਂ। ਇਕ ਸਵਾਲ ਹੈ ਤਰਲਾ, ਮਿੰਨਤ, ਕੋਈ ਮਦਦ ਮੰਗਣਾ, ਕਿਸੇ ਤੋਂ ਆਸ ਰੱਖਣਾ। ਮਾਈ ਤਰਲਾ ਲਿਆ ਏ ਕਿ ਕੋਈ ਅੱਖੀਆਂ ਵਾਲਾ ਹੈ, ਕਿਸੇ ਨੇਕ ਮਾਂ ਦਾ ਜੰਮਿਆ, ਜੋ ਮੈਨੂੰ ਰਾਹੇ ਪਾਵੇ। "ਵੇ" ਅਪਣੇਤ ਤੇ ਨੇੜ ਪਾਰੋਂ ਬੋਲਿਆ ਜਾਂਦਾ ਏ। ਮਾਈ ਕਿਸੇ ਸੜਕ ਜਾਂ ਪੇਹੇ ਤੇ ਖਲੋਤੀ ਕਿਸੇ ਆਪਣੇ ਦੀ ਉਡੀਕ ਵਿਚ ਏ ਜੋ ਓਸ ਦੇ ਰਾਹ ਤੇ ਮੰਜ਼ਿਲ ਦਾ ਜਾਣੂੰ ਹੋਏ। ਇਕ ਗੱਭਰੂ ਆ ਪੁੱਛਿਆ ਏ "ਲਓ ਮਾਂ ਜੀ ਦੱਸੋ ਕਿੱਥੇ ਜਾਣਾ ਏ" ਇਹ ਸਵਾਲ ਦਾ ਦੂਜਾ ਰੂਪ ਏ, ਜਿਸ ਵਿਚ ਕੋਈ ਪੁੱਛ ਹੋਂਦੀ ਏ ਕੋਈ ਗੱਲ ਸਮਝਣ ਲਈ। ਉਹ ਅੱਖੀਆਂ ਵਾਲਾ ਏ ਜਾਂ ਸਮਝਦਾਰ ਏ ਕਿ ਉਹ ਵੇਖ ਸਕਦਾ ਏ। ਮਾਈ ਦੁਆ ਦੇ ਆਖਦੀ ਏ ਕਿ ਪੁੱਤਰ ਤੂੰ ਤੇ ਅੱਖੀਆਂ ਵਾਲਾ ਏਂ ਫੇਰ ਵੀ ਮੈਨੂੰ ਪੁੱਛਨਾ ਏਂ। ਮੈਂ ਅੰਨ੍ਹੀ ਹਾਂ, ਕੀ ਦੱਸਾਂ ਤੈਨੂੰ। ਇਕ ਨਿੱਕਾ ਜੇਹਾ ਰਾਸ ਹੈ ਇਹ ਨਜ਼ਮ। ਐਵੇਂ ਝੱਟ ਪਲ ਦੀ ਗੱਲ ਏ ਸਾਦੀ ਜੇਹੀ ਅੰਨ੍ਹੀ ਤੇ ਸੁਜਾਖੇ ਦੀ, ਪਰ ਸੋਚ ਨੂੰ ਆਪਣੇ ਵੇਲੇ ਵਿਚ ਖਲਿਆਰ ਸਾਵਧਾਨ ਪਈ ਕਰਦੀ ਏ।

"ਕਾਫ਼ੀਆਂ" ਕਿਤਾਬ ਛਪਣ ਵੇਲਾ 1965 ਈ: ਦਾ ਏ। ਜਦ ਰਾਸਵਾਲੀ ਨੇ ਉਥਲਕਾਰੀ ਨੂੰ ਦਬਾ ਕੇ ਮੁੜ ਆਪਣੇ ਪੱਕੇ ਪੈਰ ਕੀਤੇ। ਨਜ਼ਮਾਂ, ਕਿਤਾਬ ਛਪਣ ਤੋਂ

ਪੰਜ-ਅੱਠ ਵਰ੍ਹੇ ਪਹਿਲੋਂ ਦੀਆਂ ਵੀ ਹੋ ਸਕਦੀਆਂ ਨੇਂ। ਐਵੇਂ ਝੌਲਾ ਜੇਹਾ ਪੈਂਦਾ ਏ ਜਿਵੇਂ ਮਾਈ ਪੁਰਾਣੀ ਵਾਰ ਨਾਲ ਜੁੜੀ ਕੋਈ ਉਥਲਕਾਰ ਹੋਵੇ। ਨਵੇਂ ਵੇਲੇ ਵਿਚ ਨਵੀਂ ਨਸਲ ਨੂੰ ਰਾਹ ਪੁੱਛਦੀ, ਅਸਲੋਂ ਰਾਹ ਵਖਾਂਵਦੀ ਨਾ ਹੋਵੇ ਮਤੇ। ਜਦ ਅਮਲ ਛੱਡ ਸਭ ਨਿਰਾ ਜ਼ਬਾਨੀ ਗੱਲਬਾਤ ਤੱਕ ਰਹਿ ਗਿਆ ਹੈ। ਜਾਅਲੀ ਹਸਤੀਆਂ ਤੇ ਜਾਅਲੀ ਸੋਚਾਂ ਆਪਣੇ ਅਸਲ ਐਕਸ਼ਨ ਤੋਂ ਦੁਰਾਡੀਆਂ ਗਵਾਚ ਗਈਆਂ ਨੇ। ਪਰ ਜਿਥੇ ਇਹ ਪਤਾ ਈ ਨਾ ਹੋਵੇ ਕਿ ਕਰਨਾ ਕੀ ਏ, ਓਥੇ ਕਰਨ ਦਾ ਵੇਲਾ ਤਾਂ ਕਦੀ ਆਵਣਾ ਈ ਨਹੀਂ। ਮਾਈ ਅੰਨ੍ਹੀ ਏ ਏਸ ਚਾਲੂ ਵਿਹਾਰ ਵਿਚ, ਉਂਜ ਤਾਂ ਸੁਜਾਖੀ ਏ, ਤਾਂ ਈ ਆਪਣਾ ਕੰਮ ਅਜੇ ਵੀ ਨਹੀਂ ਛੱਡਦੀ ਪਈ। ਉਹ ਵੇਖਣਾ ਚਾਹੁੰਦੀ ਏ ਉਹ ਵੇਲਾ ਜੋ ਓਸ ਆਪਣੀ ਜਵਾਨੀ ਵੇਲੇ ਤਾਂਘਿਆ, ਜਿਸ ਲਈ ਘੋਲ ਘੁਲਿਆ ਤੇ ਜਿਸ ਦੀ ਆਸ ਤੇ ਪਈ ਜੀਉਂਦੀ ਏ। ਓਸ ਪੁਰਾਣੀ ਸੁਰਤ ਨੂੰ ਨਵੀਂ ਪੀੜ੍ਹੀ ਮੋਹਰੇ ਪਈ ਧਰੇਂਦੀ ਏ। ਸੋਚੋ, ਵਿਚਾਰੋ, ਵੇਖੋ, ਅੱਖੀਆਂ ਖੋਲ੍ਹ ਕੇ, ਕੀ ਪਿਆ ਹੋਂਦਾ ਏ। ਜਿਥੇ ਇਕ ਅੰਨ੍ਹੀ ਨੂੰ ਆਪ ਤਰਲਾ ਲੈਣਾ ਪਵੇ ਕਿਸੇ ਦਾ ਕਿ ਰਾਹ ਪਾ ਦਿਓ, ਕਿਤਨੀ ਬੇਹਿਸੀ ਹੋਸੀ ਓਸ ਵਿਹਾਰ ਅੰਦਰ। ਅੰਨ੍ਹੇ ਨੂੰ ਆਪ ਵੀ ਪੁੱਛਿਆ ਜਾ ਸਕਦਾ ਏ ਕਿ ਦੱਸੋ ਕਿੱਥੇ ਜਾਣਾ ਜੇ। ਇਹ ਇਖ਼ਲਾਕੀ ਕ਼ਦਰਾਂ ਕਿਵੇਂ ਮੁੱਕ ਗਈਆਂ ਨੇ। ਏਸ ਬੀਤੀ ਵਰਤੀ ਦੀ ਪੜਚੋਲ ਵੱਲ ਈ ਸੈਂਨਤਰ ਕਰਦੀ ਏ ਮਾਈ, ਕਿ ਅੱਖੀਆਂ ਵਾਲੇ ਹੋ ਕੇ ਵੀ ਰਾਹ ਨਹੀਂ ਪਤਾ ਤੁਹਾਨੂੰ। ਏਸ ਤਰੱਕ਼ੀ ਨੇ ਤੁਹਾਨੂੰ ਅੰਨ੍ਹਿਆਂ ਕਰ ਛੱਡਿਆ ਏ ਪਰ ਕੇਵੇਂ ਸਾਰ ਹੋਵੇ ਤੁਹਾਨੂੰ ਆਪਣੀ, ਜਦ ਤੱਕ ਆਪਣੀ ਵਾਰ ਨਾ ਜਾਣੋ-ਪਛਾਣੋ। ਅਸਾਡਾ ਵੇਲਾ ਲੱਦ ਗਿਆ। ਨਵੇਂ ਵੇਲੇ, ਨਵੇਂ ਇਲਮ, ਨਵੀਂ ਸੁਰਤ ਨਾਲ ਹੁਣ ਤੁਸੀਂ ਆਪ ਰਾਹ ਬਣਾਓ।

ਇਕ ਪੜ੍ਹਤ ਇੰਜ ਵੀ ਹੋ ਸਕਦੀ ਏ ਜੋ ਮਾਈ ਕੋਈ "ਅੱਖੀਆਂ ਵਾਲਾ" ਪਈ ਲੱਭਦੀ ਏ। ਆਮ ਵਰਤਾਰੇ ਵਿਚ ਜੋ ਵੇਖ ਸਕਦਾ ਹੋਵੇ ਉਹੀ ਅੱਖੀਆਂ ਵਾਲਾ ਹੋਂਦਾ ਏ। "ਅੱਖੀਆਂ ਵਾਲਾ" ਇਕ ਖ਼ਾਸ ਬੋਲ ਏ ਜੋ ਕਿਸੇ ਨਜ਼ਰ ਵਾਲੇ ਜਾਂ ਵਿਹਾਰੀ ਜੀਵਨ ਤੋਂ ਵੱਖ ਹੋਏ, ਫ਼ਕੀਰ ਲਈ ਵਰਤੀਂਦਾ ਏ। ਉਹ ਅੱਖ ਜੋ ਜ਼ਾਹਰ ਦੇ ਓਹਲੇ ਲੁਕੀ ਅਸਲ ਹਕ਼ੀਕ਼ਤ ਨੂੰ ਵੇਖ ਸਕੇ। ਅੱਖੀਆਂ ਵਾਲਾ ਉਹ, ਜੋ ਅੱਖੀਆਂ ਦੀ ਵਰਤੋਂ ਆਪ ਕਰੇ ਨਾ ਕਿ ਜੋ ਵਖਾਇਆ ਜਾਏ ਓਸ ਤੇ ਵਸਾਹ ਕਰ ਟੁਰੀ ਜਾਵੇ।

ਕਿਸੇ ਖਾਸ ਰਾਹ ਦੀ ਟੋਹ ਵਿਚ ਏ ਮਾਈ, ਜੋ ਅੱਖੀਆਂ ਵਾਲਾ ਈ ਦੱਸ ਸਕਦਾ ਏ ਤੇ ਜਿਸ ਨੇ ਆਪ ਨੂੰ ਅੱਖੀਆਂ ਵਾਲਾ ਜਾਣ ਮਾਈ ਨੂੰ ਮੰਜ਼ਿਲ ਪੁੱਛੀ ਏ। ਮਾਈ ਨੇ ਅੰਨ੍ਹਿਆਂ ਹੋਂਦਿਆਂ ਵੀ ਓਸ ਨੂੰ ਪੂਰਾ ਸਿਆਣ ਲਿਆ ਏ ਤੇ ਓਹਦੀ ਪੂਰੀ ਹਸਤੀ ਹਾਜ਼ਰ ਕਰ ਦਿੱਤੀ ਏ ਕਿ ਤੂੰ ਘਰ ਬਾਰ ਵਾਲਾ, ਦੀਨ-ਈਮਾਨ ਵਾਲਾ ਤੇ ਨੇਕ-ਨਾਮ ਏਂ।

ਵੇ ਪੁੱਤ ਤੇਰੇ ਵੱਸਣ ਦਵਾਰੇ

ਤੈਨੂੰ ਅੱਲ੍ਹਾ ਨਬੀ ਦਾ ਸਾਇਆ ਵੇ
ਤੇਰੇ ਜਗਣ ਮੁਨਾਰੇ

ਜੋ ਹਾਜ਼ਰ ਵਿਹਾਰ ਦੀ ਲੋੜ ਏ ਓਸ ਦੀ ਦੁਆ ਮੁਕੰਮਲ ਦਿੱਤੀ ਏ ਕਿ ਜਿਸ ਨਾਂ-ਨਾਵੇਂ ਦੇ ਸਿਰ ਤੇ ਤੇਰੀ ਆਦਰ ਇੱਜ਼ਤ ਬਣੀ ਏ ਉਹ ਕ਼ਾਇਮ ਰਹਵੇ ਪਰ ਏਸੇ ਤੇਰੇ ਤੋਂ ਅੱਖੀਆਂ ਖੋਹ ਲਈਆਂ ਨੇਂ। ਹੁਣ ਖ਼ਬਰੇ ਰਾਹ ਵੇਖਣ ਦਾ ਤੇਰਾ ਵੇਲਾ ਵੀ ਲੱਦ ਗਿਆ ਏ।

***

# ਮੁਲਤਾਨ ਸ਼ਹਿਰ ਦੀ ਵਾਰ

ਰੰਗ ਰੱਤਾ ਰੰਗਾਇਆ ਈ ਯਾਰ ਅਸਾਂ ਅੱਜ ਆਪੇ
ਰੰਗ ਰੱਤੜਾ ਹੋ ਮਨ-ਮੱਤੜਾ
ਅਸਾਂ ਸਾਵੇ ਢੇਰ ਸਜਾਏ, ਵਖਾਏ ਸਾਰੇ ਜੱਗ ਨੂੰ
ਜਿਸ ਅੰਦਰ ਧੂੰ ਧੁਖਾਇਆ ਵਲਾਇਆ ਓਸ ਅੱਗ ਨੂੰ
ਪਾਏ ਚੁੰਮ ਚੁੰਮ ਅੱਗ ਦੇ ਹਾਰ ਅਸਾਂ ਅੱਜ ਆਪੇ
ਰੰਗ ਰੱਤੜਾ ਹੋ ਮਨ-ਮੱਤੜਾ
ਰੰਗ ਰੱਤੜਾ ਹੋ ਮਨ-ਮੱਤੜਾ
ਰੰਗ ਰੱਤਾ ਰੰਗਾਇਆ ਈ ਯਾਰ ਤੇ ਬਹਿਣਾ ਮੋਹਰੇ
ਪਾਉਣਾ ਨੈਣੀ ਸੁਰਮਾ ਸੂਹਾ ਵੰਜਾ ਚਿਤ ਝੋਰੇ
ਰੰਗ ਰੱਤਾ ਰੰਗਾਇਆ ਈ ਯਾਰ ਪਛਾਣੇ ਜੱਗ ਸਾਰਾ
ਹੱਕ਼ ਕਰੜਾ ਹੋ ਹੱਕ਼ ਨਿਯਾਰਾ

*(ਬਾਰ ਦੀ ਵਾਰ-ਸਫ਼ਾ 22-49)*

ਰੱਤੇ ਰੰਗ ਰੰਗੇ ਏਸ ਗਾਵਣ ਦੇ ਬੋਲਾਂ ਦਿਲ ਮੋਹ ਲਿਆ। ਪੂਰੀ ਸਮਝ ਤਾਂ ਨਾ ਰਲੀ ਪਰ ਨਾਲੋਂ-ਨਾਲ ਗਾਵਣ ਲੱਗੀ ਜਾਪੇ, ਆਪਣਾ ਗਾਵਣ ਏ। ਆਪਣਾ ਕੀ ਏ ਬੋਲ ਜਾਂ ਸੁਰ-ਤਾਲ? ਗਾਵਣ ਕਿਸ ਦਾ ਏ ਤੇ ਆਖਦਾ ਕੀ ਏ ਪਿਆ। ਆਖਦਾ ਏ ਅਸਾਂ ਅੱਜ ਆਪ ਰੱਤਾ ਰੰਗ, ਰੰਗਾਇਆ ਏ, ਅਜੇਹਾ ਰੱਤਾ ਜੋ ਮਨ ਮੋਹਣ ਵਾਲਾ ਏ। ਸਾਵੇ ਢੇਰ ਸਜਾ ਕੁੱਲ ਜੱਗ ਨੂੰ ਵਖਾਏ ਨੇਂ ਅਸਾਂ, ਪਰ ਅੰਦਰ ਜੋ ਅੱਗ ਸੀ, ਮੱਚ ਮਚਾਵਣ ਵਾਲੀ, ਓਸ ਨੂੰ ਵਲਾਉਂਦੇ ਰਹੇ, ਅੱਗੇ ਨਾ ਆਵਣ ਦਿੱਤਾ ਪਰ ਅੱਜ ਓਸੇ ਅੱਗ ਦੇ ਹਾਰ ਅਸਾਂ ਚੁੰਮ ਗਲ ਪਾ ਲਏ ਨੇਂ। ਏਸ ਲਾਲ ਰੰਗ ਅਸਾਨੂੰ ਮੋਹ ਲਿਆ ਏ। ਹੁਣ ਅਸਾਂ ਪਿੱਛੇ ਨਹੀਂ ਰਹਿਣਾ, ਅੱਗੇ ਹੋ ਟੁਰਨਾ ਏ, ਏਹੀ ਰੱਤਾ ਸੁਰਮਾ ਅੱਖੀਂ ਪਾ ਪਹਿਲੀ ਕੀਤੀ ਤੇ ਝੁਰਨ ਛੱਡ, ਅੱਗੇ ਟੁਰਨਾ ਏ। ਅਸਾਂ ਓਹ ਰੱਤਾ ਰੰਗਾਇਆ ਏ ਜਿਸ ਨੂੰ ਸਾਰਾ ਜੱਗ ਜਾਣਦਾ ਏ ਓਪਰਾ ਨਹੀਂ ਏ ਕਿਸੇ ਲਈ ਵੀ। ਇਹ ਹੱਕ਼, ਉਹ ਸੱਚ ਏ ਜੋ ਕਰਨਹਾਰ, ਵੰਡਨਹਾਰ ਏ। ਉਹ ਸੱਚ ਜੋ ਨਿਆਰਦਾ ਏ, ਪੜਚੋਲਦਾ ਏ, ਪਰਖਦਾ ਏ, ਖਰਾ-ਖੋਟਾ ਵੱਖ ਕਰੇਂਦਾ ਏ। ਰੱਤਾ-

ਰੰਗ ਨਿਸ਼ਾਨ ਏ, ਓਸ ਸੱਚ ਦਾ, ਓਸ ਕਰਨੀ ਦਾ, ਓਸ ਹੋਵਣ ਦਾ, ਜੋ ਸਾਂਝ ਵਾਸ ਏ।

ਇਹ ਗਾਉਣ, ਗਾਵਣ ਵਾਲੇ ਅੱਗ ਦੇ ਹਾਰ ਪਾਵਣ ਵਾਲੇ ਛੇ ਸੰਗੀ ਨੇ, ਰਾਵਲ, ਝੁਮਰਾ, ਜਿੰਦਲ, ਜਿੱਤਲ, ਮਾਨ ਤੇ ਸੱਤੀ। ਇਹਨਾਂ ਛਿਆਂ ਦਾ ਆਪਸੀ ਸੰਗ ਕੇਵੇਂ ਬਣਿਆ ਤੇ ਕੀ ਵਾਪਰੀ, ਜਿਸ ਪਾਸੋਂ ਇਹ ਅੱਗ ਦੇ ਹਾਰ ਪਾ ਟੁਰਦੇ ਨੇਂ, ਕੁਝ ਪਿੱਛੇ ਦੀ ਕੱਥ ਵੀ ਪੜਚੋਲਣੀ ਪੋਸੀ। ਰਾਵਲ ਸੋਭਾ ਮੱਲ ਦੀਵਾਨ ਦਾ ਪੁੱਤਰ ਏ। ਝੁਮਰਾ, ਬਹਿਬਲ ਨਾਈ ਦਾ ਪੁੱਤਰ ਏ, ਮਾੜੇ ਘਰ ਦਾ ਜੀਅ ਏ, ਦਰਸ ਪੜ੍ਹਨ ਲਈ ਪੈਸੇ ਹੈ ਨਈਂ। ਉਹ ਮਦਰਸ ਸ਼ਾਹ ਖੈਰੁੱਲਦੀਨ (ਖੈਰ-ਉਲ-ਦੀਨ) ਹੋਰਾਂ ਦੇ ਕੰਮ ਕਾਜ ਕਰਦਾ ਏ ਤੇ ਉਸਤਾਦ ਹੋਰੀਂ ਓਸ ਨੂੰ ਕਦੀਂ-ਕਦੀਂ ਸਬਕ਼ ਦੱਸ ਛੱਡਦੇ ਨੇਂ। ਦਰਸ ਤੋਂ ਝੁਮਰੇ ਕੀ ਪੜ੍ਹਨਾ ਸੀ ਓਸ ਨੂੰ ਜੀਵਨ ਦੇ ਧੱਕੇ-ਠੁਡਿਆਂ ਪੜ੍ਹਾਇਆ। ਸੰਗੀਆਂ ਨਾਲ ਲੰਮੀਆਂ ਬਹਿਸਾਂ ਕਰਦਾ ਨਾ ਹਟਦਾ ਤੇ ਜਦ ਆਪਣੀ ਪੂਰੀ ਗੱਲ ਕਰ ਲੈਂਦਾ ਤਾਂ ਕੋਈ ਹਾਸਾ-ਮਖ਼ੌਲ ਕਰ ਟਾਲ ਦੇਂਦਾ। ਆਪਣੇ ਹੀਣ ਮੇਲ ਹੋਵਣ ਦਾ ਦੁੱਖ ਤੇ ਔਕੜਾਂ ਵਿਚ ਫਾਤੇ (ਫਾਥੇ) ਸਾਹ ਅੰਦਰ ਲੁਕੋਣ ਕਾਰਨ ਉਹ ਹੱਸਦਾ ਤੇ ਸਭ ਨੂੰ ਹਸਾਉਂਦਾ। ਜਿੰਦਲ ਤੇ ਜਿੱਤਲ, ਜਿੱਲ੍ਹਰ ਗੋਤ ਦੇ ਦੋ ਮੁੰਡੇ ਪੜ੍ਹਨ ਕਾਰਨ ਮੁਲਤਾਨ ਸ਼ਹਿਰ ਆਏ ਸਨ। ਝੁਮਰੇ ਦੇ ਯਾਰ ਬਣੇ ਤੇ ਰਲ ਸਾਰਾ ਸ਼ਹਿਰ ਫਿਰਨ। ਸਰਦਾਰਾਂ ਦੇ ਪੁੱਤਰਾਂ ਦਾ ਨਾਈ ਨਾਲ ਬਹੁਤਾ ਪਿਆਰ ਵਿਹਾਰ ਨੂੰ ਵਾਰੇ ਨਹੀਂ ਸੀ। ਮੁਲਤਾਨ ਵੱਡਾ ਸ਼ਹਿਰ ਸੀ ਤੇ ਸ਼ਹਿਰ ਤਾਂ ਵੱਸਦਾ ਈ ਮੇਲ ਵੰਡ ਸਿਰ ਹੋਇਆ। ਸਿਆਣਿਆਂ ਦੇ ਉਸਾਰੇ ਏਸ ਝੂਠੇ ਉਸਰਗੇ ਨੂੰ ਅਯਾਣੇ ਕੀ ਸਮਝਣ ਜਾਨਣ। ਉਹਨਾਂ ਲਈ ਤਾਂ ਰਲ ਖੇਡਣ, ਜੀਵਨ ਏ। ਪਰ ਵਿਹਾਰ ਲਈ ਉਹਨਾਂ ਦਾ ਇਹ ਰਲਣ ਧੱੜਕਾ ਏ। ਆਪਣੇ ਧੱਕੇ ਜਾਵਣ ਦੇ ਡਰ ਪਾਰੋਂ ਈ ਤਾਂ ਕਸਬਾਂ, ਜਾਤਾਂ, ਧਰਮਾਂ, ਜੂਹਾਂ, ਮੇਲਾਂ ਦੀਆਂ ਵੰਡਾਂ ਵੰਡ ਸ਼ਹਿਰ ਉਸਰਦਾ ਏ। ਰਜਾਵਲ ਨਿੱਕਾ ਵਾਹੀਵਾਨ ਸੀ। ਪੁੱਤਰ ਨੂੰ ਪੜ੍ਹਾਵਣ ਲਈ ਭੋਇੰ ਗਹਿਣੇ ਪਾ ਮੁਲਤਾਨ ਸ਼ਹਿਰ ਆ ਵੱਸਿਆ। ਆਪਣੇ ਪੁੱਤਰ "ਮਾਨ" ਨੂੰ ਪੜ੍ਹਾ ਕੇ ਚੰਗੀ ਨੌਕਰੀ ਲਵਾ, ਆਪਣੇ ਦਿਨ ਫਿਰਨ ਦੀ ਉਡੀਕ ਵਿਚ ਸੀ। ਪਰ ਮਾਨ ਦਾ ਦਰਸੀ ਕਿਤਾਬਾਂ ਅੰਦਰ ਦਿਲ ਨਹੀਂ ਸੀ ਲੱਗਦਾ। ਇਕ ਹੋਰ ਸਾਥਣ ਇਹਨਾਂ ਦੀ "ਸੱਤੀ" ਰਾਜ-ਪਰੋਹਤ ਦੀ ਪੋਤਰੀ ਸੀ, ਸਿਆਣਾ ਜੀਅ ਸੀ ਆਪਣੇ ਘਰਵਾਲਿਆਂ ਦੀ। ਆਖਣ ਕਰਨ ਦੀ ਦੁਈ ਵੇਖ ਓਸ ਜੀਵਨ ਦੇ ਅਰਥ ਪੁੱਛਣੇ ਪਿਓ-ਦਾਦੇ ਤੋਂ ਪਰ ਕੌਣ ਦੱਸੇ, ਉਹਨਾਂ ਬਾਲੜੀ ਸਮਝ ਹੱਸ ਟਾਲਣਾ। ਇਹ ਛੇ ਜੀਅ ਰਲੇ ਨੇ ਤੇ ਗਾਵਣ (ਗਾਉਣ) ਬਣਿਆ ਏ, ਪਰ ਇਹਨਾਂ ਦੇ ਰਲਣ ਪਿੱਛੇ ਖਲੋਤਾ ਏ "ਸ਼ਮਸ" ਤੇ "ਜੋਤੀ"। ਸੋਭਾ ਮੱਤ ਦੀਵਾਨ ਪਹਾੜ ਤੇ ਗਏ ਤੇ ਓਥੋਂ ਜੋਤੀ ਮੁੱਲ ਲੈ ਆਏ। ਭੁੱਖ ਕਾਰਨ ਮਾਪਿਆਂ ਧੀ ਵੇਚੀ। ਜੋਤੀ ਜਮਾਂਦਰੂ ਸਿਆਣੀ ਆਹੀ ਆਪਣੀ ਹੱਡ ਵਾਪਰੀ ਤੇ ਪੀੜ੍ਹੀਓ-ਪੀੜ੍ਹੀ ਵਿਰਸੇ

ਲੱਭੀ ਦੁੱਖਾਂ-ਦਰਦਾਂ ਦੀ ਮਾਰ ਪਾਰੋਂ। ਦੀਵਾਨ ਦਾ ਜੋਤੀ ਨਾਲ ਬਹੁੰ ਪਿਆਰ ਸੀ। ਉਹ ਹਰ ਸਲਾਹ ਜੋਤੀ ਤੋਂ ਲੈਂਦੇ। ਆਪਣੇ ਪੁੱਤਰ ਰਾਵਲ ਤੇ ਜੋਤੀ ਵਿਚ ਕੋਈ ਫ਼ਰਕ ਨਾ ਕਰਦੇ। ਪਰ ਜੋਤੀ ਇਹ ਸਭ ਹੋਂਦਿਆਂ ਵੀ ਸੋਚੀਂ ਪਿਆਂ ਰਹਿਣਾ, ਹਰ ਵੇਲੇ। ਇਹ ਸੱਤ ਜੀਅ ਰਲੇ ਸ਼ਮਸ ਨਾਲ, ਪੂਰੇ ਸ਼ਹਿਰ ਵਿਚੋਂ। "ਸ਼ਮਸ" ਕੌਣ ਸੀ? ਕਿਥੋਂ ਆਇਆ? ਕੀ ਆਖਿਆ ਓਸ, ਜੋ ਵਾਰੇ ਨਾ ਸੀ ਸ਼ਹਿਰ ਵਾਲਿਆਂ ਨੂੰ ਤੇ ਉਹਨਾਂ ਪੁੱਠੀ ਖੱਲ ਲੁਹਾਵਣ ਦਾ ਫ਼ੁਰਮਾਨ ਜਾਰੀ ਕੀਤਾ। ਸ਼ਮਸ ਦੇ ਇਹਨਾਂ ਸੰਗੀਆਂ, ਸ਼ਮਸ ਦੀ ਰੱਤ ਨਾਲ ਰੰਗਿਆ ਆਪਣਾ-ਆਪਾ ਤੇ ਸ਼ਮਸ ਦਾ ਸੰਗ ਕੀਤਾ। ਕੂੜ ਈ ਰਹਿ ਗਿਆ ਹਰ ਪਾਸੇ ਤੇ ਸੱਚ ਖੁਸ਼ਬੋ ਹੋ ਅੰਦਰਾਂ ਵਿਚ ਲੱਥਾ ਜਿਥੇ ਕਣੀ ਸੁੰਜਾਣ ਦੀ ਹੈ ਸੀ ਤੇ ਹੋਰਾਂ ਲਈ ਮੁਸ਼ਕ ਬਣ ਗਿਆ। ਸ਼ਮਸ ਦੀ ਕੀਤੀ ਜਾਨਣ ਲਈ "ਮੁਲਤਾਨ ਸ਼ਹਿਰ ਦੀ ਵਾਰ" ਪੜ੍ਹਨੀ ਪੋਸੀ। ਆਓ ਰਲ ਪੜ੍ਹੀਏ ਰਤਾ ਨੀਝ ਨਾਲ, ਤਾਂ ਖ਼ਬਰੇ ਅਸਾਨੂੰ ਵੀ ਆਪਣੇ ਰੰਗ-ਰੰਗੇ ਸ਼ਮਸਃ

ਸ਼ਹਿਰਾਂ ਵਿਚੋਂ ਸ਼ਹਿਰ ਸੁਣੀਂਦਾ, ਪੰਜ ਜੀਹਦੇ ਦਰਵਾਜ਼ੇ
ਚਾਰ ਤਾਂ ਅੱਖੀਂ ਲੱਭਣ ਵਗਦੇ, ਪੰਜਵਾਂ ਬੰਦ ਸੁਣੀਂਦਾ
ਚੌਂਹ ਦੇ ਚਾਰ ਬਜ਼ਾਰ ਦਸੀਂਦੇ
ਜੇਹੜੇ ਬਜ਼ਾਰੀਂ ਅੰਦਰ ਲੰਘੋ ਧੁਰ ਵਿਚਕਾਰ ਸ਼ਹਿਰ ਦੇ ਲਿਸ਼ਕਣ
ਬੁਰਜ ਮੁਨਾਰੇ ਰਾਜ ਕ਼ਿਲ੍ਹੇ
ਦੋਹਰੇ ਬੁਰਜ ਤੇ ਝਰੋਕੇ ਦੋਹਰ ਫਸੀਲ ਦਵਾਲੇ

ਰਾਜ-ਕ਼ਿਲ੍ਹੇ ਵਿਚ ਰਾਜ-ਮਹਿਲ ਤੇ ਛਾਉਣੀ ਤੇ ਦਰਬਾਰ ਕਚਹਿਰੀ
ਮੀਰ-ਵਜ਼ੀਰਾਂ ਸਰ-ਦੀਵਾਨਾਂ ਦੀਆਂ ਹਵੇਲੀਆਂ
ਤੋਸ਼ੇਖ਼ਾਨੇ ਮਾਲ-ਤਬੇਲੇ ਬੰਦੀ-ਖ਼ਾਨੇ

ਰਾਜ ਕ਼ਿਲ੍ਹੇ ਤੇ ਰੱਬ ਦਾ ਸਾਇਆ
ਮੁਲਤਾਨ ਸ਼ਹਿਰ ਵਿਚ ਢਿੱਡਾਂ ਅੰਦਰ ਗੰਢ ਜੋ ਖ਼ੂੰ ਦੀ
ਕੀ ਬਣਸੀ ਜੇ ਏਡੇ ਪੰਧ ਕਰੇਂਦੇ ਵੀ ਨਾ ਪੁੱਜੇ ਕਦਾਈਂ
ਕੀ ਬਣਸੀ ਜੇ ਭੁੱਲ ਭੁਲੇਖੇ ਅੰਦਰ ਹੱਥ ਮਰੇਂਦਿਆਂ
ਲੱਧਾ ਪਿੰਜਰਾ ਹਿੱਕ ਡੀਂਹ ਸੱਖਣਾ

ਗੰਢ ਜੋ ਖ਼ੂੰ ਦੀ ਨੱਪਣ ਕਾਨ ਅਸਾਂ ਹੱਟੀਆਂ ਕੋਠੇ ਪਾਏ
ਯਾਰੀਆਂ ਲਾਕਾਂ-ਚਾਰੀਆਂ ਲਾਈਆਂ, ਵੈਰ ਸਹੇੜੇ
ਗੰਢ ਜੋ ਖ਼ੂੰ ਦੀ ਢਿੱਡਾਂ ਅੰਦਰ ਰੜਕਣ ਰੜਕਣ ਰਹੀ

ਢਿੱਡ ਦੀ ਰੜਕਣ ਭੁੱਲ ਜਾਓ ਵੇਖੋ ਡੋਰ ਹੁਕਮ ਦੀ ਨਾਢੂ
ਰਾਜ–ਕ਼ਿਲ੍ਹੇ ਤੇ ਰੱਬ ਦਾ ਸਾਇਆ
ਸ਼ਹਿਰ ਤੇ ਠੰਡੀ ਛਾਂ ਕ਼ਿਲ੍ਹੇ ਦੀ
ਮਾਂ ਦੀ ਰੁਅਬ ਤਸੱਲਾ
ਨਾ ਕਾਈ ਹੱਥੀਂ ਕੱਤੇ ਨਾ ਕਾਈ ਤੇਲ ਦੀਵਿਆਂ ਪਾਵੇ
ਸੁੱਤੀਆਂ ਪਈਆਂ ਕਾਈ ਝੁੱਟ ਜ਼ਨਾਹੀ
ਸ਼ਰਮਾਂ ਅਸਾਡੀਆਂ ਲਾਹਵੇ

ਰਾਜ–ਕ਼ਿਲ੍ਹੇ ਤੇ ਰੱਬ ਦਾ ਸਾਇਆ
ਬਾਹਰ ਫਸੀਲੋਂ ਪੈਰ ਨਾ ਪਾਵਣ ਮੀਰ–ਵਜ਼ੀਰ ਸਿਆਣੇ
ਪਾਣੀ ਅੰਦਰ ਟੋਰ ਤ੍ਰਿਖੀ ਪੀਂਘ ਦੇ ਰੰਗ ਅਜਾਇਬ
ਬਾਹਰ ਪਾਣੀਓਂ ਧੋਲਾ ਪਿੰਡਾਂ ਜਾਂ ਚਾਨੇ ਜਾਂ ਆਨੇ
ਕਿਲ੍ਹਿਓ ਬਾਹਰ ਫ਼ਸੀਲ ਦੇ ਹੇਠਾਂ
ਦਰਸ ਮੁਦਰਸ ਪੰਡਤ ਮੁਫ਼ਤੀ ਸ਼ਾਇਰ ਗਾਇਕ ਮੁਜਰੇ ਤਾਸ਼ੇ ਲੌਂਡੀ ਬਾਸ਼ੇ
ਢੋਲ ਢੰਡੋਰੇ ਨਕਲ ਮਖ਼ੌਲੀ ਵਰਤਾਂ ਤੇ ਜਜਮਾਨੀਆਂ ਪਾਲਣ ਵਾਲੇ ਲਾਗੀ
ਕੰਮੀਂ ਸੀਪੀ ਅਮਲੇ ਫੈਲੇ ਸ਼ਹਿਰੋਂ ਆਉਣੇ ਰੋਜ਼ ਸਵੇਲੇ
ਤੂ ਹੈ ਤੂ ਹੈ ਬੱਲਿਆ ਬੱਲਿਆ ਦੀਂਹ ਲੰਘ ਵੰਜਣਾ ਖੈਰੀਂ ਸੱਲਾ
ਸ਼ਾਮ ਪਈ ਸੁੱਟ ਗੁੱਡਿਆ ਪੁੱਟਿਆ ਟੁਰ ਜਾਣਾ ਨੀਵੀਂ ਪਾ ਕੇ

ਕਿਲ੍ਹਿਓਂ ਬਾਹਰ ਬਜ਼ਾਰਾਂ ਅੰਦਰ ਖਵੱਜੇ ਖੱਤਰੀ ਲੱਖਾਂ ਕਾਰ ਬਪਾਰਾਂ ਵਾਲੇ
ਰੰਗੋ ਰੰਗ ਹਵੇਲੜੀਆਂ
ਆਲ ਦਵਾਲ ਫਸੀਲੜੀਆਂ

ਵੱਖਰੇ ਅਮਲੇ ਕੰਮੀਂ ਸੀਪੀ ਵੱਖਰੇ ਰਾਗੀ ਲਾਗੀ
ਮੀਰ ਵਜ਼ੀਰ ਦੀਵਾਨ ਕ਼ਿਲ੍ਹੇ ਦੇ ਖਵੱਜਿਆਂ ਖੱਤਰੀਆ ਦੇ ਕਰਜ਼ਾਈ
ਪਰ ਖਵੱਜੇ ਖੱਤਰੀ ਲੋਕ ਵਿਹਾਰੀ
ਕਦੇ ਗੱਲ ਨਹੀਂ ਸਰ ਕਰਵਾਂਵਦੇ
ਸਗੋਂ ਕਾਰ ਵਪਾਰ ਵਧਾਵਣ ਲਈ ਨਿੱਤ ਕਿਲ੍ਹਿਓਂ ਹੁਕਮ ਮੰਗਾਂਵਦੇ
ਆਪਣੀ ਖੱਟੀ ਵਿਚੋਂ ਅੰਦਰ ਭਾਜੀ ਰੋਜ਼ ਪਚਾਂਵਦੇ

ਘਰ ਘਰ ਝਾਤੀ ਬੁਰਜਾਂ ਉਤੋਂ

ਹਰ ਘਰ ਅੰਦਰ ਦੋਹਰੇ ਜੋੜੇ ਦੋਹਰੇ ਭਾਂਡੇ
ਹਿੱਕ ਅੰਦਰ ਖਾਣੇ ਵਰਤਣ ਲਈ ਹਿੱਕ ਕੋਠੇ ਸੁੱਕਣੇ ਪਾਵਣ ਲਈ
ਕੰਮੀਂ ਲੋਕਾਂ ਕੱਛੀਂ ਰੱਖਣੇ ਦੋਹਰੇ ਜੋੜੇ
ਹਿੱਕ ਕ਼ਿਲ੍ਹੇ ਦੇ ਅੰਦਰ ਜਾਵਣ ਲਈ ਹਿੱਕ ਘਰ ਵਿਚ ਬਹਿ ਪਛਤਾਵਣ ਲਈ
ਖਵੱਜੇ ਖੱਤਰੀ ਲੋਕ ਵਿਹਾਰੀ ਹਿਕੋ ਜੋੜਾ ਪਾਉਂਦੇ
ਕਿਲ੍ਹਿਓਂ ਅੰਦਰ ਘਰੀਂ ਬਜ਼ਾਰੀਂ
ਓਹਾ ਜੋੜਾ ਡੱਬ ਖੜੱਬਾ ਸਾਰੀ ਉਮਰ ਹੰਢਾਉਂਦੇ
ਮੁਲਤਾਨ ਸ਼ਹਿਰ ਵਿਚ ਦੋਹਰੇ ਦੋਹਰੇ ਜੋੜੇ ਪਾਉਂਦਿਆਂ
ਪਾ ਪਾ ਵੇਂਹਦਿਆਂ ਲਾਹ ਲਾਹ ਵੇਂਹਦਿਆਂ
ਸਿਰ ਉਤੋਂ ਲੰਘਣੇ ਸੂਰਜ ਤਾਰੇ ਬੱਦਲ ਪਾਲੇ
ਕਾਲੇ ਧੌਲੇ ਥੀਂ ਵੰਜਣੇ
ਜੋੜੇ ਜੋੜੇ ਰਹਿ ਜਾਣੇ ਨਾ ਰਹਿਣੇ ਵੇਖਣ ਵਾਲੇ

ਸ਼ਹਿਰੋਂ ਬਾਹਰ ਜ਼ਮੀਂ ਸਭ ਰੱਬ ਦੀ
ਕਿਲ੍ਹਿਓਂ ਮਾਲ ਮੁਸੱਦੀ ਮੁਨਸ਼ੀ ਫ਼ਸਲੋ ਫ਼ਸਲੀ ਆਵਣੇ
ਕਣਕ ਕਮਾਦ ਤੇ ਨਰਮੇ ਮੁੰਜੀਆਂ ਉਹਨਾਂ ਢੋ ਢੋ ਸ਼ਹਿਰ ਪੁਚਾਵਣੇ

ਗੱਡਣ ਗੋਡਣ ਵਾਲੇ ਕੰਮੀਂ ਗੰਢ ਤਰੁਪ ਜਟਾਤਰ ਪਟਕੇ
ਮੁੱਛੀਂ ਧੂੜ ਨਮੋਸ਼ੀ ਮੱਥੇ
ਹਾੜੀ ਸਾਉਣੀ ਕੌਡੀ ਭੋਰੇ
ਕੌਡੀਆਂ ਜੋੜ ਜੋੜ ਕੇ ਸ਼ਹਿਰੀਂ ਜਾਵਣਾ ਤੇ ਵੱਤ ਨਾ ਆਵਣਾ
ਖੂਹਾਂ ਅੰਦਰ ਉੱਲੀ ਜੰਮਣੀ ਦਾਂਦ ਨਖਸਮੇ ਭਾਉਂਦੇ ਝੁਰਨੇ
ਸ਼ਹਿਰੀ ਆਣ ਕੇ ਹਿਕਨਾਂ ਜੱਟਾਂ ਖਵੱਜਿਆਂ ਖੱਤਰੀਆਂ ਨਾਲ ਭਿਆਲੀ ਪਾਵਣੀ।

ਹਿਕਨਾਂ ਕ਼ਿਲ੍ਹੇ ਫਸੀਲੋਂ ਹੇਠਾਂ
ਕਾਈ ਕਾਜ਼ੀ ਮੁਫ਼ਤੀ ਸ਼ਾਇਰ ਗਾਇਕ ਭੰਡ ਮਖੌਲੀ ਭਾਲ ਸ਼ਗਿਰਦੀ ਫੜਨੀ
ਪਰ ਬਹੁਤਿਆਂ ਪੰਜਵੇਂ ਬੂਹੇ ਹੇਠਾਂ ਜਾ ਬਦਰੂ ਉਤੇ ਡੇਰੇ ਲਾਵਣੇ।

ਇਹ ਬਦਰੂ ਮੁਲਤਾਨ ਸ਼ਹਿਰ ਦੀ ਗੀਤ ਪੁਰਾਣੀ
ਵਹਿਣੀ ਵਹਿਣੀ ਮੋਰੀ ਮੋਰੀ ਰਾਜ ਕ਼ਿਲ੍ਹੇ ਦੇ ਹੇਠੋਂ ਟੁਰਨੀ
ਸੰਘਣੀ ਸਾਂਝ ਅਨਜਾਣੀ

ਰਾਜ–ਕ਼ਿਲ੍ਹੇ ਦੇ ਲੋਕ ਸਿਆਣੇ
ਆਪਣਾ ਬਾਹਰ ਸਜਾਵਣ ਲਈ ਨਿੱਤ ਅੰਦਰ ਖੋਰਨ ਜਿਹੜਾ
ਉਹ ਵਗ ਬਦਰੂਈਂ ਜਾਵੇ
ਹਿੱਕੋ ਰੰਗ ਦੀ ਗਾਰ ਸਲੇਟੀ
ਹੌਲੀ ਹੌਲੀ ਹੇਠ ਜ਼ਮੀਨ ਦੇ ਲੱਖਾਂ ਰੰਗ ਸਮੇਟੀ ਆਵੇ
ਕਿਲ੍ਹਿਓਂ ਟੁਰ ਬਦਰੂ ਵੱਤ ਆਉਣੀ ਹੇਠ ਬਜ਼ਾਰਾਂ
ਖਵੱਜੇ ਖੱਤਰੀ ਲੋਕ ਵਿਹਾਰੀ
ਸਭ ਬਦਰੂ ਨੂੰ ਹੇਠੋਂ ਹੇਠ ਲੰਘਾਂਵਦੇ
ਰਾਜ ਕ਼ਿਲ੍ਹੇ ਦੀ ਗਾਰ ਦੇ ਅੰਦਰ ਆਪਣੀ ਗਾਰ ਰਲਾਂਵਦੇ
ਪੰਜਵੇਂ ਬੂਹੇ ਹੇਠਾਂ ਬਦਰੂ ਆਵਣੀ ਬਾਹਰ ਜ਼ਮੀਨੋਂ
ਆਂਵਦੀ ਦੇ ਇਹਦੇ ਦੋਵੇਂ ਕੰਢੇ ਕੰਮੀਆਂ ਮੱਲਣੇ
ਝੁੱਗੀ ਜੋਗੀ ਬਈ ਸ਼ਹਿਰ ਵਿਚ ਕਾਈ ਜਾਅ ਨਾ ਹਈ
ਜਿੱਥਾਂ ਕੰਮੀਂ ਚਾਹੜਨ ਝੁੱਗਾ ਉਹ ਖਵੱਜਿਆਂ ਖੱਤਰੀਆਂ ਲਈ
ਕੰਮੀਂ ਸੀਪੀ ਲੋਕ ਬੇਸੁਰਤੇ
ਮੱਲ ਜ਼ਮੀਨ ਬਗਾਨੀ ਮਹਿੰਗੀ ਉਤੇ ਵਲਦੇ ਕੰਧੀਂ ਕੱਚੀਆਂ
ਕੰਮੀਂ ਸੀਪੀ ਲੋਕ ਬੇਸੁਰਤੇ
ਅੰਦਰ ਖੁਰਦੇ ਜਾਂਦੇ ਨੂੰ ਨੱਪ ਹੇਠੋਂ ਹੇਠ ਵਗਾਵਣ ਦਾ ਵਲ
ਦੱਸੇ ਇਹਨਾਂ ਨੂੰ ਕੇਹੜਾ
ਸਾਵਣ ਝੜੀਆਂ ਉੱਛਲ ਬਦਰੂ ਕੰਢੇ ਛੱਡ ਛੱਡ ਜਾਣੀ
ਵਿਚ ਕੰਮੀਂ ਛੋਹਰਾਂ ਮੁਰਦੇ ਤਾਰੀਆਂ ਤਰਨੀਆਂ
ਮੁਰਦੇ ਤਾਰੀ ਤਰਦੇ ਤਰਦੇ
ਅੱਖ ਉਘੜੇ ਕ਼ਿਲ੍ਹੇ ਵਿਚ ਹੋਈਏ

ਪੰਜਵੇਂ ਬੂਹੇ ਹੇਠ ਵਸੇਂਦਿਆਂ ਪੰਜਵਾਂ ਬੂਹਾ ਕਿਸੇ ਨਾ ਡਿੱਠਾ
ਅੱਤ ਜ਼ੰਗਾਲਿਆ ਖੁਰਿਆ ਭੁਰਿਆ ਕੰਧ ਦੇ ਨਾਲ ਈ ਰਲਿਆ
ਪੰਜਵੇਂ ਬੂਹੇ ਉਤੇ ਲੋਕਾਂ ਗੋਹੇ ਪੱਥ ਪੱਥ ਲਾਵਣੇ
ਜਦ ਬਦਰੂਈਂ ਠੇਕਦਾਰ ਉਗਰਾਹੀਆਂ ਕਰਨ ਸਿਪਾਹੀਆ ਦੇ ਸੰਗ ਆਵਣਾ
ਝੱਟ ਪੱਟ ਲੋਕਾਂ ਪਾਥੀਆਂ ਲਾਹ ਲੂਹ ਏਧਰ ਓਧਰ ਕਰਨੀਆਂ
ਸਰਕਾਰੀ ਕੰਧ ਤੇ ਪਾਥੀਆਂ ਲਾਵਣਾ ਜੁਰਮ ਜੋ ਹੋਇਆ

(2)

ਚਾਰ ਬੂਹੇ ਮੁਲਤਾਨ ਸ਼ਹਿਰ ਦੇ ਦੇਹੁੰ–ਪੁਰ–ਰਾਤ ਪਏ ਵਗਨੇ

ਪੰਜਵਾਂ ਕਿਸੇ ਨਾ ਡਿੱਠਾ ਖੁੱਲ੍ਹਾ ਪੰਜਵਾਂ ਕਿਸੇ ਨਾ ਸੁਣਿਆ
ਗਾਉਣ ਪੁਰਾਣੇ ਪਾਵਣ ਦੱਸਾਂ
ਗਾਉਣ ਕਿਸੇ ਕਦ ਗੌਲੇ

ਚਾਰ ਬੂਹੇ ਮੈਂਡੇ ਵਗਦੀਆਂ ਨਹਿਰਾਂ ਸੁੱਕਮ ਸੁੱਕੀਆਂ ਲਹਿਰਾਂ ਬਹਿਰਾਂ
ਪੰਜਵਾਂ ਕਾਂਗ ਬਲਾਅ ਨੀਂ
ਠਿੱਲ ਵੇਖ ਨਜ਼ਾਰਾ

ਚਾਰ ਬੂਹੇ ਮੈਂਡੇ ਦਿੱਸਣ ਖੁੱਲੇ, ਖੁੱਲ੍ਹੇ ਵੇਖ ਕੇ ਵੜ ਗਏ ਭੁੱਲੇ
ਲੈ ਗਈ ਸੈਰ ਕਜ਼ਾਅ ਨੀਂ
ਨਿੱਤ ਜੀਵਨ ਲਾਰਾ

ਚਾਰ ਬੂਹੇ ਮੈਂਡੇ ਅੱਖਣੇ ਮੱਖਣੇ ਸੱਖਣੀਆਂ ਧਾਰਾਂ ਲੈਣ ਸੁਲੱਖਣੇ
ਹੱਥ ਮਿੱਟੀ ਚੱਖ ਸ਼ਫ਼ਾਅ ਨੀਂ
ਪੰਜਵੇਂ ਜੀਹਦਾ ਭੰਡਾਰਾ
ਏਹਾ ਗਾਂਵਦਿਆਂ ਚੜ੍ਹੀਆਂ ਜੰਜਾਂ
ਏਹਾ ਗਾਂਵਦਿਆਂ ਗਏ ਮੁਕਲਾਵੇ

ਪਰ ਜਿਸ ਦਮ ਖੁੱਲ੍ਹਿਆ ਪੰਜਵਾਂ ਬੂਹਾ ਤੇ ਪਿੱਟ ਜਨਾਨੀਆਂ ਲੜੀਆਂ
ਨੀ ਮੇਰੀਆਂ ਪਾਥੀਆਂ ਤੂੰ ਲਾਹੀਆਂ, ਨਹੀਂ ਤੂੰ ਲਾਹੀਆ, ਨਹੀਂ ਤੂੰ ਲਾਹੀਆਂ
ਪੰਜਵੇਂ ਬੂਹੇ ਖਲਾ ਸ਼ਮਸ ਨੂੰ ਵੇਖ ਕਿਸੇ ਨਾ ਪੁੱਛਿਆ
"ਕੌਣ ਆਇਆ ਪਹਿਨ ਲਿਬਾਸ ਕੁੜੇ"
ਪੰਜਵੇਂ ਬੂਹਿਓਂ ਬਾਹਰ ਸ਼ਮਸ ਚਾ ਕੀਤਾ ਡੇਰਾ
ਪਾਉਣਾ ਸੜਕ ਸੜਕ ਤੇ ਫੇਰਾ
ਉਹਨੇ ਰਹਿਣਾ ਨੰਗਿਆਂ
ਜੇਹੜਾ ਲੰਘੇ ਗਲਮੇ ਘੱਤਣਾ ਹੱਥ ਤੇ ਕਹਿਣਾ
ਦੱਸ ਓ ਕੇਹੜਾ ਏਂ
ਘਰਵਾਲਾ ਏਂ ਕਿ ਸੱਖਣਾ ਵੇਹੜਾ ਏਂ
ਅਗਲੇ ਆਪਣਾ ਗਲਾ ਛੁਡਾਵਣਾ ਅਤੇ ਸ਼ਮਸ ਵਾਸਤਾ ਪਾਵਣਾ
ਆਖ ਕਵਾਰਿਆ ਮੈਂ ਸ਼ਮਸ ਮੈਂ ਆਪੇ ਸ਼ਮਸ
ਮੈਂਡਾ ਅੰਦਰ ਬਾਹਰ ਸੂਰਜ

ਆਖ ਓ ਨਵਿਆ ਮੈਂ ਸ਼ਮਸ ਮੈਂ ਆਪੇ ਸ਼ਮਸ
ਰਾਜੇ ਰਈਅਤ ਹੁਕਮ ਅਦਾਲਤ ਸੱਭੇ ਠੱਗੀ ਦੇ ਵੇਸ
ਮੈਂ ਬੁਝ ਗਈ ਵੱਤ ਜਗਤ ਅਨ੍ਹੇਰਾ
ਮੈਂ ਬੁਝ ਗਈ ਵੱਤ ਤੇਰੋ ਮੇਰਾ
ਬੋਲ ਫੁੱਟ ਵੀ ਮੈਂ ਸ਼ਮਸ ਮੈਂ ਆਪੇ ਸ਼ਮਸ
ਛੱਲ ਵਹੀ ਜੇਹੜੀ ਉਪਰੋਂ ਆਵੇ
ਉਪਰੋਂ ਢਲੇ ਤਾਂ ਵਿਸ ਮਣ ਸਲਵਾ
ਜਿਹੜੀ ਲੂ ਨਾ ਸੀਨਿਓਂ ਸਿਮ ਕੇ ਹੱਥ ਚਮਕਾਰੇ
ਉਹ ਜਾਣੀ ਪਰਛਾਵਾਂ
ਬੋਲ ਉਹ ਹਿਕ ਵਾਰੀ ਬੋਲ ਮੂੰਹੋਂ
ਮੈਂ ਅੱਜ ਤੈਂਡੇ ਨਰੜੇ ਅੰਦਰ

ਸ਼ਮਸ ਦਾ ਕੰਮ ਹਾਂ ਜਿਹੜਾ ਲੰਘੇ ਓਹਦੇ ਪੰਜਾਂ ਗਲ ਵਿਚ ਘੱਤਣਾ
ਰੇਸ਼ਮ ਖੱਦਰ ਜੋ ਕੁਝ ਹੋਵੇ ਲੀਰ ਲੀਰ ਕਰ ਛੱਡਣਾ

ਸ਼ਮਸ ਦਾ ਕੰਮ ਹਾਂ ਘਰ ਘਰ ਅੱਗੇ ਜੱਲੀ ਪਾਓਣੀ
ਮੈਂ ਬੁਝ ਗਈ ਖ਼ੂਹ ਸੋਭਾ ਨਿੰਦਿਆ
ਮੈਂ ਬੁਝ ਗਈ ਝਲ ਜਾਣ ਦੀ ਚਿੰਤਾ
ਮੈਂ ਬੁਝ ਗਈ ਅਤੇ ਅੰਦਰ ਖੋਬਾ
ਮੈਂ ਬੁਝ ਗਈ ਅਤੇ ਹੱਟੀਆਂ ਸੀਨੇ
ਜੋ ਮੁੱਲ ਤਾਰੇ ਲੈ ਜਾਏ ਸੌਦਾ
ਜੋ ਬਹਿ ਜਾਏ ਸੋ ਕਰ ਲਏ ਵੱਟੀਆਂ
ਦੇਹੁੰ ਖੱਟੀਆਂ ਅਤੇ ਰਾਤੀਂ ਚੱਟੀਆਂ
ਮੰਨ ਘਿਨ ਮੰਨ ਘਿਨ ਮੈਂ ਸ਼ਮਸ ਮੈਂ ਆਪੇ ਸ਼ਮਸ
ਕੁੱਕੜ ਖੇਹ ਤਾਲੀਮ ਮਦਰੱਸੇ
ਬਾਂਗ ਡਕਾਰ ਮਤੇ ਮਨਸੂਬੇ
ਅੱਖ ਅਠਰਾਅ ਸਭ ਝਿੱਲੀ ਉੱਲੀ
ਦਿਲ ਦਰਿਆ ਰੱਤ ਰੇਤ ਕਦੂਰਤ
ਨਾੜੀਂ ਫਿਰੇ ਉਕਾਅ

ਮੈਂ ਬੁਝ ਗਈ ਤਾਂ ਖੁੱਲ੍ਹ ਵੀ ਫਾਹੀ

ਫਾਤੇ ਸਾਧੂ ਠੱਗ ਸਿਪਾਹੀ
ਡਰਿਆ ਤਾਂ ਚੜ੍ਹਿਆ ਚਰਚੇ ਮਮਟੀ
ਡਰ ਵੜਿਆ ਗੁੱਠ ਸ਼ਰਮ ਹਜ਼ੂਰੀ
ਅਗਲੇ ਏਧਰ ਓਧਰ ਤੱਕਣਾ ਤੇ ਲੈਣਾ ਸ਼ਮਸ ਕਲਾਵੇ
ਬੋਲ ਵੇ ਮੈਂਡਾ ਰਾਂਝਣ ਮਾਹੀ ਸੌਂ ਗਿਓਂ ਬੇੜੀ ਠੇਲ੍ਹ

ਅਫ਼ਸਰ ਉਮਰੇ ਕਾਮੇ ਫ਼ੁਕਰੇ
ਸਭਨਾ ਰਸਤੇ ਵੱਲ ਵੱਲ ਕੱਟਣੇ ਜਿੱਧਰ ਜਾਓ ਸ਼ਮਸ ਅੱਗੋਂ ਮਿਲਣਾ

ਜਦੋਂ ਸ਼ਮਸ ਮਦਰੱਸੇ ਕੋਲੋਂ ਲੰਘਣਾ
ਮੁੰਡਿਆਂ ਕੁੜੀਆਂ ਛੱਡ ਕਿਤਾਬਾਂ
ਆ ਜੁੱਟਣਾ ਓਹਦੇ ਬੋਲ ਸੁਨਣ ਲਈ
ਮੈਂ ਬੁਝ ਗਈ ਅਤੇ ਜੰਮਿਆਂ ਕਾਂ
ਚੜ੍ਹ ਮੋਢੇ ਮੈਂਡਾ ਕੂਕੇ ਨਾਂ
ਮੋਈ ਨੂੰ ਨਿੱਤ ਪਿਆ ਲਾਵੇ ਲਾਰੇ
ਚੱਲ ਅੜੀਏ ਤੈਨੂੰ ਢੋਲ ਮਿਲਾਂ
ਮੈਂ ਬੁਝ ਗਈ ਅਤੇ ਉੱਗਿਆ ਕਾਂ
ਚੜ੍ਹੇ ਕੰਧਾੜੇ ਕਰੇ ਕਲੋਲਾਂ
ਕੋਈ ਨਾ ਕੂਏ ਜਦ ਮੈਂ ਬੋਲਾਂ
ਚੁੰਜ ਮਾਰ ਕੇ ਫੋਲਾਂ ਹਰ ਸ਼ੈ
ਆਪ ਖਲੋਵਾਂ ਸੁੱਕੇ ਥਾਂ
ਮੁੰਡਿਆਂ ਕੁੜੀਆਂ ਆਉਣਾ ਹੁੰਮ ਹੁੰਮਾ ਕੇ
ਵਿਚ ਜੋਤੀ ਵੀ ਹੋਣਾ ਅਜਬ ਕੁੜੀ ਹਈ ਜੋਤੀ
ਨਾ ਕਾਈ ਚਾਈਂ ਲਾਉਣਾ ਪਾਉਣਾ
ਨਾ ਹਾਣ ਦੀਆਂ ਨਾਲ ਨਿੱਕੀਆਂ ਨਿੱਕੀਆਂ
ਕਰ ਕਰ ਲੰਮੀਆਂ ਵਕਤ ਵੰਜਾਉਣਾ ਜ਼ੋਰੀਂ
ਅੰਦਰ ਅੰਦਰ ਰਹਿਣਾ ਖੁਰਦੀ ਭੁਰਦੀ
ਬਾਜ਼ਿਆਂ ਉਹਨੂੰ ਕਹਿਣਾ ਖੁਸ਼ਕੀ
ਪਰ ਓਹਨੇ ਸਭ ਨਾਲ ਹੱਸਦੀ ਰਹਿਣਾ
ਏਨੀ ਉਹਨੂੰ ਸਮਝ ਨਾ ਆਉਣੀ
ਕਿਹੜੀ ਗੱਲ ਏ ਜਿਸ ਬਾਝੋਂ ਅਸਾਂ ਹੱਸਦੇ ਰੁੱਸਦੇ ਸੁੱਕਮ ਸੁੱਕੇ ਰਹਿਨੇ ਆਂ

ਮਿਲਨੇ ਆਂ ਪਰ ਮਿਲ ਨਹੀਂ ਸਕਦੇ।
ਸੋਭਾ ਮੱਲ ਦੀਵਾਨ ਦਾ ਪੁੱਤਰ ਰਾਵਲ
ਜੋਤੀ ਨਾਲ ਉਹਨੇ ਉੱਠਣਾ ਬਹਿਣਾ ਦੋਵਾਂ ਬਹਿਸਾ ਕਰ ਕਰ ਹੁਟਣਾ।
ਰੂਹ ਰਹਿਣਾ ਵਾਂਦਾ ਵਾਂਦਾ
ਕੀ ਬਣਿਆ ਜੋ ਅੰਦਰੋਂ ਅਸਾਡਿਓਂ ਉੱਦਮ ਸੋਮੇ ਸੁੱਕ ਗਏ।
ਉਪਜ ਉਲੇਲ ਕਲੋਲ ਨਾ ਕੋਈ
ਰਹਿਣ ਸਰੀਰ ਕਿਉਂ ਲੁਗੜੇ

ਜੋਤੀ ਦੇ ਨਹੀਂ ਆਹੇ ਮਾਪੇ
ਜਦੋਂ ਪਹਾੜੀ ਭੁੱਖਾਂ ਪਈਆਂ ਉਹ ਸਤਵੇਂ ਵਰ੍ਹੇ ਵਿਚ ਆਹੀ
ਸੋਭਾ ਗੱਲ ਦੀਵਾਨ ਪਹਾੜੀਂ ਗਏ ਸੈਲ ਨੂੰ
ਇਕ ਸੌ ਇਕ ਰੁਪਈਆ ਦੇ ਕੇ ਜੋਤੀ ਘਿਨ ਆਏ ਮੁਲਤਾਨੀਂ
ਸ਼ਰਧਾ ਰਾਣੀ ਪੁੱਤਰ ਸਾਵੀਂ ਕਰਕੇ ਪਾਲੀ
ਘਰ ਸਭ ਏਹਦੇ ਸਿਰ ਤੇ ਛੱਡਿਆ
ਜੋਤੀ ਨਾਲ ਸਲਾਹੋਂ ਬਾਝ ਦੀਵਾਨ ਹੋਰੀਂ ਕਾਈ ਕੰਮ ਨਹੀਂ ਆਹੇ ਛੋਂਹਦੇ
ਮੈਂਡਾ ਪੁੱਤਰ ਵਜ਼ੀਰ ਸਦੀਂਦੇ
ਨਿੱਤ ਜੋਤੀ ਪਰ ਰਹਿਣਾ ਖੁਰਦੀ ਭੁਰਦੀ

ਸ਼ਮਸ ਦੇ ਬੋਲ ਸੁਣੀਂਦੀ ਨੂੰ ਉਹਨੂੰ ਪਿੰਡਾ ਮਘਦਾ ਲੱਗਣਾ
ਰੋਜ਼ ਦੇ ਧੰਦਲੇ ਅੰਦਰ ਪਖੇਰੂ ਚੂਹਕਦੇ ਲੱਗਣੇ
ਰਾਵਲ ਨਾਲ ਤੇ ਹੋਰਾਂ ਮੁੰਡਿਆਂ ਕੁੜੀਆਂ ਨਾਲ ਉਹਨੇ ਰਲ ਕੇ
ਸ਼ਮਸ ਨੂੰ ਘੇਰਾ ਘੱਤਣਾ

ਜੋਤੀ ਦੇ ਸੰਗ ਹੋਣਾ ਝੁਮਰੇ
ਝੁਮਰਾ ਪੁੱਤਰ ਬਹਿਬਲ ਦਾ ਜੀਹਦਾ ਘਰ ਬਦਰੂਈਂ
ਸ਼ਾਹ ਖੈਰੁੱਲਦੀਨ ਮਦਰਸ ਨੂੰ ਓਹਨੇ ਘੁੱਟ ਘੱਟ ਛੱਡਣਾ
ਸ਼ਾਹ ਖੈਰੁੱਲਦੀਨ ਹੋਰਾਂ ਵਿਹਲੇ ਵੇਲੇ ਝੁਮਰੇ ਨੂੰ ਕੁਝ ਦੱਸ ਦੁੱਸ ਛੱਡਣਾ।

ਅਤੇ ਅਰਦਲ ਲਈ ਉਹਨੂੰ ਖੜਨਾ ਨਾਲ ਮਦਰੱਸੇ
ਸੌ ਸੌ ਰੰਗ ਦੀਆਂ ਗੱਲਾਂ ਅੰਦਰ ਮੁੰਡਿਆਂ ਕੁੜੀਆਂ ਨਾਲ
ਬਰਾਬਰ ਰਹਿਣਾ ਝੁਮਰੇ

ਘਣੀ ਬਹਿਸ ਵਿਚ ਜਾ ਵੱਜਣਾ
ਦਲੀਲ ਮਖ਼ੌਲ ਮਖ਼ੌਲ  ਦਲੀਲਾਂ
ਕਿਸੇ ਨੂੰ ਵਾਰੇ ਆਉਣ ਨਾ ਦੇਣਾ
ਆਪਣੇ ਢੱਬ ਤੇ ਗੱਲ ਆਣ ਕੇ ਹਾਸਾ ਰੌਲਾ ਕਰ ਛੱਡਣੀ।

ਸੰਗ ਜੋਤੀ ਦੇ
ਜੱਲ੍ਹਰ ਗੋਤ ਦਿਆਂ ਸਰਦਾਰਾਂ ਦੇ ਦੋ ਛੋਹਰ
ਜਿੰਦਲ ਜਿੱਤਲ ਨਾਂ ਜਿਨ੍ਹਾਂ ਦੇ
ਪੜ੍ਹਨ ਕਾਰਨ ਮੁਲਤਾਨ ਸ਼ਹਿਰ ਪ੍ਰਦੇਸੀ ਆਏ
ਖੁੱਲੇ ਖੁੱਲੇ ਹੱਡ ਕਾਠ ਤੇ ਕੂਲੀਆਂ ਕੂਲੀਆਂ ਅੱਖਾਂ
ਝੁਮਰੇ ਨਾਲ ਉਹਨਾਂ ਦੀ ਸ਼ਹਿਰ ਭੌਣ ਦੀ ਯਾਰੀ
ਝੁਮਰੇ ਨਾਲ ਜਗਤ ਦੀ ਯਾਰੀ
ਪਰ ਹਿੱਕਨਾਂ ਕਹਿਣਾ ਜੱਲ੍ਹਰ ਗੋਤ ਦਿਆਂ ਪੇਂਡੂ ਛੋਹਰਾਂ
ਨਾਈ ਪੁੱਤ ਨੂੰ ਬਹੁਤਾ ਸਿਰ ਤੇ ਚਾੜ੍ਹ ਲਿਆ ਏ।

ਸੰਗ ਜੋਤੀ ਦੇ ਮਾਨ ਵੀ ਹੋਣਾ
ਮਾਨ ਦਾ ਪਿਓ ਰਜਾਵਲ ਭੋਇੰ ਗਹਿਣੇ ਪਾ ਕੇ ਸ਼ਹਿਰੀਂ ਆਇਆ
ਬਦਰੂ ਉਤੇ ਘੱਤ ਕੇ ਝੁੱਗੀ ਛੋਹਰ ਨੂੰ ਪੜ੍ਹਨੇ ਪਾਇਆ
ਆਪਣੇ ਵੱਲੋਂ ਮਾਨ ਤੇ ਕਰਨਾ ਚਾਰਾ
ਪਰ ਰੂਹ ਨਾ ਦਰਸ ਕਿਤਾਬੀਂ ਲੱਗਣਾ
ਪਿਓ ਨੇ ਕਹਿਣਾ ਪੜ੍ਹ ਪੁੱਤਰਾਂ
ਕਾਈ ਦੇਹੁੰ ਅਸਾਂ ਵੀ ਸੁੱਖ ਦਾ ਤੱਕੀਏ
ਚੁੱਪ ਚਾਪ ਓਹਨੇ ਗੁੱਠੇ ਬੈਠ ਕੇ ਹੋਰ ਹੋਰ ਕਿਤਾਬਾਂ ਪੜ੍ਹਨੀਆਂ

ਸੰਗ ਜੋਤੀ ਦੇ ਸੱਤੀ ਰਾਜ ਪਰੋਹਤ ਦੀ ਪੋਤਰੀ
ਪਿਓ ਦਾਦੇ ਨਾਲ ਖਿਝਦੀ ਖਿਝਦੀ
ਅਰਥ ਜੀਵਨ ਦੇ ਕੀ ਏ ਬਾਬਾ
ਪਿਓ ਪੁੱਤਰਾਂ ਅੱਗੋਂ ਫੋਕਾ ਫੋਕਾ ਹੱਸ ਛੱਡਣਾ
ਤੂੰ ਜੀਵਨ ਦਾ ਅਰਥ ਕੀ ਕਰਨਾ ਏਂ
ਜੋਤੀ ਰਾਵਲ ਜਿੰਦਲ ਜਿੱਤਲ ਝੁਮਰਾ ਮਾਨ ਤੇ ਸੱਤੀ
ਗਲੀਓ ਗਲੀ ਇਹਨਾਂ ਜੱਲੀ ਪਾਉਂਦਿਆਂ ਨਾਲ ਸ਼ਮਸ ਦੇ ਜਾਣਾ

ਮੈਂ ਉੱਜਲੀ ਤਾਂ ਚੜ੍ਹਿਆ ਸੂਰਜ ਦਮ ਦਮ ਰਿਸ਼ਮ ਹਜ਼ੂਰੀ
ਪੋਰੀ ਪੋਰੀ ਨਿੱਘ ਸੱਜਣ ਦਾ ਨਾ ਕਾਈ ਨੇੜ ਨਾ ਦੂਰੀ
ਮੈਂ ਉੱਜਲੀ ਕਾਈ ਮਿਹਰ ਨਾ ਮੁਹਰੇ ਨਾ ਕਾਈ ਅੱਗੜ ਪਿਛੋਕੜ
ਮੈਂ ਉੱਜਲੀ ਤੇ ਨਾ ਨਫ਼ਰ ਨਾ ਅਫ਼ਸਰ
ਨਾ ਕਾਈ ਸਦਰ ਸਦੂਰ ਵਜ਼ੀਰੀ ਨਾ ਪੇਸ਼ੀ ਪਾ ਪੋਸ਼ੀ
ਨਾ ਠਾਣੇ ਨਾ ਘੋਲੋ ਘਾਣੇ
ਨਾ ਤਹਿਸੀਲ ਵਕੀਲ ਵਸੀਲੇ
ਮੈਂ ਉੱਜਲੀ ਤੇ ਮੈਂ ਸ਼ਹੁ ਸਮੰਦਰ
ਲੂੰ ਲੂੰ ਦੇ ਮੁੱਢ ਲੱਖ ਲੱਖ ਅਖੀਆਂ ਨਿੱਤ ਪੀਵਾਂ ਨਾ ਰੱਜਾਂ
ਮੈਂ ਉੱਜਲੀ ਤੇ ਉਖੜੇ ਬੂਹੇ
ਢਾ ਢੇਰੀ ਦੀਵਾਨ ਤੇ ਦਫ਼ਤਰ ਵਰਜਣ ਵਰਜਣ ਦਰਜੇ
ਢਾ ਢੇਰੀ ਬੰਨ੍ਹ ਕੂੜ ਦਲੀਲਾਂ ਹੱਕ਼ ਸੱਚ ਪਾਣੀ ਪਾਣੀ
ਮੈਂ ਉਜਲੀ ਤੇ ਫੂਕ ਲਫ਼ਾਫ਼ੇ
ਕਿਆ ਸੂਫ਼ੇ ਕਿਆ ਸਾਫ਼ੇ
ਧੂੰ ਕਾਗਜ਼ ਧੂੰ ਝਾਕੇ ਝੌਲੇ
ਮੈਂ ਉੱਜਲੀ ਖੁੱਲੀ ਲਿਖਤ ਸੱਜਣ ਦੀ ਰੋ ਰੋ ਹਰਫ਼ ਪਛਾਣਾ

(3)

ਸ਼ਮਸ ਦਵਾਲੇ ਮੁੰਡਿਆਂ ਕੁੜੀਆਂ
ਨੱਚ ਨੱਚ ਕਿੰਨਿਆਂ ਪਾਣੀ ਚੜ੍ਹਿਆ
ਖਵੱਜੇ ਖੱਤਰੀ ਅੰਦਰ ਵੜ ਵੜ ਕਰਨ ਵਿਚਾਰਾਂ ਲੱਗੇ
ਪੰਡਤ ਮੁਫ਼ਤੀ ਝੋਲੇ ਭਰ ਤਜਵੀਜ਼ਾਂ ਮਿੱਟੀ
ਲੈਣੀਂ ਲੱਗ ਗਏ ਕ਼ਿਲ੍ਹੇ ਦੇ ਬੂਹੇ
ਉਮਰੇ ਵੁਜ਼ਰੇ ਜੱਦੀ ਪੁਸ਼ਤੀ ਕੌੜਾਂ ਭੁੱਲ ਕੇ
ਇਕ ਦੂਜੇ ਨਾਲ ਖਿੰਦੇ ਖਿੰਦੇ ਜੁੜਨ ਸਲਾਹੀਂ

ਹੌਲੀ ਹੌਲੀ ਪੱਕੀਆ ਰਪੋਟਾਂ
ਸ਼ਮਸ ਏਜੰਟ ਏ ਵੈਰੀ ਰਾਜ ਦਾ ਘੱਲਿਆ
ਛੋਹਰ ਹਨ ਸਭ ਗੁੱਝੜੇ ਫੌਜੀ
ਕ਼ਿਲ੍ਹੇ ਤੇ ਧਾਵਾ ਕਰਨ ਦਾ ਮਤਾ ਪਕਾਈ ਬੈਠਾ ਏ
ਹੌਲੀ ਹੌਲੀ ਉਭਰ ਬਦਰੂ ਨੱਕੋ ਨੱਕ ਹੋਈ
ਇਕੋ ਜੇਹੀਆਂ ਸ਼ਕਲਾਂ ਵਾਲੇ

ਚਿੱਟ ਕੱਪੜੇ ਸੇਂਘੇ ਫਿਰਨ ਮਦਰੱਸੇ
ਕੀ ਕਰੀਏ ਜੀ ਕੰਮ ਜੋ ਹੋਇਆ ਨੌਕਰ ਬੰਦੇ
ਘਰੋਂ ਘਰੀਂ ਪਿਆਦੇ ਅੱਪੜੇ
ਆਪਣਾ ਪੁੱਤਰ ਵਰਜ ਲਓ
ਇਹ ਨਾਬਰ ਹੈ ਕਾਨੂੰਨ ਦਾ
ਇਹ ਦੀਨ ਦੁਨੀ ਏ ਅਮਨ ਚੈਨ ਦੀ ਨੀਂਹ ਬਰਬਾਦ ਪਿਆ ਕਰਦਾ ਏ।
ਕੱਲ ਸਰਕਾਰ ਨੂੰ ਸਖ਼ਤੀ ਕਰਨੀ ਪਈ ਤੇ ਜ਼ਿੰਮਾ ਤੁਹਾਡਾ ਹੋਸੀ

ਸ਼ਾਇਰ ਗਾਇਕ ਜ਼ਾਕਰ ਠਾਕਰ ਢੋਲ ਢੰਡੋਰੇ
ਲੋਕਾਂ ਨੂੰ ਹੁਸ਼ਿਆਰ ਕਰਨ ਲਈ ਗਲੀਆਂ ਵਿਚ ਖਲੋ ਗਏ
ਖਵੱਜਿਆਂ ਖੱਤਰੀਆ ਚੌਂਕਾਂ ਵਿਚ ਸਬੀਲਾਂ ਲਾਈਆਂ
ਸਾਡੀ ਤੈਂ ਹੱਥ ਡੋਰ ਸਾਹਿਬਾ ਸਾਡੀ ਤੈਂ ਹੱਥ ਡੋਰ
ਕੱਖੋਂ ਹੌਲੇ ਵਾਓਂ ਸੌਲੇ
ਜੋ ਮੂੰਹ ਖੋਲ੍ਹੇ ਓਹਦੇ ਅੰਦਰ
ਜੋ ਪੈਰ ਉਘਰੇ ਓਹਦੇ ਥੱਲੇ
ਨਾ ਕਾਈ ਅਜ਼ਰ ਨਾ ਜ਼ੋਰ ਸਾਹਿਬਾ
ਸਾਡੀ ਤੈਂ ਹੱਥ ਡੋਰ
ਭਾਵੇਂ ਤੂੰ ਹੋਵੇਂ ਭਾਵੇਂ ਹੋਰ ਸਾਹਿਬਾ
ਸਾਡੀ ਤੈਂ ਹੱਥ ਡੋਰ
ਮਾਪਿਆਂ ਮੁੰਡੇ ਕੁੜੀਆਂ ਡੱਕ ਲਏ
ਜੋਤੀ ਤੇ ਓਹਦੇ ਛੇਵੇ ਹਾਣੀ
ਰਾਵਲ ਝੁਮਰਾ ਜਿੰਦਲ ਜਿੱਤਲ ਮਾਨ ਤੇ ਸੱਤੀ
ਘਰੋਂ ਨੱਸ ਕੇ ਸ਼ਮਸ ਕੋਲ ਆ ਗਏ
ਪੰਜਵੇਂ ਬੂਹੇ ਓਹਨਾਂ ਲਾ ਲਏ ਡੇਰੇ
ਭੁੱਖੇ ਤੱਸੇ ਨਿੱਤ ਉਨੀਂਦਰੇ ਚੌਂਕੋ ਚੌਂਕ ਮਚਾਉਂਦੇ ਜੱਲੀਆਂ ਰਹੇ
ਉਭਰ ਬਦਰੂ ਹੌਲੀ ਹੌਲੀ ਕੰਢਿਓਂ ਬਾਹਰ ਹੋਈ
ਇਕ ਦੇਂਹੁ ਰਾਤੀਂ ਜੋਤੀ ਨੂੰ ਮਿਲਣ ਕੁਝ ਸਹੇਲੀਆਂ ਆਈਆਂ
ਗਲ ਵਿਚ ਪਾ ਕੇ ਬਾਹੀਂ ਆਖਣ ਲੱਗੀਆਂ
ਸਾਡੇ ਨਾਲ ਤੂੰ ਜੁਲ ਅੜੀਏ ਸਮਝਾ ਸ਼ਮਸ ਦੀ ਬਾਣੀ
ਢੇਰ ਸਾਰੇ ਅਸਾਂ ਕੱਠੇ ਕੀਤੇ ਹੋਏ ਨੇਂ ਬਏ ਵੀ ਹਾਣੀ
ਦੇਂਹੁ ਚੜ੍ਹਿਆ ਤੇ ਫਿਰੇ ਢੰਡੋਰੇ

ਸ਼ਮਸ ਦੇ ਡੇਰੇ ਕੋਲੋਂ ਜੋਤੀ ਸੋਭਾ ਮੱਲ ਦੀਵਾਨ ਦੀ ਜੋਤੀ
ਮੋਈ ਲੱਭੀ ਮੋਈ ਲੱਭੀ
ਤਨ ਤੇ ਲੀਰ ਨਾ ਕੋਈ
ਵੇਖੋ ਲੋਕੋ ਵੇਖੋ ਲੋਕੋ ਅੱਜ ਦੇ ਵਲੀ ਦੇ ਕਾਰਨੇ
ਵੇਖੋ ਲੋਕੋ ਵੇਖੋ ਲੋਕੋ
ਏਸ ਸਦੀ ਦੇ ਕੁਤਬ ਸਿਆਣੋ ਉੱਚੀਆਂ ਬੋਲੀਆਂ ਮਾਰਨੇ
ਹੱਟੀਆਂ ਉਤੋਂ ਲੋਕੀਂ ਉਠੇ, ਚੌੜ ਹਵੇਲੀਓਂ ਲੋਕੀਂ ਨਿਕਲੇ
ਪੌੜੀਆਂ ਢਲ ਢਲ ਲੋਕੀਂ ਉਤਰੇ
ਹੌਲੀ ਹੌਲੀ ਕਹਿਣ ਜਨਾਨੀਆਂ
ਕੱਪੜੇ ਕਿੱਧਰ ਗਏ ਨੀ ਓਹਦੇ
ਰਾਜ ਕ਼ਿਲ੍ਹੇ ਦੇ ਹੇਠ ਖਲੋਤੇ ਲੋਕੀਂ ਕੂਕਣ ਫੈਸਲਾ
ਮੁਫ਼ਤੀ ਹਮਦੁਲਦੀਨ* ਫ਼ਸੀਲੋਂ ਬੋਲਿਆ
ਅੱਜ ਹੱਥ ਤੁਹਾਡੇ ਫੈਸਲਾ, ਪੁੱਠੀ ਪੋਸ਼ ਲਹਾਓ ਇਹਦੀ
ਉੱਲਰ ਉੱਲਰ ਪੈਣ ਸਵਾਣੀਆਂ
ਜੱਗ ਦੇ ਪੜਦੇ ਲਾਹਵਣ ਵਾਲਿਆ ਅੱਜ ਹੋਇਓਂ ਨਾ ਨੰਗਾ
ਪੁੱਠੀ ਪੋਸ਼ ਲਹਾਓ ਇਹਦੀ, ਪੁੱਠੀ ਪੋਸ਼ ਲਹਾਓ ਇਹਦੀ
ਰਾਵਲ ਵੰਜ ਦੀਵਾਨ ਹੋਰਾਂ ਦੇ ਅੱਗੇ ਰੁੰਨਾ
ਸਭ ਕੁਫ਼ਰ ਕੂੜ ਏ
ਸੋਭਾ ਮੱਲ ਜੀ ਰਾਜ ਮਹੱਲੀਂ ਜਾ ਕੇ ਰੁੰਨੇ
ਮੈਂਡਾ ਪੁੱਤਰ ਰਾਤੀਂ ਸ਼ਮਸ ਦੇ ਡੇਰੇ ਆਹਾ
ਮੈਂਡੀ ਧੀ ਮੈਂਡਾ ਬੱਗਾ ਸਿਰ ਮੈਂਡੀ ਸਾਰੀ ਉਮਰ ਦੀ ਸੇਵਾ
ਸੋਭਾ ਮੱਲ ਜੀ ਭਲਾ ਲੋੜੀਂਦੇ ਹੋ ਤਾਂ ਮੁੜ ਜਾਓ
ਚੁੱਪ ਕਰਕੇ ਘਰ ਬਹਿ ਜਾਓ
ਤੁਹਾਡਾ ਪੁੱਤਰ ਰਾਤੀਂ ਸ਼ਮਸ ਦੇ ਡੇਰੇ ਆਹਾ
ਪੰਜਵੇਂ ਬੂਹਿਓਂ ਬਾਹਰ ਸ਼ਮਸ਼ ਦੇ ਡੇਰੇ ਝੁਮਰਾ ਆਖੇ
ਰਸਦ ਸਵਾਰੀ ਸਭ ਤਿਆਰ ਏ
ਸਾਈਆਂ ਏਥੋਂ ਨੱਸ ਜੁੱਲੀਏ
ਸ਼ਮਸ ਆਖਿਆ
ਆਪਣੇ ਆਪ ਨੂੰ ਛੋੜ ਕੇ ਨੱਸੀਏ ਵੱਲ ਕਦਾਈਂ ਜਾਈਏ
ਜਿੰਦਲ ਆਖੇ

* *ਹਮਦ-ਉਲ-ਦੀਨ*

ਏਸ ਵੇਲੇ ਅਸਾਂ ਜਾਈਏ ਖਿੰਡ ਫੁੱਟ ਲੁਕ ਛੁਪ ਕੇ ਹਥਿਆਰ ਲਿਆਈਏ
ਹੋਰਾਂ ਸ਼ਹਿਰਾਂ ਵਿਚੋਂ ਨਾਲ ਰਲਾਈਏ ਸਾਥੀ
ਵੱਤ ਮੁਲਤਾਨ ਦੀ ਇੱਟ ਨਾਲ ਇੱਟ ਵਜਾਈਏ
ਸੱਤੀ ਕਹੇ ਸਾਨੂੰ ਹਰਦਮ ਲੋੜ ਤੁਸਾਡੜੀ
ਮਾਨ ਕਹੇ
ਤੁਸਾਂ ਵਰ੍ਹਿਆਂ ਅਸਾਨੂੰ ਜੀਵਨ ਜਾਂਚ ਸਿਖਾਵਣੀ ਏ
ਸ਼ਮਸ਼ ਆਖਿਆ
ਵਰ੍ਹਿਆਂ ਨਾਲ ਨਾ ਵੇਲਾ ਮਿਣੀਏ
ਵਰ੍ਹੇ ਹਜ਼ਾਰਾਂ ਢੇਰੀ ਢੇਰੀ ਧੌਲੇ ਧੂੜ ਮਕਾਨਾਂ
ਹਿੱਕਾ ਘੜੀ ਸਾਨੂੰ ਹਸ਼ਰ ਦਿਹਾੜਾ
ਲੇਖਾ ਲੋਹ ਮੁਬਾਰਕ
ਜਿਹੜੀ ਰਾਹ ਵੇਂਦਿਆ ਬਾਂਹ ਫੜਲੀਏ
ਤੇ ਜੀਹਨੂੰ ਆਖ ਨਾ ਸਕੀਏ ਨਹੀਂ
ਜਾਓ ਨਿੱਤ ਨਾਲ ਤੁਹਾਡੇ ਥੀਸਾਂ
ਪਰ ਅੱਜ ਦੀ ਘੜੀ ਮੁਲਤਾਨੇ
ਮੈਂ ਅੱਜ ਦੀ ਘੜੀ ਮੁਲਤਾਨੇ

ਪੰਜਵੇਂ ਬੂਹਿਓਂ ਬਾਹਰ ਸਿਪਾਹੀ ਜੋਤੀ ਚਾਈ ਆ ਗਏ
ਹੱਟੀਆਂ ਛੱਡ ਕੇ ਉਠੇ ਲੋਕੀ ਛੱਡ ਹਵੇਲੀਆਂ ਨਿਕਲੇ ਲੋਕੀ
ਹੁੰਮ ਹੁੰਮਾ ਕੇ ਆਏ
ਪੁੱਠੀ ਪੋਸ਼ ਲਹਾਓ ਇਹਦੀ, ਪੁੱਠੀ ਪੋਸ਼ ਲਹਾਓ ਇਹਦੀ

ਪੰਜਵੇਂ ਬੂਹਿਓਂ ਬਾਹਰ ਸ਼ਮਸ ਨੇ ਡਿੱਠੀ ਜੋਤੀ
ਨੀਲ ਨੀਲ ਓਹਦਾ ਪਤਲਾ ਪਿੰਡਾ
ਸਾਦੇ ਸਾਦੇ ਨੈਣ ਨਕਸ਼ ਓਹਦੇ ਅੱਤ ਉਜਾਲੇ
ਸ਼ਮਸ ਆਖਿਆ
ਵਾਹ ਓ ਸੱਜਣਾ
ਠੱਪ ਦਿਓ ਇਹਨੂੰ ਚਿੱਤਰ ਠੱਗ ਨੂੰ ਜਾਦੂਗਰ ਨੂੰ
ਹੋਰ ਨਾ ਫੰਡ ਵਖਾਵੇ
ਪੁੱਠੀ ਪੋਸ਼ ਲਹਾਓ ਏਹਦੀ
ਮੁੜ ਕਾਈ ਸਾਡੇ ਸ਼ਹਿਰ ਨਾ ਇਹ ਜੇਹਾ ਆਵੇ

ਪੁੱਠੀ ਪੋਸ਼ ਲਹਾਓ ਇਹਦੀ, ਪੁੱਠੀ ਪੋਸ਼ ਲਹਾਓ ਇਹਦੀ
ਸ਼ਮਸ ਆਖਿਆ
ਲੈ ਸੱਜਣਾ
ਅਸਾਂ ਲਾਹੇ ਪੁਰਾਣੇ ਤੁਧ ਘਰ ਆਵਣ ਦੀ ਤਿਆਰੀ
ਵੈਂਦੀ ਸ਼ਾਮ ਦੀ ਲਾਲੀ ਅੰਦਰ
ਵੇਖ ਜੋਤੀ ਨੂੰ ਸ਼ਮਸ ਆਖਿਆ
ਲੈ ਸੱਜਣਾ
ਅਸਾਂ ਜਾਗਣ ਹਾਰੇ, ਤੈਡੀਂ ਜਾਗ ਤੋਂ ਨੀਂਦਰ ਵਾਰੀ

(4)

ਵੈਂਦੀ ਸ਼ਾਮ ਦੀ ਲਾਲੀ ਅੰਦਰ ਵੇਖ ਸ਼ਮਸ ਨੂੰ ਓਹਦੇ ਸਾਥੀ
ਮੂਲ ਨਾ ਰੋਏ
ਰਾਵਲ ਝੁਮਰਾ ਜਿੰਦਲ ਜਿੱਤਲ ਮਾਨ ਤੇ ਸੱਤੀ
ਵਾਰੀ ਵਾਰੀ ਅਗਾਂਹ ਹੋਏ
ਸ਼ਮਸ ਦੀ ਰੱਤ ਨਾਲ ਪੋਟੇ ਭਰ ਕੇ ਇਕ ਦੂਜੇ ਦੀ ਸੀਨੇ ਲਾਏ
ਸਿਪਾਹੀ ਹੱਟ ਗਏ
ਚੁੱਪ ਚਾਪ ਉਹ ਪੰਜਵੇਂ ਬੂਹਿਓਂ ਸ਼ਹਿਰ ਦੇ ਅੰਦਰ ਲੰਘੇ
ਚੁੱਪ ਚਾਪ ਸਭ ਬੁੱਢੜੇ ਗੱਭਰੂ
ਪਿੱਛੇ ਟੁਰ ਪਏ

ਕ਼ਿਲ੍ਹੇ ਨਗਾਰਾ ਵੱਜਿਆ
ਛੇਵੇ ਸਾਥੀ ਆਪ ਮੁਹਾਰੇ ਇਕ ਕਤਾਰੇ
ਵਧਦੇ ਆਏ
ਰੰਗ ਰੱਤਾ ਰੰਗਾਇਆ ਈ ਯਾਰ ਅਸਾਂ ਅੱਜ ਆਪੇ
ਰੰਗ ਰੱਤੜਾ ਹੋ ਮਨ ਮਿੱਤਰਾ
ਅਸਾਂ ਸਾਵੇ ਢੇਰ ਸਜਾਏ ਵਖਾਏ ਸਾਰੇ ਜੱਗ ਨੂੰ
ਜਿਸ ਅੰਦਰ ਧੂੰ ਧੁਖਾਇਆ ਵਲਾਇਆ ਓਸ ਅੱਗ ਨੂੰ
ਪਾਏ ਚੁੰਮ ਚੁੰਮ ਅੱਗ ਦੇ ਹਾਰ ਅਸਾਂ ਅੱਜ ਆਪੇ
ਰੰਗ ਰੱਤੜਾ ਹੋ ਮਨ ਮਿੱਤਰਾ
ਕਿਲ੍ਹਿਓਂ ਦਗੀਆਂ ਤੋਪਾਂ
ਇਕ ਇਕ ਕਰਕੇ ਲੋਕੀ ਕਿਰ ਗਏ
ਸੱਤੀ ਰਾਵਲ ਜਿੰਦਲ ਜਿੱਤਲ ਮਾਨ ਤੇ ਝੁਮਰਾ

ਮੈਂ ਸ਼ਮਸ ਮੈਂ ਆਪੇ ਸ਼ਮਸ ਗਏ ਕਹਿੰਦੇ ਛੇਵੇ ਸਾਥੀ
ਰੰਗ ਰੱਤੜਾ ਹੋ ਮਨ ਮਿੱਤਰਾ
ਰੰਗ ਰੱਤਾ ਰੰਗਾਇਆ ਈ ਯਾਰ ਤੇ ਬਹਿਣਾ ਮੋਹਰੇ
ਪਾਵਣਾ ਨੈਣੀਂ ਸੁਰਮਾ ਸੂਹਾ ਵੰਜਾ ਚਿੱਤ ਛੋਹਰੇ
ਰੰਗ ਰੱਤਾ ਰੰਗਾਇਆ ਈ ਯਾਰ ਪਛਾਣੇ ਜੱਗ ਸਾਰਾ
ਹੱਕ਼ ਕਰੜਾ ਹੋ ਹੱਕ਼ ਨਿਆਰਾ
ਕ਼ਿਲ੍ਹਿਓਂ ਲੱਥੇ ਜੱਥੇ
ਕ਼ਿਲ੍ਹਿਓਂ ਲਹਿ ਪਏ ਹਾਥੀ
ਸੱਤੀ ਰਾਵਲ ਜਿੰਦਲ ਜਿੱਤਲ ਮਾਨ ਤੇ ਝੁਮਰਾ
ਮੈਂ ਸ਼ਮਸ ਮੈਂ ਆਪੇ ਸ਼ਮਸ ਗਏ ਕਹਿੰਦੇ ਛੇਵੇ ਸਾਥੀ

ਸੜਕਾਂ ਉਤੇ ਭਾਜੜ ਮੱਚ ਗਈ
ਹੱਟੀਆਂ ਵਾਲੇ ਬਾਹਰੋਂ ਜੰਦਰੇ ਚਾੜ੍ਹ ਕੇ ਅੰਦਰ ਵੜ ਗਏ
ਲੋਕੀ ਭੱਜਦੇ ਰੈਸਤੋਰਾਨਾਂ ਅੰਦਰ ਲੰਘੇ
ਤੇ ਅੱਗੋਂ ਰੋਜ਼ ਸਲਾਮਾਂ ਮਾਰਨ ਵਾਲੇ ਬੈਰੇ ਦੇਣ ਦੁਹਾਈਆਂ ਲੱਗੇ
ਰੱਬ ਦਾ ਨਾਂ ਜੇ ਏਥੋਂ ਟੁਰ ਜਾਓ
ਸੜਕਾਂ ਉਤੋਂ ਹਾਰ ਮੋਤੀਆ ਵੇਚਣ ਵਾਲੇ ਗਏ ਅਯਾਣੇ
ਕੰਘੀ ਵੇਚਣ ਵਾਲੀਆਂ ਮਾਈਆਂ ਗਈਆਂ
ਪੰਜਵੇਂ ਬੂਹੇ ਬਾਹਰ ਕੀ ਹੋਇਆ ਕਿਸੇ ਨੂੰ ਰਿਹਾ ਨਾ ਚੇਤੇ

ਹੁੰਮ ਰਾਤ ਦਾ ਮੁਸ਼ਕ ਮੋਏ ਦੀ ਆਪਣੇ ਵਜੂਦੋਂ ਆਵਣ ਲੱਗੀ
ਨੱਕਾਂ ਹੇਠ ਰੁਮਾਲਾਂ ਨਾਲ ਵੀ ਕੁਝ ਨਾ ਬਣਿਆ
ਇਤਰ ਲਵੈਂਡਰ ਪਾਣੀ ਥੀ ਗਏ
ਛਿੜਕਣ ਤੇਲ ਦਵਾਈਆਂ ਮੁੱਕੀਆਂ
ਹੱਥ ਹੱਥ ਲੰਮੀਆਂ ਸੁਰਖ਼ੀਆਂ ਆਈਆਂ
ਕੁਝ ਨਹੀਂ ਹੋਇਆ ਕੁਝ ਨਹੀਂ ਹੋਇਆ
ਪਰ ਲਿਖਿਆ ਜੋ ਕੁਝ ਮਰਜ਼ੀ ਆਖੇ
ਹੇਠੋਂ ਕਾਗਜ਼ ਕੋਰਾ ਹਾਂ
ਜਿਵੇਂ ਮੋਰੀਆਂ ਉਪਰ ਚੂਨਾ ਕੇਰਿਆ ਹੋਵੇ
ਯਾਰ ਯਾਰ ਨੂੰ ਮਿਲੇ ਤਾਂ ਸਹੀ
ਭਰਾ ਭਰਾਵਾਂ ਨਾਲ ਮਿਲਣ ਤਾਂ ਸਹੀ ਉਚੇਚਾ

ਆਪਣੇ ਕੋਲ ਖਲੋਣ ਜੋ ਹੋ ਗਿਆ ਔਖਾ
ਹੁੰਮ ਰਾਤ ਦਾ ਸੌਣ ਗੋਲੀਆਂ ਫੱਕਣ ਬਾਝ ਨਾ ਹੀਲਾ
ਧੰਮੀ ਗਰਮ ਹਮਾਮ ਦਾ ਤੌਲੀਆ ਭਿੱਜਾ
ਇੰਜ ਲੱਗਾ ਜਿਵੇਂ ਕ਼ਿਲ੍ਹੇ ਨਗਾਰੇ ਗੜ੍ਹਕੇ
ਮੁਫ਼ਤੀ ਹਮਦੁਲਦੀਨ ਤੇ ਸਾਥੀ ਹੌਲੀ ਹੌਲੀ
ਤਿੱਲੇਦਾਰ ਉਛਾੜ ਮਖਮਲੀ
ਚਾਈ ਸ਼ਮਸ ਸਗ੍ਹਾਂਦੀ ਆਏ
ਬੱਗੀਆਂ ਦਾੜ੍ਹੀਆਂ ਭਿੱਜੀਆਂ
ਹਜ਼ਰਤ ਸ਼ਮਸ ਜੀ ਕ਼ੁਤਬ ਰੱਬਾਣਾ
ਦਰਦਮੰਦਾਂ ਕੂੰ ਦੱਸ ਦਰਮਾਣਾ

"ਮੁਲਤਾਨ ਸ਼ਹਿਰ ਦੀ ਵਾਰ" ਦੀ ਪਹਿਲੀ ਝਾਕੀ ਪੰਜ ਬੂਹਿਆਂ ਵਾਲੇ ਸ਼ਹਿਰ ਦੀ ਦੱਸ ਪਾਉਂਦੀ ਏ। ਚਾਰ ਬੂਹੇ ਖੁੱਲ੍ਹੇ ਨੇਂ ਤੇ ਪੰਜਵਾਂ ਬੰਦ ਏ। ਚਾਰ ਬੂਹਿਆਂ ਦੇ ਚਾਰ ਬਜ਼ਾਰ ਦਿੱਸਦੇ ਨੇਂ। ਜਿਹੜੇ ਬਜ਼ਾਰੀਂ ਅੰਦਰ ਲੰਘੋ ਧੁਰ ਵਿਚਕਾਰ ਰਾਜ ਕ਼ਿਲ੍ਹੇ ਦਾ ਲਿਸ਼ਕਾਰਾ ਏ। ਰਾਜ ਕ਼ਿਲ੍ਹੇ ਦੀ ਹਰ ਸ਼ੈਅ ਵਿਚ ਦੋਹਰ ਏ। ਬੁਰਜ, ਝਰੋਖੇ, ਫਸੀਲਾਂ ਸਭ ਦੋਹਰੇ ਨੇਂ। ਦੋਹਰ ਉਸਾਰੀ ਦਸੇਂਦੀਂ ਏ ਜੋ ਕੁਝ ਲੁਕਾਵਣ ਦਾ ਆਹਰ ਏ। ਦੋਹਰ ਨਿਰੀ ਜ਼ਾਹਿਰ ਦੀ ਨਹੀਂ ਅੰਦਰ ਦੀ ਏ। ਸੋਚ ਵਿਚ ਦੋਹਰ ਬਣਦੀ ਏ ਤੇ ਕੰਮ ਵਿਚ ਆਉਂਦੀ ਏ। ਸ਼ਹਿਰ, ਕਾਰ-ਵਪਾਰ ਲਈ ਪਾਏ ਗਏ ਵੱਡੀਆਂ ਮੰਡੀਆਂ ਬਨਾਵਣ ਕੀਤੇ। ਹਾਕਮ ਮੇਲ ਦੀ ਵੱਖਰੀ ਵੱਸੋਂ ਤੇ ਰੁਅਬ ਬਨਾਵਣ ਕੀਤੇ। ਦੋਹਰ, ਵਖਰੇਵੇਂ ਦਾ ਈ ਇਕ ਰੂਪ ਏ। ਰਾਜ ਕ਼ਿਲ੍ਹੇ ਅੰਦਰ ਵੇਖੋ ਤਾਂ ਇਕ ਹੋਰ ਸ਼ਹਿਰ ਆਬਾਦ ਏ। ਓਸ ਵਿਚ ਰਾਜ ਮਹਿਲ, ਛਾਉਣੀ, ਦਰਬਾਰ, ਕਚਹਿਰੀ, ਮੀਰ-ਵਜ਼ੀਰਾਂ ਦੀਆਂ ਹਵੇਲੀਆਂ, ਗੋਦਾਮ, ਬੰਦੀਖ਼ਾਨੇ, ਤਬੇਲੇ। ਰਾਜ ਕ਼ਿਲ੍ਹੇ ਤੇ ਰੱਬ ਦਾ ਸਾਇਆ ਏ ਸੋ ਓਥੇ ਸੁੱਖ ਏ ਹਰ ਪਾਸੇ, ਰਾਜ ਕ਼ਿਲ੍ਹੇ ਦਵਾਲੇ ਵੱਸਦੇ ਸ਼ਹਿਰ ਅੰਦਰ ਦੁੱਖ ਦੀ ਦੁੱਖ ਏ। ਦੇਹੁੰ ਪਰ ਰਾਤ ਕੰਮੀਂ ਰੁੱਝਿਆਂ ਵੀ ਭੁੱਖ-ਨੰਗ ਦਾ ਦਾਰੂ ਨਹੀਂ ਕੋਈ। ਸੋਚਾਂ ਵਲੀ ਖਲੀਆਂ ਨੇ ਹਰ ਜੀਅ ਨੂੰ ਅੰਦਰ, ਜੋ ਇਤਨੀ ਔਖਤ ਝਾਗ ਕੇ ਵੀ ਅੰਦਰ ਸੱਖਣੇ ਰਹੇ ਤਾਂ ਕੀ ਬਣਸੀ। ਏਸ ਸੋਚ ਨੂੰ ਰਲ ਬਹਿ ਨਾ ਵਿਚਾਰਿਆ ਨਾ ਈ ਏਸ ਦਾ ਉਪਾਅ ਲੱਭਾ, ਸਗੋਂ ਏਸ ਸੋਚ ਨੂੰ ਅੰਦਰੋਂ ਵਲਾਵਣ ਕੀਤੇ ਨਾਂ ਦੀ ਚੌਧਰ ਤੇ ਮੱਲ ਦੀ ਖੇਡੇ ਲੱਗੇ ਸਾਰੇ। ਕਾਰ-ਵਪਾਰ ਵਿਚ ਮਨ ਲਾਇਆ ਯਾਰੀਆਂ ਕਮਾਈਆਂ, ਵੈਰ ਹੰਢਾਏ। ਅੰਦਰ ਦਾ ਦੁੱਖ ਅੰਦਰ ਦੱਬ ਕੇ ਸ਼ਾਹੀ ਫ਼ੁਰਮਾਨ ਮਨੀਂਦਿਆਂ ਜੀਵਨ ਲੰਘਾਉਂਦੇ ਰਹੇ। ਰਾਜ ਕ਼ਿਲ੍ਹੇ ਮਾਂ ਜਾਪੇ ਜੋ ਪਿਆਰ ਨਾਲ ਥਾਪੜ ਕੰਮ ਤੇ ਚਾ ਲਾਵੇ ਤੇ ਨਾਲ ਡਰਾਵੇ ਵੀ, ਤਾਂ ਜੋ ਹਨੇਰ ਹੈ ਹਨੇਰ ਈ ਰਹਵੇ, ਕੋਈ ਦੀਵਾ ਬਾਲਣ ਦਾ ਆਹਰ ਨਾ ਕਰੇ। ਧਰੋਹ-ਧਗਾਣ ਜੇਵੇਂ ਪਿਆ ਹੋਂਦਾ ਏ ਤੇਵੇਂ ਹੋਂਦਾ ਰਹਵੇ। ਨੀਂਦਰ ਵਿਚ ਈ ਜੀਵਨ

ਲੰਘ ਜਾਏ ਅਸਾਨੂੰ ਜਾਗ ਆਵੇ ਈ ਨਾ ਤੇ ਹੱਕ਼-ਸੱਚ ਦਾ ਰਸਤਾ ਬਣੇ ਈ ਨਾ। ਮੀਰ-ਵਜ਼ੀਰਾਂ ਦਾ ਜੀਵਨ ਕ਼ਿਲ੍ਹੇ ਦੇ ਅੰਦਰ ਈ ਏ, ਸਿਆਣੇ ਨੇਂ ਕ਼ਿਲ੍ਹਿਓ ਬਾਹਰ ਪੈਰ ਨਹੀਂ ਪਾਉਂਦੇ। ਜਿਓਂ ਮੱਛੀ ਪਾਣੀ ਤਰਦੀ ਅਜਬ ਚਾਲਾਂ ਚੱਲਦੀ ਏ ਪਰ ਪਾਣੀਓ ਬਾਹਰ ਆਵੇ ਤਾਂ ਮਰ ਵੇਂਦੀ ਏ, ਫੇਰ ਚਾਨੇ ਆਨੇ ਈ ਰਹਿ ਜਾਂਦੇ ਨੇਂ, ਇਹ ਮੀਰ-ਵਜ਼ੀਰ ਮੱਛੀਆਂ ਨੇਂ, ਕ਼ਿਲ੍ਹੇ ਦੀਆਂ, ਜੋ ਮਾੜਿਆਂ ਦੀ ਮਿਹਨਤ ਦੇ ਗੇੜੇ ਪਾਣੀ ਵਿਚ ਤਰਦੀਆਂ ਨੇਂ। ਕ਼ਿਲ੍ਹਿਓ ਬਾਹਰ ਵੱਡੀ ਕੰਧ ਹੇਠਾਂ ਇਕ ਹੋਰ ਦੁਨੀਆਂ ਆਬਾਦ ਏ। ਉਸਤਾਦ, ਮੌਲਵੀ, ਮੁਫ਼ਤੀ, ਸ਼ਾਇਰ, ਗਾਇਕ, ਹੋਰ ਕਸਬੀ, ਸਭ ਦਾ ਡੇਰਾ ਏ ਏਥੇ। ਕਦ ਰਾਜ ਕ਼ਿਲ੍ਹਿਓਂ ਆਵਾਜ਼ ਆਵੇ ਤੇ ਇਹ ਕੰਮ ਤੇ ਲੱਗਣ। ਕਾਮਿਆਂ ਰੋਜ਼ ਸਵੇਰੇ ਸ਼ਹਿਰੋਂ ਆਵਣਾ, ਸਾਰਾ ਦਿਨ ਕੰਮ ਕਰਨਾ, ਗਾਲ-ਮੰਦਾ ਵੀ ਖਾਣਾ ਤੇ ਸ਼ਾਮ ਪਈ ਸ਼ਹਿਰ ਪਰਤ ਜਾਣਾ।

ਕ਼ਿਲ੍ਹਿਓ ਬਾਹਰ ਬਾਜ਼ਾਰ ਨੇਂ, ਮੰਡੀਆਂ, ਕਾਰ-ਵਪਾਰ ਜੋ ਖਵੱਜੇ-ਖੱਤਰੀ ਚਲਾਉਂਦੇ ਨੇਂ। ਉਹਨਾਂ ਆਪਣੀਆਂ ਵੱਖ ਹਵੇਲੀਆਂ ਤੇ ਕੰਮੀਂ ਰੱਖੇ ਹੋਏ ਨੇਂ। ਅਸਲ ਤਾਕਤ ਖਵੱਜੇ-ਖੱਤਰੀਆਂ ਕੋਲ ਏ। ਉਹ ਹਨ ਤੇ ਕ਼ਿਲ੍ਹਿਓ ਬਾਹਰ ਪਰ ਕ਼ਿਲ੍ਹੇ ਅੰਦਰ ਮੀਰ-ਵਜ਼ੀਰ ਸਭ ਇਹਨਾਂ ਦੇ ਕਰਜ਼ਾਈ ਨੇਂ। ਇਹ ਆਪਣਾ ਵਪਾਰ ਵਧਾਵਣ ਕੀਤੇ ਆਪਣੀ ਮਰਜ਼ੀ ਦੇ ਫ਼ੁਰਮਾਨ ਕ਼ਿਲ੍ਹਿਓਂ ਮੰਗਵਾਂਦੇ ਨੇਂ, ਛੋਟਾਂ ਲੈਂਦੇ ਨੇਂ ਤੇ ਅੰਦਰ ਵਾਲਿਆਂ ਨੂੰ ਵਿਚੋਂ ਹਿੱਸਾ ਦੇਂਦੇ ਨੇਂ। ਕ਼ਿਲ੍ਹੇ ਦੇ ਬੁਰਜਾਂ ਤੋਂ ਹਰ ਘਰ ਅੰਦਰ ਝਾਤੀ ਪੈਂਦੀ ਏ। ਘਰਾਂ ਅੰਦਰ ਦੋਹਰੇ ਜੋੜੇ ਤੇ ਦੋਹਰੇ ਭਾਂਡੇ ਨੇਂ। ਉਹ ਦੋਹਰ ਜੋ ਉਤੋਂ ਟੁਰਦੀ ਏ ਹੇਠਾਂ ਤੀਕ ਆਉਂਦੀ ਏ। ਇਕ ਆਮ ਵਰਤੋਂ ਵਿਚ ਏ ਤੇ ਦੂਜੀ ਵਖਾਵੇ ਲਈ। ਕੰਮੀਆਂ ਕੋਲ ਵੀ ਦੋਹਰੇ ਜੋੜੇ ਨੇਂ, ਇਕ ਕ਼ਿਲ੍ਹੇ ਪਾਵਣ ਲਈ ਦੂਜਾ ਪਛਤਾਵਣ ਲਈ। ਖਵੱਜੇ-ਖੱਤਰੀ ਪੂਰੇ ਈ ਦੁਈ ਵਿਚ ਨੇਂ, ਸੋ ਉਹਨਾਂ ਨੂੰ ਦੋਹਰ ਰੱਖਣ ਦੀ ਲੋੜ ਈ ਨਹੀਂ। ਉਹ ਹਨ ਈ ਦੁਈ ਦਾ ਨਿਸ਼ਾਨ। ਓਹੀ ਡੱਬ-ਖੜੱਬਾ ਪਾਉਂਦੇ ਨੇ ਸਾਰੀ ਹਯਾਤੀ। ਵੇਲਾ ਲੰਘਦਾ ਗਿਆ। ਏਸੇ ਦੋਹਰ ਅੰਦਰ ਜੀਵਨ ਜਾਲਦਿਆਂ, ਰੁੱਤਾਂ ਆਈਆਂ ਤੇ ਗਈਆਂ। ਕਈ ਪੀੜ੍ਹੀਆਂ ਲੰਘੀਆਂ ਪਰ ਅੰਦਰੋਂ ਅੱਖ ਨਾ ਖੁੱਲ੍ਹੀ, ਜਾਗ ਨਾ ਲੱਗੀ, ਜੋ ਹਸਤੀ ਬਣਾਵੇ, ਉਸਾਰੇ, ਹੁੰਦੀ-ਵਾਪਰਦੀ ਨੂੰ ਪਰਖੇ, ਪੜਚੋਲੇ। ਦੋਹਰ ਨੂੰ ਸਮਝੇ ਤੇ ਇਕਾਈ ਦੀ ਲੀਹੇ ਲਾਵੇ।

ਸ਼ਹਿਰ ਤਾਂ ਅਸਾਂ ਵੇਖਿਆ ਹੁਣ ਸ਼ਹਿਰੋਂ ਬਾਹਰ ਜ਼ਮੀਨ ਏ ਖੁੱਲ੍ਹੀ, ਉਹ ਰੱਬ ਦੀ ਏ। ਰੱਬ ਦੀ ਜ਼ਮੀਨ ਦੇ ਮਾਲਕ ਤਾਂ ਹੋਏ ਰਾਜ ਕ਼ਿਲ੍ਹੇ ਦੇ ਰਾਜੇ। ਵਾਹਰ, ਰਾਹਕ, ਕੰਮੀਂ ਸਭ ਮਿੱਟੀ ਨਾਲ ਮਿੱਟੀ ਹੋ ਵਾਹੁੰਦੇ ਉਗਾਉਂਦੇ ਤੇ ਸਭ ਸ਼ਹਿਰਾਂ ਨੂੰ ਅਪੜਾਂਦੇ। ਇਹਨਾਂ ਦੀ ਕੀਤੀ ਸਿਰ ਸ਼ਹਿਰ ਵਧਣੇ, ਪਸਰਨੇ ਤੇ ਇਹਨਾਂ ਤੇ ਭਾਰ ਹੋਰ ਵਧਣਾ ਜੋ ਜਮ੍ਹਾ ਜਥਾ ਹੋਣੀ, ਜੋੜ ਕੇ ਇਹਨਾਂ ਵੀ ਸ਼ਹਿਰ ਟੁਰ ਪੈਣਾ। ਪਿੱਛੇ ਖੂਹ ਸੁੱਕ ਜਾਵਣੇ, ਪਸ਼ੂ ਮਰ ਮੁੱਕਣੇ। ਸ਼ਹਿਰ ਆ ਇਹਨਾਂ ਜੱਟਾਂ, ਖਵੱਜੇ-ਖੱਤਰੀਆਂ ਨਾਲ ਹਿੱਸੇਦਾਰੀ

ਬਣਾਣੀ, ਫ਼ਸੀਲ ਹੇਠ ਜਾ ਬਹਿਣਾ ਕਿਸੇ ਚੰਗੇ ਵੇਲੇ ਦੀ ਉਡੀਕ ਵਿਚ ਜਾਂ ਪੰਜਵੇਂ ਬੂਹੇ ਹੇਠ ਵੱਗਦੀ ਬਦਰੂ ਤੇ ਜਾ ਡੇਰੇ ਲਾਉਣੇ।

ਏਸ ਵੱਸਦੇ ਸ਼ਹਿਰ ਦਾ ਨੰਗ ਵਖਾਲਦੀ ਏ ਬਦਰੂ। ਜੋ ਰਾਜ ਕ਼ਿਲ੍ਹਿਓਂ ਟੁਰਦੀ ਹੇਠੋ-ਹੇਠ ਵੱਗਦੀ ਸਲੇਟੀ ਗਾਰ ਬਣ ਬਜ਼ਾਰੋਂ ਲੰਘਦੀ ਪੰਜਵੇਂ ਬੂਹਿਓਂ ਬਾਹਰ ਆਉਣੀ। ਏਸ ਦੇ ਕੰਢਿਆਂ ਉੱਪਰ ਕੰਮੀਆਂ ਦੀਆਂ ਝੁੱਗੀਆਂ ਨੇਂ। ਝੁੱਗੀਆਂ ਜੋਗੀ ਸ਼ਹਿਰ ਵਿਚ ਤੇ ਥਾਂ ਹੋਈ ਕੋਈ ਨਾ। ਉਂਜ ਵੀ, ਝੁੱਗੀ ਵੱਡੀਆਂ ਹਵੇਲੀਆਂ ਵਿਚਕਾਰ ਕੋਹਜ ਏ। ਇਹ ਬੇਸੁਰਤ ਲੋਕ ਨੇਂ ਕੰਮੀਂ। ਆਪਣੀ ਸੱਤਿਆ ਦਾ ਵਸਾਹ ਨਹੀਂ, ਨਾ ਈ ਸਮਝ। ਸਾਵਨ ਝੜੀਆਂ ਵਿਚ ਬਦਰੂ ਕੰਢਿਓਂ ਬਾਹਰ ਹੋਣੀ ਤੇ ਬਾਲਾਂ ਓਸ ਵਿਚ ਤਰਨਾ, ਖ਼ਬਰੇ ਪੁੱਠੀ ਵਗੇ ਤੇ ਕ਼ਿਲ੍ਹੇ ਅੰਦਰ ਲੈ ਜਾਵੇ। ਸੌਂਦੇ-ਜਾਗਦੇ ਸੁਫ਼ਨੇ ਕ਼ਿਲ੍ਹੇ ਦੇ ਈ ਵੇਖਣੇ।

ਪੰਜਵੇਂ ਬੂਹੇ ਹੇਠ ਵੱਸਣ ਵਾਲਿਆਂ ਕਦੀਂ ਬੂਹਾ ਵੇਖਿਆ ਈ ਨਾ। ਜੰਗਾਲ ਖਾਧਾ, ਖੁਰਿਆ-ਭੁਰਿਆ ਬੂਹਾ ਕੰਧ ਈ ਹੋ ਗਿਆ ਸੀ। ਜ਼ਨਾਨੀਆਂ ਓਸ ਤੇ ਪਾਥੀਆਂ ਲਾਉਂਣੀਆਂ। ਸ਼ਹਿਰ ਦੇ ਠੇਕੇਦਾਰਾਂ ਟੈਕਸ ਉਗਰਾਹਵਣ ਆਉਣਾ ਤੇ ਲੋਕਾਂ ਪਾਥੀਆਂ ਲਾਹ ਲੈਣੀਆਂ। ਕੰਧ ਤਾਂ ਸਰਕਾਰੀ ਹੋਈ ਸੂ, ਲੋਕਾਂ ਦੀ ਵਰਤੋਂ ਲਈ ਤਾਂ ਨਹੀਂ ਨਾ।

ਇਹ ਪਹਿਲੀ ਝਾਕੀ ਮੁਲਤਾਨ ਸ਼ਹਿਰ ਦੀ ਕੁੱਲ ਵਸੋਂ ਦਾ ਜੀਵਨ ਦਸੇਂਦੀ ਏ। ਕੁੱਲ ਇਨਸਾਨਾਂ ਦਾ ਇਕ ਹੋਂਦਿਆਂ ਵੀ ਉੱਚ ਝਿਕ ਵਿਚ ਜੀਵਨ ਜਾਲਣ ਤੇ ਰਿਜ਼ਕ ਦੀ ਅਸਾਂਝੀ ਵੰਡ ਦੇ ਦਿੱਤੇ ਭੁੱਖ-ਦੁੱਖ ਵੱਲ ਸੈਂਨਤਰ ਕਰਦੀ ਏ। "ਮੁਲਤਾਨ ਸ਼ਹਿਰ" ਕੋਈ ਨਿਰਾ ਇਕ ਮੁਲਤਾਨ ਈ ਨਹੀਂ ਸਗੋਂ ਹਰ ਓਸ ਵਸੋਂ ਦਾ ਨਿਸ਼ਾਨ ਏ ਜੋ ਮੇਲਬੰਦ ਏ। ਹਰ ਉਹ ਸ਼ਹਿਰ ਏ ਜੋ ਅੱਤ ਸਿਆਣਿਆਂ ਮਾੜਿਆਂ ਦੀ ਕਰਨੀ ਸਾਂਭ ਉਸਾਰਿਆ। ਲਾਹਾ ਜੋੜ ਬਾਦਸ਼ਾਹੀਆਂ ਬਣਾਈਆਂ, ਕਰ ਜੋੜ ਫੌਜਾਂ ਬਣਾ ਮਾੜਿਆਂ ਨੂੰ ਦੱਬਲਿਆ, ਨਿੱਕੀਆਂ-ਨਿੱਕੀਆਂ ਰਲ ਵੱਸਦੀਆਂ ਟਾਬਰੀਆਂ ਜੁੜ ਕੇ ਤਾਕਤ ਬਣੀਆਂ ਮੁੜ ਜਿਸ ਕੋਲ ਜਿਤਨੀ ਤਾਕ਼ਤ ਉਤਨੀ ਜੂਹ ਦਾ ਉਹ ਮਾਲਕ। ਇਹ ਵਡਿਆਈਆਂ, ਮਾਲਕੀਆਂ ਤਾਂ ਈ ਕਾਇਮ-ਦਾਇਮ ਨੇਂ ਜੋ ਪੰਜਵਾਂ ਬੂਹਾ ਬੰਦ ਏ। ਪੰਜ ਤੱਤ ਅੱਗ, ਪਾਣੀ, ਮਿੱਟੀ, 'ਵਾ ਤੇ ਪੰਜਵਾਂ ਬੰਦੇ ਦੇ ਅੰਦਰ ਦੀ ਉਹ ਸਕਤ ਜੋ ਸਾਂਝ ਸੁਰਤ ਏ। ਜੋ ਰਿਸ਼ਤਾ ਏ ਹਰ ਸ਼ੈਅ ਦੇ ਵਿਚਕਾਰ, ਉਹ ਹੈ ਤੇ ਇਨਸਾਨ ਹੈ। ਉਹ ਪੰਜਵਾਂ ਤੱਤ ਨਹੀਂ ਤਾਂ ਸਮਝੋ ਪਹਿਲੇ ਚਾਰ ਵੀ ਨਾਂ ਦੇ ਈ ਹੋਏ। ਸ਼ਹਿਰ ਵਸੇਂਦਿਆਂ ਅੰਦਰ ਜੋ "ਗੰਢ ਜੋ ਖੂੰ" ਦੀ ਏ ਉਹ ਏਸੇ ਪੰਜਵੇਂ ਤੱਤ ਤੋਂ ਬੇਸੁਰਤੀ ਪਾਰੋਂ ਏ। ਪਿੰਜਰਾ ਇਹ ਵਿਹਾਰ ਏ ਜਿਸ ਵਿਚ ਕੰਮੀ ਡੱਕੇ ਹੋਏ ਨੇਂ। ਕ਼ਿਲ੍ਹਾ ਨਿਸ਼ਾਨ ਏ ਹੁਕਮ ਦਾ, ਏਸ ਲਈ ਤਾਂ ਰੱਬ ਦੇ ਸਾਏ ਹੇਠ ਏ। ਏਥੋਂ ਜੋ ਫ਼ੁਰਮਾਨ ਆਇਆ, ਕਮਲੇ ਲੋਕਾਂ ਰੱਬ ਦਾ ਹੁਕਮ ਸਮਝ ਮੰਨਣਾ ਏ, ਆਪਣਾ ਪੰਜਵਾਂ ਤੱਤ ਜੋ

ਭੁਲਾ ਬੈਠੇ। ਸ਼ਹਿਰੋਂ ਬਾਹਰ ਭੋਇੰ ਵਾਹਣ-ਉਗਾਵਣ ਵਾਲੇ ਜੱਟ ਆਪਣੇ-ਆਪ ਨੂੰ ਹੀਣਾ ਜਾਣਦੇ ਨੇਂ। ਸਭ ਲਈ ਰਿਜ਼ਕ ਦਾ ਪ੍ਰਬੰਧ ਕਰਨ ਵਾਲੇ ਸਾਰਾ ਕਰਕੇ ਵੀ ਨਮੋਸ਼ੀ ਮੱਥਿਆਂ ਤੇ ਲਈ, ਨੀਵੀਂ ਪਾਈ, ਫਿਰਦੇ ਨੇਂ। ਜਿਤਨਾ ਵੱਡਾ ਕੰਮ ਪਏ ਕਰੇਂਦੇ ਨੇਂ ਉਸ ਦਾ ਕੋਈ ਮਾਣ ਨਹੀਂ, ਕਾਰਨ, ਆਪਣੇ ਪੰਜਵੇਂ ਤੱਤ ਨੂੰ ਵਿਸਰਨ ਏ। ਪੰਜਵਾਂ ਬੂਹਾ, ਏਸੇ ਪੰਜਵੇਂ ਤੱਤ ਦਾ ਨਿਸ਼ਾਨ ਏ। ਜੋ ਇਸ਼ਕ ਏ, ਨਾਬਰੀ ਏ, ਵਿਹਰ ਏ ਇਹਨਾਂ ਕੰਮੀਆਂ ਦੀ, ਜਿਸਨੂੰ ਪੰਜਵੇਂ ਬੂਹੇ ਓਹਲੇ ਕਰ ਬੂਹਾ ਬੰਦ ਕੀਤਾ ਏ ਸ਼ਹਿਰ ਨੇਂ। ਇਹ ਪੰਜਵੇਂ ਬੂਹੇ ਬੈਠੇ ਨੇਂ ਹੀਣ-ਮੇਲ ਝੁੱਗੀਆਂ ਪਾ ਕੇ ਪਰ ਸੁਰਤ ਨਹੀਂ ਕਿ ਅਸੀਂ ਤਾਂ ਅਸਲੋਂ ਕੋਲ ਹਾਂ, ਬਸ ਬੂਹਾ ਖੋਲ੍ਹਣ ਦੀ ਅਵੇਰ ਏ। ਇਹ ਬੂਹਾ ਖੁੱਲ੍ਹੇ ਤਾਂ ਸੁਰਤ ਪਰਤੇ ਆਪਣੀ ਹਸਤੀ ਦੀ ਤੇ ਅੰਦਰ ਦੇ ਦੁੱਖ ਦੀ ਸਾਰ ਹੋਏ। ਉਹ ਬੂਹਾ ਚਿਰੋਕਾ ਬੰਦ ਹੋ ਕੇ ਜੰਗਾਲ ਖਾਧਾ ਕੰਧ ਈ ਦਿੱਸਦਾ ਹੈ। ਬੂਹੇ ਨਾਲ ਕੋਈ ਰਿਸ਼ਤਾ ਨਾ ਬਣੇ, ਬੂਹਾ ਖੋਲ੍ਹਣ ਦੀ ਸੁਰਤ ਨਾ ਆ ਵੰਜੇ, ਇਹਨਾਂ ਬੇਸੁਰਤਿਆਂ ਨੂੰ, ਸੋ ਸਰਕਾਰੀ ਠੇਕੇਦਾਰ ਆ ਕੇ ਵੇਖਦੇ ਰਹਿੰਦੇ ਨੇਂ। ਉਂਝ ਬੂਹਾ ਤਾਂ ਇਤਨਾ ਜੰਗਾਲ ਖਾਧਾ ਏ ਕਿ ਇਕ ਛੋਹ ਨਾਲ ਈ ਢੈ ਪੋਸੀ। ਧ੍ਰੋਹ ਜਦ ਸਿਖਰ ਤੇ ਅਪੜਦਾ ਏ ਤਾਂ ਓਸ ਦੇ ਮੁੱਕਣ ਦਾ ਵੇਲਾ ਵੀ ਨਾਲ ਈ ਹੋ ਜਾਂਦਾ ਏ।

ਇਹ ਪੰਜਵਾਂ ਬੂਹਾ ਈ ਸੀ ਜਿਸ ਵਿਚੋਂ ਸ਼ਮਸ ਸ਼ਹਿਰ ਵੜਿਆ। ਬੂਹਾ ਰਾਹ ਏ ਅੰਦਰ ਜਾਵਣ ਦਾ, ਬੂਹਾ ਨਿਖੇੜ ਕਰਦਾ ਏ ਅੰਦਰ-ਬਾਹਰ ਦੀ। ਮਾਲਕੀ ਦਾ ਨਿਸ਼ਾਨ ਵੀ ਬੂਹਾ ਈ ਏ ਤਾਂ ਈ ਤੇ ਸ਼ਹਿਰਾਂ ਦੇ ਬੂਹੇ ਬੰਦ ਸਨ ਪਹਿਲੋਂ, ਤੇ ਆਮ ਖ਼ਲਕਤ ਜਿਸ ਕੰਮ ਕਰਨੇ ਸ਼ਹਿਰੀਂ ਵਸਦਿਆਂ ਦੇ, ਉਹਨਾਂ ਲਈ ਮੋਰੀ ਬੂਹਾ ਹੋਣਾ। ਅਜੇ ਨਿਸ਼ਾਨ ਤੇ ਯਾਦ ਜੀਊਂਦੀ ਏ ਮੋਰੀ ਦਰਵਾਜ਼ੇ ਦੀ ਲਹੌਰ ਸ਼ਹਿਰ ਅੰਦਰ। ਬੰਦਾ ਜਿਸ ਬੂਹਿਓਂ ਵੜੇ ਆਪਣੀ ਸਿਆਣ ਕਰਵਾਉਂਦਾ ਏ ਓਹੀ। ਚਾਰ ਬੂਹਿਆਂ ਦੇ ਰਾਹ ਸਿਧੇ ਬਜ਼ਾਰ ਚੋਂ ਲੰਘਦੇ ਰਾਜ ਕ਼ਿਲ੍ਹੇ ਅੱਪੜਦੇ। ਇਹ ਪੰਜਵਾਂ ਬੂਹਾ ਬਦਰੂ ਤੇ ਸੀ ਜਿਥੇ ਕੰਮੀਆਂ, ਮਾੜਿਆਂ, ਮਿਹਨਤੀਆਂ, ਕਸਬੀਆਂ ਦੀਆ ਝੁੱਗੀਆਂ ਸਨ। ਸੋ ਸ਼ਮਸ ਇਹਨਾਂ ਨੂੰ ਮਿਲਣ ਕੀਤੇ ਆਇਆ ਪੰਜਵਾਂ ਤੱਤ ਮਿਲਣ ਦਾ ਯਾਂ ਪੰਜਵੇਂ ਜਿਸ ਆਖ ਲਓ, ਜਿਸ ਮੋਏ ਮੁੱਕੇ ਅਹਿਸਾਸ ਨੂੰ ਮੁੜ ਜਵਾਲਣਾ ਏ। ਅੰਦਰ ਦੀ ਜੋ ਖੂੰ ਗੰਢ ਖੋਲ ਆਪਣੀ ਹਸਤੀ ਦੀ ਸਿਆਣ ਕਰਵਾਣੀ ਏ। ਲੋਕ ਗਾਉਣ, ਲੋਕ ਚੇਤਾ ਤੇ ਲੋਕ ਵਾਰ ਹੋਂਦੇ ਨੇਂ ਆਮਾਂ ਲੋਕਾਂ ਦੀ, ਤਾਂ ਈ ਕਿਸੇ ਇਕ ਦੇ ਨਾਵੇਂ ਨਹੀਂ ਲੱਗਦੇ। ਮਾੜਿਆਂ ਨਿਮਾਣਿਆਂ ਦੀ ਸਾਂਝੀ ਕਰਨੀ ਜਰਨੀ ਚੋਂ ਫੁੱਟਦੇ ਨੇਂ। ਵੇਲਾ ਉਹਨਾਂ ਨੂੰ ਭੁਲਾਵਣ ਦਾ ਤਰਲਾ ਮਰੇਂਦਾ ਏ ਪਰ ਸਾਂਝ ਦੀ ਪਾਣ ਚੜ੍ਹੇ ਚੇਤੇ ਨੂੰ ਕੇਵੇਂ ਵਿਸਾਰੇ ਵਿਹਾਰ। ਏਹੀ ਗਾਵਣ ਦੱਸ ਪਾਉਂਦੇ ਸਨ ਪੰਜਵੇਂ ਬੂਹੇ ਦੀ ਪਰ ਗਾਉਂਦਿਆਂ ਵੀ ਵਿਚਾਰੇ ਕਦੀਂ ਨਾ ਕਿਸੇ। ਵਿਚਾਰਨ ਵੀ ਕਿਸੇ ਖ਼ਾਸ ਵੇਲੇ ਵਿਚ ਈ ਹੋਂਦਾ ਏ। (ਹੁਣ ਵੇਖੋ ਤਸੱਵੁਫ਼ ਦਾ ਪ੍ਰਚਾਰ ਤੇ ਕਾਫ਼ੀਆਂ ਦਾ ਗਾਵਣ ਬਿਨ ਪੜਚੋਲੇ ਕੇਵੇਂ ਮੱਤ

ਮਾਰਦਾ ਏ ਪਿਆ) ਚਾਰ ਬੂਹਿਆਂ ਦੀ ਨਖੇੜ ਕਰਦੇ ਗਾਵਣ ਪੰਜਵੇਂ ਦਾ ਦੱਸਦੇ। ਚਾਰ ਬੂਹੇ ਸੁੱਕੀਆਂ ਵਗਦੀਆ ਨਹਿਰਾਂ ਨੇਂ ਤੇ "ਪੰਜਵਾਂ ਕਾਂਗ ਬਲਾ ਨੀ, ਠਿੱਲ ਵੇਖ ਨਜ਼ਾਰਾ" ਚਾਰ ਖੁੱਲ੍ਹੇ ਬੂਹੇ ਅਸਲੋਂ ਮੌਤ ਦਾ ਰਾਹ ਨੇਂ ਜੋ ਜੀਵਨ ਦਾ ਝਾਕਾ ਦੇ ਅੰਦਰ ਵਾੜਦੇ ਨੇਂ ਪਰ ਇਹਨਾਂ ਤੋਂ ਅੰਦਰ ਵੜਿਆ ਜੀਊਂਦਾ ਨਹੀਂ। ਚਾਰ ਬੂਹੇ ਸੱਖਣੇ ਨੇਂ ਪੰਜਵਾਂ ਭੰਡਾਰਾ ਏ ਜਿਥੇ ਕਰਨਹਾਰਾਂ ਦੇ ਡੇਰੇ ਨੇਂ। ਏਸ ਦੀ ਮਿੱਟੀ ਵਿਚ ਈ ਸ਼ਫ਼ਾ ਏ ਸ਼ਹਿਰ ਦੇ ਰੋਗ ਦੀ। ਪਰ ਪੰਜਵਾਂ ਜਦ ਖੁੱਲ੍ਹਿਆ ਤਾਂ ਕਿਸੇ ਨਾ ਗੌਲਿਆ ਕਿ ਪੰਜਵੇਂ ਦੇ ਬਾਹਰ ਕੌਣ ਖਲੋਤਾ ਏ ਪਾਥੀਆਂ ਲਾਵਣ ਵਾਲੀਆਂ ਲੜਨ-ਮਰਨ ਪਈਆਂ ਕਿ ਕਿਸ ਦੀਆਂ ਪਾਥੀਆਂ, ਕਿਸ ਲਾਹੀਆਂ ਨੇਂ। ਇਹਨਾਂ ਪਾਥੀਆਂ ਨਾਲ ਧੂੰ ਧੁਖਾਵਣ ਵਾਲਾ ਮੋਹਰੇ ਖਲਾ ਸੀ। ਨਾ ਈ ਸਿਆਤਾ ਕਿਸੇ, ਬੁੱਲ੍ਹਾ ਜੋ ਨਹੀਂ ਸੀ। ਓਸ ਵੇਲੇ ਉਹ ਹੋਂਦਾ ਤੇ ਨੱਚ ਗਾਉਂਦਾ, ਸ਼ਗਨ ਮਨਾਉਂਦਾ "ਕੌਣ ਆਇਆ ਪਹਿਨ ਲਿਬਾਸ ਕੁੜੇ" ਸ਼ਮਸ ਕੁਦਰਤ ਦਾ ਨਿਸ਼ਾਨ ਬਣ ਆਇਆ। ਮੋਏ ਜੀਆਂ ਅੰਦਰ ਮੁੜ ਜੀਵਨ ਪਰਤਾਵਣ ਕੀਤੇ, ਵਿਹਾਰੀ ਬੱਝਿਆਂ ਨੂੰ ਉਧਾਰਨ ਕੀਤੇ। ਪਰ ਸਿਆਤਾ ਕੋਈ ਨਾ ਕਿਸੇ ਵੀ ਸ਼ਮਸ ਨੂੰ।

ਦੂਜੀ ਝਾਕੀ ਦਸੇਂਦੀ ਏ ਜੋ ਸ਼ਮਸ ਨੇ ਪੰਜਵੇਂ ਬੂਹਿਓਂ ਬਾਹਰ ਡੇਰਾ ਲਾਇਆ। ਓਸ ਹਰ ਇਕ ਨੂੰ ਫੜ ਪੁੱਛਣਾ ਦੱਸ ਕੌਣ ਏਂ? ਹਰ ਇਕ ਨੂੰ ਤਰਲੇ ਪਾਉਣੇ "ਆਖ ਕਵਾਰਿਆ ਮੈਂ ਸ਼ਮਸ ਮੈਂ ਆਪੇ ਸ਼ਮਸ" ਸਮਸ਼ ਪੂਰੇ ਵਿਹਾਰ ਦਾ ਓਹਲਾ ਲਾਹ ਮੋਹਰੇ ਕਰਨਾ ਕਿ ਵੇਖੋ ਇਹ ਸਭ ਠੱਗੀ ਜੇ। ਤੇਰ-ਮੇਰ ਦਾ ਹਨੇਰ ਜੇ ਚਾਰ ਚੁਫ਼ੇਰੇ। ਆਪਣੀ ਜਾਣ-ਪਛਾਣ ਦੀ ਚਿੰਤਾ ਏ ਹਰ ਪਲ। ਆਪਣਾ ਅੰਦਰ ਈ ਦਲਦਲ ਬਣ ਗਿਆ ਏ। ਰਾਤ, ਦਿਨ ਕੀਤੀ ਦਾ ਝੋਰਾ ਬਣ ਆਉਂਦੀ ਏ। ਸੀਨੇ ਵਿਚ ਦਿਲ ਨਹੀਂ, ਹੱਟੀਆਂ ਨੇ, ਸੌਦਾ ਈ ਵੇਚਣਾ ਏ। ਅਹਿਸਾਸ ਸੌਦਾ ਬਣ ਗਿਆ ਏਂ। ਦਿਨ ਦਾ ਲਾਹਾ ਰਾਤ ਨੂੰ ਤਰ-ਵੱਟਕ ਬਣ ਜਾਂਦਾ ਏ। ਕਿਸ ਆਸ ਤੇ ਬੈਠੇ ਓ, ਜੋ ਹੈ ਉਹ ਸਭ ਆਪ ਕਰਨ ਹੈ। ਤੁਹਾਡੀ ਹੱਥ ਕੀਤੀ ਹੀ ਤੁਹਾਡੀ ਹੈ, ਅਸਮਾਨੋਂ ਕੁਝ ਨਹੀਂ ਡੁੱਲ੍ਹਣਾ। ਰਿਜ਼ਕ, ਇਲਮ, ਸਮਝ, ਸਭ ਉਹ ਏ ਜਿਸ ਵਿਚ ਆਪਣਾ ਤੱਤ-ਸਤ ਸ਼ਾਮਿਲ ਏ, ਜੋ ਸਾਂਝੀ ਮੈਂ ਦੀ ਕਰਨੀ ਏ। ਆਪਣੇ ਅੰਦਰ ਦੀ ਸਿਆਣ ਕਰ ਜਵਾਲੋ ਆਪਣੇ-ਆਪ ਨੂੰ ਤੇ ਵੇਖੋ ਕ੍ਰਿਸ਼ਮੇ ਕੁਦਰਤ ਦੇ। ਤੁਹਾਡੇ ਹੱਥ ਆਪ ਸਿਝ (ਸੂਰਜ) ਨੇਂ। ਕੁਦਰਤ ਤਾਂ ਆਖਦੀ ਏ ਤੁਹਾਡੀ ਸ਼ਾਹ-ਰਗ ਤੋਂ ਵੀ ਨੇੜੇ ਹਾਂ ਪਰ ਜੇ ਤੁਸੀਂ ਤੇਰ-ਮੇਰ ਦੀ ਬੋਲੀ ਬੋਲੋ ਤਾਂ ਉਹ ਨਹੀਂ ਕੁਦਰਤ ਲੇਖੇ ਲੱਗਦੀ। ਵਿਹਾਰ ਦਾ ਕੰਮ ਲਾਹਾ ਜੋੜਨ ਏ, ਇਹ ਅਜਿਹਾ ਖੋਬਾ ਏ ਜਿਸ ਵਿਚੋਂ ਨਿਕਲਣ ਨਹੀਂ ਦੇਂਦੀ, ਮੋਹ। ਹਰ ਵੇਲੇ ਆਪਣੀਆਂ ਸਿਫ਼ਤਾਂ ਸੁਨਣ ਤੇ ਆਪਣਾ ਸੌਦਾ ਵੇਚਣ ਦਾ ਰੌਲਾ। ਮਸੀਤ, ਮਦਰੱਸੇ ਸਭ ਠੱਗੀ ਸਿਖਾਵਣ ਦੇ ਅੱਡੇ, ਹਾਕਮੀ ਦਾ ਡਰ ਅੰਦਰ ਬਿਠਾਵਣ ਦੇ ਰਿੱਛ। ਦਿਲ ਦਰਿਆ ਨਹੀਂ ਹੁਣ ਰੇਤਾ ਏ ਸਭ। ਰੇਤ ਵਿਚ ਕੀ ਉੱਗਣਾ-ਫੁੱਟਣਾ

ਏ। ਵੀਰ ਕੁਦਰਤ ਈ ਹੈ ਹਰ ਪਾਸੇ ਜੋ ਵੱਧ ਸੋ ਵੱਧ ਦੇ ਚੱਕਰ ਵਿਚ ਪਾਈ ਰੱਖਦੀ ਏ। ਸ਼ਮਸ ਹਰ ਇਕ ਦੇ ਕੱਪੜੇ ਲੀਰੋ-ਲੀਰ ਕਰ ਦੇਣੇ ਤੇ ਲੋਕਾਂ ਰਾਹ ਵਲ-ਵਲ ਲੰਘਣਾ। ਸ਼ਮਸ ਹਰ ਰਾਹ ਤੇ ਲੱਭ ਜਾਣਾ ਤੇ ਏਹੋ ਆਖਣਾ ਆਪਣੀ ਸਿਆਣ ਕਰ, ਪੜਚੋਲ ਹੋਂਦੀ-ਵਾਪਰੀ ਨੂੰ। ਜੀਵਨ ਵਿਹਾਰ ਲੇਖੇ ਲਾ ਕੇ ਨਾ ਮੁਕਾ। ਇਹ ਤਾਂ ਅਣ-ਮੁੱਕਣਾ ਏ, ਏਸ ਨੂੰ ਪਛਾਣ। ਸ਼ਮਸ ਮਦਰੱਸੇ ਅੱਗੋਂ ਲੰਘਣਾ ਤਾਂ ਬਾਲਾਂ ਆਣ ਦਵਾਲੇ ਹੋਵਣਾ। ਬਾਲਾਂ ਨੂੰ, ਬਾਲਾਂ ਵਾਂਗ ਈ ਸ਼ਮਸ ਸਮਝਾਉਣਾ ਇਹ ਸਭ ਨਾਂ, ਨਾਵੇਂ ਦੀ ਖੇਡ ਜੇ, ਤੁਹਾਨੂੰ ਖੇਡਣੋਂ ਕੱਢ, ਕੰਮੀਂ ਲਾਵਣ ਦੇ ਪੱਜ ਜੇ ਸਾਰੇ। ਇਹ ਗੰਦ ਵਿਹਾਰ ਜੇ, ਜਿਸ ਤੁਹਾਨੂੰ ਲਬੇੜਣਾ ਏ ਆਪਣਾ ਇਲਮ ਪੜ੍ਹਾ ਕੇ। ਮਦਰੱਸਿਓਂ ਇਹ ਸੱਤ ਜੀਅ ਰਲੇ ਸ਼ਮਸ ਨਾਲ, ਜਿਨ੍ਹਾਂ ਅੰਦਰ ਪਹਿਲੋਂ ਈ ਇਹ ਪੁੱਛਾਂ ਹਰ ਵੇਲੇ ਮੌਜੂਦ ਸਨਃ

ਜੋਤੀ ਰਾਵਲ ਜਿੰਦਲ ਜਿੱਤਲ ਝੁਮਰਾ ਮਾਨ ਤੇ ਸੱਤੀ
ਗਲੀਓ ਗਲੀ ਇਹਨਾਂ ਜੱਲੀ ਪਾਉਂਦਿਆਂ ਨਾਲ ਸ਼ਮਸ ਦੇ ਜਾਣਾ

ਸ਼ਮਸ ਨਾਲ ਰਲ ਇਹ ਸੱਤ ਜੀਅ ਨਵੇਂ ਹੋਏ ਤਾਂ ਜਾਤੋ ਨੇਂ ਜੋ ਸਭ ਇਕ ਈ ਏ ਵਖਰੇਵਾਂ ਤਾਂ ਹੈ ਨਹੀਂ ਕੋਈ, ਅੱਗਾ-ਪਿੱਛਾ, ਮਾਲਕ-ਗ਼ੁਲਾਮ, ਹਾਕਮ-ਰਈਅਤ, ਪੁਲਸ-ਚੋਰ, ਵਕੀਲ-ਕਚਹਿਰੀਆਂ ਸਭ ਭਲਾਵੇ ਨੇਂ ਤੇਰ-ਮੇਰ ਦੇ ਪਾਏ। ਹਰ ਪਲ ਤੇ ਹਰ ਸਾਹ ਹਾਜ਼ਰ-ਨਾਜ਼ਰ ਏ, ਸੱਜਣ ਤੋਂ ਦੂਰੀ ਹੈ ਈ ਨਹੀਂ ਕੋਈ ਸਭ ਲਿਖਤਾਂ ਮੁੱਕੀਆਂ। ਪੜ੍ਹਨ ਜੋਗ ਤਾਂ ਸੱਜਣ ਦੀ ਲਿਖਤ ਸੀ ਜੋ ਅੱਖ ਦੀ ਝਿੱਲੀ ਪੜ੍ਹਨ ਨਾ ਦਿੱਤੀ। ਲੂੰ ਅੱਖੀਆਂ ਬਣੇ ਤਾਂ ਸੱਜਣ-ਲਿਖਤ ਸਿਆਤੀ, ਜਿਸਨੂੰ ਪੜ੍ਹ ਹੁਸੈਨ, ਬਾਹੂ, ਵਾਰਸ਼ ਤੇ ਬੁੱਲ੍ਹਾ ਸਦਾ ਪਏ ਜੀਵੇ। ਸਭ ਦਰਜੇ ਬੰਦੀਆਂ ਢਾਹ-ਢੇਰੀ ਕਰਕੇ ਹੀ ਸੱਜਣ ਮਿਲਾਵਾ ਏ।

ਸ਼ਮਸ ਦਿੱਤੀਆਂ ਇਹ ਸਮਝਾਂ ਵਿਹਾਰ ਨੂੰ ਕਦ ਵਾਰੇ ਸਨ। ਸ਼ਮਸ ਦੱਸਿਆ ਇਹ ਸਾਂਝ-ਲੀਹਾਂ ਤਾਂ ਨੀਂਹ ਹਿਲਾ ਵੱਸਣ ਮੱਲ ਵਿਹਾਰ ਦੀਆਂ, ਜੋ ਵਰ੍ਹਿਆਂ ਬੱਧੀ ਵਗਾਰੀਂ ਵਗਦੇ ਸਿਰ ਸੁੱਟ ਕੰਮੀਂ ਲੱਗੇ ਸਨ ਉਹ ਸਿਰ ਚੁੱਕਣ ਲੱਗੇ, ਆਪਣਾ ਹੋਵਣ ਸਮਝਣ ਲੱਗੇ। ਆਪਣੀ ਕੀਤੀ ਦੇ ਸਿਰ ਅਯਾਸ਼ੀ ਕਰਦਿਆਂ ਤੇ ਜ਼ੁਲਮ ਕਮਾਉਂਦਿਆਂ ਦੇ ਹੱਥ ਡੱਕਣ ਲੱਗੇ। ਪਾਣੀ ਸਿਰੋਂ ਲੰਘਣ ਲੱਗਾ ਤਾਂ ਸਾਰੇ ਉਮਰੇ, ਵੁਜ਼ਰੇ, ਪੰਡਿਤ, ਮੁਫ਼ਤੀ, ਖਵੱਜੇ, ਖੱਤਰੀ ਰਲ ਸਲਾਹੀਂ ਕਰਨ ਬੈਠੇ, ਏਸ ਹੋਣੀ ਨੂੰ ਡੱਕਣ ਕੀਤੇ। ਸ਼ਮਸ ਨੂੰ ਵੈਰੀ ਦਾ ਏਜੰਟ ਬਣਾ ਪਰਚਾਰਣ ਲੱਗੇ। ਕੁੜੀਆਂ-ਮੁੰਡਿਆਂ ਦੇ ਮਾਪਿਆਂ ਨੂੰ ਧਮਕੀਆਂ ਮਿਲੀਆਂ ਤਾਂ ਉਹਨਾਂ ਘਰੀਂ ਡੱਕ ਲਈ ਆਪਣੀ ਔਲਾਦ। ਜੋਤੀ ਤੇ ਉਹਦੇ ਛੇ ਸੰਗੀਆਂ ਨੱਸ ਕੇ ਘਰੋਂ ਸ਼ਮਸ ਕੋਲ ਆ ਡੇਰੇ ਲਾਏ ਸ਼ਮਸ ਤੇ ਨਾਲ ਸੱਤ ਸੰਗ। ਸ਼ਮਸ ਨੂੰ ਮੁਕਾਵਣ ਤੇ ਓਸ ਬਾਰੇ ਆਮ ਲੋਕਾਈ ਦੀ ਸੋਚ ਬਦਲਣ ਹਾਕਮ ਮੇਲ ਲਈ ਕੋਈ ਔਖਾ ਕੰਮ ਤੇ ਹੈ ਨਹੀਂ ਸੀ। ਉਹਨਾਂ ਜੋਤੀ ਨੂੰ ਮਾਰ, ਨੰਗਾ ਕਰ ਸ਼ਮਸ ਦੇ ਡੇਰੇ ਜਾ ਸੁੱਟਿਆ। ਮੁੱਦਾ ਸ਼ਮਸ ਤੇ ਪਾਇਆ ਤੇ ਆਪ ਈ ਫ਼ੈਸਲਾ ਸੁਣਾਇਆ ਜੋ

ਅਜਿਹੇ ਕੰਮ ਕਰਨ ਵਾਲੇ ਦੀ ਪੁੱਠੀ ਪੋਸ਼ ਲੁਹਾਈ ਜਾਵੇ। ਰਾਵਲ ਦੱਸਿਆ ਪਿਓ ਨੂੰ ਕਿ ਇਹ ਕੂੜ ਏ ਸਾਰੀ ਰਾਤ ਮੈਂ ਵੀ ਸ਼ਮਸ ਦੇ ਡੇਰੇ ਸਾਂ, ਜੋਤੀ ਤਾਂ ਓਥੇ ਆਹੀ ਕੋਈ ਨਾ। ਸੋਭਾ ਮੱਲ ਬਥੇਰੀ ਕੂਕ-ਫ਼ਰਿਆਦ ਕੀਤੀ ਰਾਜ-ਮਹਿਲ ਜਾ ਪਰ ਕੋਈ ਹੋਵੇ ਤਾਂ ਸੁਣੇ। ਓਥੇ ਤਾਂ ਬਸ ਮੈਂ ਦਾ ਵਾਸਾ ਸੀ ਤੇ ਮੈਂ ਤੀਕ ਕਦ ਕੋਈ ਵਾਜ ਅੱਪੜੀ ਏ। ਸੰਗੀਆਂ ਆਖਿਆ ਸ਼ਮਸ ਨੂੰ ਨੱਸ ਚੱਲੀਏ, ਮੁੜ ਸਾਥੀ ਨਾਲ ਰਲਾ ਧਾਵਾ ਬੋਲੀਏ ਮੁਲਤਾਨ ਤੇ। ਸ਼ਮਸ ਸਮਝਾਇਆ, ਅਸੀਂ ਨਾਲ ਹਾਂ ਹਰ ਦਮ, ਓਹਾ ਘੜੀ ਮੁਬਾਰਕ ਏ ਜੋ ਹੱਥ ਫੜ ਲਵੇ ਤੇ ਜਿਸ ਨੂੰ ਨਾਂਹ ਕੀਤੀ ਨਾ ਜਾਵੇ। ਅੱਜ ਦੀ ਘੜੀ ਮੁਲਤਾਨ ਏ। ਸਾਰਾ ਸ਼ਹਿਰ ਕੱਠਾ ਹੋਇਆ ਨਾਅਰੇ ਲਾਉਂਦਾ। ਸਿਪਾਹੀ ਜੋਤੀ ਨੂੰ ਚਾਈ ਲਿਆਏ। ਸ਼ਮਸ ਵੇਖਿਆ ਨੀਲ-ਨੀਲ ਪਿੰਡਾ ਸਾਰਾ ਤੇ ਬੋਲਿਆ, "ਵਾਹ ਓ ਸੱਜਣਾ" ਲੋਕੀਂ ਨਾਅਰੇ ਮਾਰਨ ਏਸ ਵਲੀ ਨੂੰ ਅਜਿਹੀ ਸਜ਼ਾ ਦਿਓ ਮੁੜ ਇੰਜ ਦਾ ਫੰਡ-ਫਰੇਬ ਨਾ ਵਖਾਵੇ :

ਸ਼ਮਸ ਆਖਿਆ  
ਲੈ ਸੱਜਣਾ  
ਅਸਾਂ ਲਾਹੇ ਪਰਾਵੇ ਤੁਧ ਘਰ ਆਵਣ ਦੀ ਤਿਆਰੀ  
ਵੈਂਦੀ ਸ਼ਾਮ ਦੀ ਲਾਲੀ ਅੰਦਰ  
ਵੇਖ ਜੋਤੀ ਨੂੰ ਸ਼ਮਸ ਆਖਿਆ  
ਲੈ ਸੱਜਣਾ  
ਅਸਾਂ ਜਾਗਣ ਹਾਰੇ ਤੈਂਡੀ ਜਾਗ ਤੋਂ ਨੀਂਦਰ ਵਾਰੀ

ਲੋਕਾਂ ਭਾਵੇਂ ਸ਼ਮਸ ਨੂੰ ਮਾਰ ਮੁਕਾਇਆ ਏ ਪਰ ਭੋਲੇ ਲੋਕੀਂ ਵਿਹਾਰ ਦੇ ਹੱਥੇ ਚੜ੍ਹੇ ਕੀਹ ਜਾਨਣ ਇਹ ਮਰਨ ਤਾਂ ਅਸਲ ਜੀਵਨ ਦੇ ਗਿਆ ਸ਼ਮਸ ਨੂੰ। ਤਾਂ ਈ ਤੇ ਓਸ ਆਖਿਆ, "ਅਸਾਂ ਜਾਗਣ ਹਾਰੇ" ਜੋਤੀ ਵੱਖ ਕਦ ਹੋਈ ਏ ਸ਼ਮਸ ਤੋਂ। ਸ਼ਮਸ ਜਦ ਤਾਈ ਹੈ ਜੋਤ ਵੀ ਹੈ। ਜੋਤ ਜਗੀ ਤਾਂ ਸ਼ਮਸ ਜਾਗਿਆ। ਕੌਣ ਵੱਖ ਕਰੇ ਸਿਝ ਤੇ ਚਾਨਣ ਨੂੰ। ਸ਼ਮਸ ਦੀ ਜੋਤ ਤਾਂ ਜਗਦੀ ਰਹਿਸੀ, ਹੁਣ ਵਿਹਾਰ ਕੋਲ ਹੋਰ ਕੀ ਰਛ ਏ ਏਸ ਨੂੰ ਮੁਕਾਵਣ ਦਾ। ਸ਼ਮਸ ਦੀ ਜਗਾਈ ਜੋਤ ਹਰ ਤਨ-ਮਨ ਅੰਦਰ ਜਗ ਗਈ। ਇਕ ਦੀ ਖੱਲ ਤਾਂ ਲੁਹਾ ਦਿੱਤੀ, ਹੁਣ ਕਿਤਨੀਆਂ ਖੱਲਾਂ ਹੋਰ ਲਹਾਸੀ ਮੁਫ਼ਤੀ ਹਮਦੁਲਦੀਨ (ਹਮਦ-ਉਲ-ਦੀਨ) ਸ਼ਮਸ ਦੇ ਛੇਵੇਂ ਸੰਗੀ ਚੁੱਪ-ਚਾਪ ਸਭ ਵੇਖਦੇ ਅੱਗੇ ਵਧੇ ਸ਼ਮਸ ਦੀ ਰੱਤ ਨਾਲ ਪੋਟੇ ਰੰਗ ਹਿਕ ਬਏ ਦੇ ਸੀਨੇ ਲਾਏ ਤੇ ਸ਼ਹਿਰ ਦੇ ਅੰਦਰ ਵੜ ਗਏ। ਸ਼ਮਸ ਜੋ ਸ਼ਹਿਰੋਂ ਬਾਹਰ ਸੀ ਹੁਣ ਇਕ ਤੋਂ ਛੇ ਹੋ ਸ਼ਹਿਰ ਅੰਦਰ ਵੜਿਆ ਪੰਜਵੇਂ ਬੂਹਿਓਂ। ਓਸ ਲਿਬਾਸ ਪਾਏ ਨੂੰ ਕਿਸੇ ਨਾ ਸਿਆਤਾ ਸੀ ਤਦ, ਹੁਣ ਓਸ ਖੱਲ ਵੀ ਲਾਹ ਛੱਡੀ ਸੀ। ਸਭ ਲੋਕਾਈ ਚੁੱਪ-ਚਾਪ ਇਹਨਾਂ ਛਿਆਂ ਦੇ ਪਿੱਛੇ-ਪਿੱਛੇ ਸ਼ਹਿਰ ਵੜੀ ਪਰ ਹੁਣ ਸਾਰੇ ਪੰਜਵੇਂ ਬੂਹਿਓਂ ਵੜੇ ਜੋ ਸ਼ਮਸ ਖੋਲ੍ਹਿਆ ਸੀ।

ਰਾਜ–ਕ਼ਿਲ੍ਹੇ ਥਰਥੱਲੀ ਪੈ ਗਈ। ਫ਼ੌਜਾਂ ਹਥਿਆਰ ਸਿੱਧੇ ਕੀਤੇ। ਇਹ ਛੇ ਆਪ–ਮੁਹਾਰੇ ਗਾਵਣ ਲੱਗੇ "ਰੰਗ ਰੱਤਾ ਰੰਗਾਇਆ ਈ ਯਾਰ ਅਸਾਂ ਅੱਜ ਆਪੇ" ਕ਼ਿਲ੍ਹਿਓਂ ਤੋਪਾਂ ਚੱਲੀਆਂ, ਇਹ ਨਿਮਾਣੇ ਜੀਅ ਓਸੇ ਰੱਤੇ ਰੰਗ ਰੰਗੀਜ, ਰੰਗ–ਬਾਜ ਵਿਹਾਰ ਦੇ ਰੰਗ ਮੋਹਰੇ ਕਿਰਦੇ ਗਏ। ਹਰ ਪਾਸੇ ਭਾਜੜ ਪੈ ਗਈ। ਇਕ ਦੂਜੇ ਤੋਂ ਨੱਸਣ ਲੱਗੇ ਲੋਕੀਂ, ਇਕ ਦੂਜੇ ਨੂੰ ਪਛਾਨਣ ਤੋਂ ਇਨਕਾਰੀ ਹੋਏ। ਹੌਲੀ–ਹੌਲੀ ਪੰਜਵੇਂ ਬੂਹੇ ਬਾਹਰ ਵਾਪਰੀ ਇਹ ਕੱਥ ਚੇਤਿਓਂ ਵਿਸਰਨ ਲੱਗੀ। ਪਰ ਚੇਤਿਓਂ ਵਿਸਰਿਆ ਕਿਤੇ ਅੱਧ–ਚੇਤ ਜਾ ਡੇਰੇ ਲਾਉਂਦਾ ਏ। ਅੰਦਰ ਖਲੋਤ ਰੱਤ ਦੀ ਹੋਵੇ ਯਾਂ ਸੋਚਾਂ ਦੀ, ਜਜ਼ਬੇ ਯਾਂ ਅਹਿਸਾਸ ਦੀ, ਬੋ ਬਣ ਜਾਂਵਦੀ ਏ। ਆਪਣੇ ਅੰਦਰ ਇਕ ਮੁਰਦਾ ਜੀਵਨ ਹੋਵੇ ਤਾਂ ਹੁਮਕ ਤਾਂ ਆਉਣੀ ਹੋਈ। ਸ਼ਮਸ ਕੋਈ ਬਾਹਰ ਤਾਂ ਨਹੀਂ ਸੀ, ਉਹ ਤਾਂ ਅੰਦਰ ਏ ਹਰ ਜੀਅ ਦੇ। ਜਦ ਓਸ ਨੂੰ ਮਾਰ ਦਿੱਤਾ ਆਪਣੇ ਜੀਵਨ ਸੋਮੇ ਨੂੰ, ਹੁਣ ਲਾਸ਼ ਈ ਰਹਿ ਗਈ ਨਿਰੀ, ਟੁਰਦੀ–ਫਿਰਦੀ ਬਦਬੋਦਾਰ। ਬੜੇ ਉਪਾਅ ਹੋਏ ਪਰ ਬੋ ਕਿਥੋਂ ਜਾਵੇ। ਸ਼ਹਿਰ ਦੀਆਂ ਸਫ਼ਾਈਆਂ ਹੋਈਆਂ, ਪਰ ਮੁਸ਼ਕ ਨਾ ਗਈ ਨਮਾਜ਼ਾਂ, ਵਜ਼ੀਫ਼ੇ, ਵਿਰਦ ਵੀ ਦਾਰੂ ਨਾ ਬਣੇ। ਹੋਰ ਭੁਲਾਵਾ ਪਾਉਣ ਲਈ ਪੈਂਤਰਾ ਬਦਲਿਆ ਹਾਕਮਾਂ ਤੇ ਸ਼ਮਸ ਦਾ ਮਜ਼ਾਰ ਚਾ ਬਣਵਾਇਆ, ਉਤੇ ਮੁਫ਼ਤੀ ਹੋਰਾਂ ਈ ਤਿੱਲੇਦਾਰ ਉਛਾੜ ਚਾੜ੍ਹਿਆ। ਸਰਕਾਰ ਵੱਲੋਂ ਖਾਸ ਦਿਨ ਮਨਾਵਣ ਲਈ ਕਵਾਲੀਆਂ ਦਾ ਬੰਦੋਬਸਤ ਹੋਇਆ। ਮੁੜ ਸ਼ਮਸ ਕੋਲ ਈ ਝੂਠਾ ਰੰਗ ਖੇਡ ਲੋਕਾਈ ਨੂੰ ਪਰਚਾਇਆ। ਵੇਲੇ ਦੇ ਉਥੱਲਣਹਾਰ ਨੂੰ ਪਹਿਲੋਂ ਮਾਰਿਆ ਜਾਂਦਾ, ਫੇਰ ਚੇਤਿਓਂ ਵਿਸਾਰਿਆ ਜਾਂਦਾ, ਫੇਰ ਨਵਾਂ ਪੀਰ ਬਣਾ ਸ਼ਿੰਗਾਰ ਕੇ ਵਰਤਾਇਆ ਜਾਂਦਾ ਏ ਜੋ ਵਿਹਾਰ ਦੇ ਕੰਮ ਦਾ ਥੰਮ ਬਣੇ।

ਇਕ ਖਾਸ ਗੱਲ ਏਸ ਵਾਰ ਦੀ ਤਾਂ ਰਹਿ ਈ ਗਈ। ਓਸ ਦੇ ਵਿਚਾਰੋ ਬਿਨਾਂ ਤਾਂ ਪੜਚੋਲ ਈ ਪੂਰੀ ਨਹੀਂ "ਬਦਰੂ" ਦੀ ਦੱਸ ਪਾਉਂਦੀ ਏ ਵਾਰ, ਉਚੇਚਾ। ਬਦਰੂ, ਫ਼ਾਰਸੀ ਬੋਲੀ ਵਿਚੋਂ ਬਣਿਆ ਲਫ਼ਜ਼ ਏ, ਜਿਸ ਦੇ ਅਰਥ ਨੇਂ "ਬਾਹਰ ਜਾਣ ਵਾਲੀ ਨਾਲੀ"। ਦੇਸੀ ਬੋਲੀ ਵਿਚ ਮੋਰੀ ਆਖ ਲਵੋ। ਮੋਰੀਆਂ–ਪਿੰਡਾਂ, ਸ਼ਹਿਰਾਂ ਹਰ ਥਾਂ ਹੋਂਦੀਆਂ ਨੇਂ। ਰਾਜ ਮਹੱਲਾਂ ਵਿਚ ਕੱਜੀਆਂ ਤੇ ਕੁਮੇਰ ਮੇਲ ਕੋਲ ਨੰਗੀਆਂ। ਮੋਰੀ ਰਾਹ ਏ ਗੰਦ ਦੇ ਬਾਹਰ ਜਾਵਣ ਦਾ। ਸ਼ਹਿਰ ਦੇ ਵੱਡੇ ਚਾਰ ਬੂਹਿਆਂ ਥਾਣੀਂ ਜੋ ਅੰਦਰ ਪੁੱਜਦਾ ਏ ਉਹ ਵਰਤਣ ਮਗਰੋਂ ਗੰਦ ਹੋ ਕੇ ਇਕ–ਰੰਗਾ ਸਲੇਟੀ ਗਾਰ ਬਣ ਮੋਰੀਓਂ ਬਾਹਰ ਨਿਕਲਦਾ ਏ। ਉਤਲਾ ਵਖਾਲਾ ਤਾਂ ਵੱਖ–ਵੱਖ ਏ ਸਾਰੇ ਵਿਹਾਰ ਦਾ ਪਰ ਇਹ ਗੰਦ ਹੋ ਕੇ ਇਕੋ ਰੰਗ ਬਣ ਜਾਂਦਾ ਏ। ਇਹ ਸਾਰਾ ਗੰਧ ਨਦੀ ਨਾਲਿਆਂ ਵਿਚ ਰਲਦਾ, ਖਾਦ ਬਣ ਨਵਾਂ ਜੀਵਨ ਜੀਊਂਦਾ ਮੁੜ ਰੂਪ ਬਦਲ ਫੇਰ ਆ ਜਾਂਦਾ ਏ। ਸਾਰੇ ਸ਼ਹਿਰ ਦਾ ਸੱਜਾ ਬੰਨਾ ਮੋਰੀ ਦੀ ਸ਼ਕਲ ਵਿਚ ਆਪ ਈ ਆਪਣਾ ਅੰਦਰ ਜ਼ਾਹਰ ਕਰੇਂਦਾ ਏ। ਰਾਜ–ਮਹੱਲ ਤੇ ਖਵੱਜੇ–ਖੱਤਰੀਆਂ ਦਾ ਖੁਰਿਆ ਹੋਇਆ ਅੰਦਰ ਜਦ ਮੋਰੀ ਰਾਹੀਂ ਬਾਹਰ ਆਉਂਦਾ ਏ ਤਾਂ ਉਹਨਾਂ ਦੀ ਅਸਲ ਹਸਤੀ ਆਮ ਖ਼ਲਕਤ ਮੋਹਰੇ

ਕਰੇਂਦਾ ਏ। ਜਿਸ ਰਾਹੋਂ ਬਦਰੂ ਬਾਹਰ ਪਈ ਜਾਂਦੀ ਏ ਓਸੇ ਰਾਹੋਂ ਸ਼ਮਸ ਅੰਦਰ ਪਿਆ ਆਉਂਦਾ ਏ। ਜਿਸਨੂੰ ਰੱਦ ਬਾਹਰ ਪਿਆ ਕਢੇਂਦਾ ਏ ਵਿਹਾਰ ਨਾਹੀ ਬਣਾ ਓਸੇ ਵਿਚੋਂ ਸ਼ਮਸ ਜੰਮਿਆ ਏ ਆਮਾਂ, ਮਾੜਿਆਂ ਦੀ ਆਹੀ ਬਣ ਅੰਦਰ ਲੱਥਾ ਏ। ਸੱਜ ਜੰਮਿਆਂ ਦੇ ਮੂੰਹੋਂ ਚਾਲੂ ਵਿਹਾਰ ਦਾ ਉਲਟਾ ਤੇ ਨਾਹੀ ਬਣ ਬੋਲਿਆ ਏ। ਏਹੀ ਮੋਰੀ ਦਾ ਰਾਹ ਹੈ ਹੁਸੈਨ ਦਾ "ਸੱਜਣਾ ਮੋਰੀਓਂ ਲੰਘ ਪਿਆਸੇ" ਏਹੀ ਰਾਹ ਬਾਹੂ ਦਾ ਹੈ" ਬਦਰੂ ਰਮਜ਼ ਬਣੀ ਏ ਵਾਰ ਵਿਚ ਮਾੜਿਆਂ ਦੇ ਰਲਣ-ਜੁੜਨ ਦੀ। ਤਰੀਜੀ ਝਾਕੀ ਵਿਚ ਜਦ ਹਾਕਮਾਂ ਨੂੰ ਸਹੀ ਹੋਇਆ ਜੋ ਲੋਕ ਤਾਂ ਸ਼ਮਸ ਨਾਲ ਰਲ ਟੁਰ ਪਏ ਨੇਂ ਓਥੇ "ਹੌਲੀ-ਹੌਲੀ ਉਭਰ ਬਦਰੂ ਨੱਕੋ-ਨੱਕ ਹੋਈ" ਜਦ ਧਮਕੀਆਂ, ਡਰਾਵੇ ਵੀ ਸੱਤ ਸੰਗ ਦਾ ਰਾਹ ਨਾ ਡੱਕ ਸਕੇ ਓਥੇ "ਉਭਰ ਬਦਰੂ ਹੌਲੀ-ਹੌਲੀ ਕੰਢਿਓਂ ਬਾਹਰ ਹੋਈ" ਬਦਰੂ ਰਮਜ਼ ਏ ਇਹਨਾਂ ਰੱਦਿਆਂ ਹੋਇਆਂ ਦੀ ਜਿਨ੍ਹਾਂ ਦੀ ਕੀਤੀ ਸਾਂਭ ਕੇ ਉਤਲਾ ਮੇਲ ਸਾਫ਼-ਸੁਥਰਾ, ਨਾਤਾ-ਧੋਤਾ ਬੈਠਾ ਏ। ਕਮੀਰ ਮੇਲ ਨੂੰ ਰੱਦ ਆਪਣੇ ਤੋਂ ਦੂਰ ਰੱਖਣ ਦੇ ਚਾਰੇ ਕਰੇਂਦਾ। ਇਹ ਹਾਕਮ ਆਪਣੀਆਂ ਤਾਰੀਖ਼ਾਂ ਲਿਖਵਾਂਦੇ, ਕਸੀਦੇ ਗਵਾਉਂਦੇ, ਵੇਲਾ ਪਏ ਲੰਘਾਉਂਦੇ ਨੇਂ। ਇਹ ਵਿਚਾਰੇ ਨਹੀਂ ਜਾਣਦੇ ਜੋ ਕਰ-ਪੀਰਾਂ ਦੀ ਲਿਖੀ ਵਾਰ ਧਰਤੀ ਆਪ ਜੀਊਂਦੀ ਰੱਖਦੀ ਏ। ਮਿੱਟੀ ਨਾਲ ਮਿੱਟੀ ਹੋਵਣ ਵਾਲਿਆਂ ਦੀ ਵਾਰ, ਬੇਨਾਵਿਆਂ ਦੀ ਕੱਥ। ਏਹੀ ਨੇ ਰੱਤੇ-ਰੰਗ ਰੰਗੀਜ ਗਾਵਣ ਵਾਲੇ। ਕੇਵੇਂ ਮਨ ਨੂੰ ਨਾ ਪੋਹੇ ਏਹਨਾਂ ਦਾ ਗਾਵਣ।

"ਮੁਲਤਾਨ ਸ਼ਹਿਰ ਦੀ ਵਾਰ" ਚਾਰ ਝਾਕੀਆਂ ਵਿਚ ਲਿਖੀ ਏ, ਸ਼ਾਇਰ ਨੇਂ। ਜਾਪਦਾ ਏ ਪੰਜਵੀਂ ਝਾਕੀ ਪੜ੍ਹਨਹਾਰਾਂ ਜੋਗੀ ਏ, ਜੋ ਉਹ ਆਪ ਵਿਚਾਰ ਅੱਗੇ ਜੋੜਨ ਜਿਸ ਨੂੰ ਜੋ ਸਰੇ। ਜੋ ਸੁਰਤ-ਸਮਝ ਰਲੇ ਪੰਜਵੇਂ ਬੂਹੇ ਦੀ ਯਾਂ ਪੰਜਵੇਂ ਤੱਤ ਦੀ। ਉਹ ਇਸ਼ਕ ਏ ਉਹ ਨਾਬਰੀ ਏ, ਉਹ ਉਥਲ ਏ, ਸ਼ਹਿਰਵਾਸ ਜੀਵਨ ਦੇ ਉਲਟਾਅ ਦੀ ਯਾਂ ਹਰ ਓਸ ਜੀਵਨ ਢੰਗ ਦੀ ਜੋ ਮੇਲ ਬਣਦਾ ਏ। ਜੋ ਉੱਚ-ਝਿੰਕ ਵਿਚ ਵੰਡ ਕੇ ਬੰਦੀਵਾਨ ਬਣਾਉਂਦਾ ਏ। ਜੋ ਜੀਊਂਦੇ ਜੀਆਂ ਤੋਂ ਉਹਨਾਂ ਦਾ ਜੀਵਨ ਹੱਕ਼ ਖੋਂਹਦਾ ਏ। ਪੰਜਵੀਂ ਝਾਕੀ ਖ਼ਬਰੇ ਓਸ ਸਾਂਝ ਵਾਸ ਜੀਵਨ ਦੀ ਝਾਕੀ ਏ ਜੋ ਅਜੇ ਹੋਂਦ ਵਿਚ ਨਹੀਂ ਆਇਆ। ਸੋਚਾਂ ਸਾਰਾ ਅੰਦਰ ਤਾਂ ਮੌਜੂਦ ਹੈ ਪਰ ਵਸੇਸੀ ਤਾਂ, ਜਦ ਬਾਹਰ ਦੇ ਨਾਲੋਂ-ਨਾਲ ਅੰਦਰ ਵੀ ਹੱਕ ਹੋਏ। ਜਦ ਰੱਤਾ ਰੰਗ ਸਭ ਨੈਣਾਂ ਦਾ ਸੁਰਮਾ ਬਣਿਆ। ਜਦ ਅੰਦਰ ਦਾ ਧੁੱਖਦਾ ਧੂੰ ਭਾਂਬੜ ਬਣਿਆ। ਜਦ ਲੋਕਾਈ ਓਸ ਅੱਗ ਨੂੰ ਵਲਾਵਣ ਛੱਡਿਆ, ਜਿਸ ਰਾਜ-ਕ਼ਿਲ੍ਹੇ ਫੂਕ-ਸਾੜ ਕੇ ਮੈਦਾਨ ਕਰਨਾ ਏ।

***

# ਰੁੱਤ ਦੇ ਕੰਮ

1976 ਈ: ਸਤੰਬਰ ਵਿਚ ਪੰਜਾਬ ਅਦਬੀ ਮਰਕਜ਼ ਵੱਲੋਂ "ਰੁੱਤ ਦੇ ਕੰਮ" ਛਪੀ। ਏਸ ਦੀ ਜੋੜਕਾਰੀ ਵਿਚ ਓਸ ਵੇਲੇ ਦੀ ਵਾਰ ਲਹਿਰ ਵੀ ਦਿਸਦੀ ਏ। ਇਕ ਤਾਂ ਗਾਵਣ (ਗਾਉਣ) ਨੇ ਕਿਤਾਬ ਵਿਚ, ਜੋ ਮੁੱਢ ਨੇਂ। ਆਮ ਰੁੱਤਾਂ ਦੀ ਗੱਲ ਏ ਇਹਨਾਂ ਗਾਉਣਾ ਵਿਚ ਜੋ ਆਮ ਜੀਆਂ ਦੇ ਰਲਣ-ਮਿਲਣ ਨਾਲ ਬਣੀ ਏ। ਆਮ ਰੁੱਖ ਕਿੱਕਰ, ਤੂਤ, ਫੁਲਾਹੀ, ਨਿੰਮ, ਧਰੇਕ, ਪਿੱਪਲ ਕੇਵੇਂ ਜੀਵਨ ਜਾਲਦੇ ਨੇਂ। ਰੁੱਤ ਦੇ ਨਾਲ ਕੇਵੇਂ ਨਵੇਂ ਹੋਂਦੇ ਨੇਂ। ਇਹਨਾਂ ਦੇ ਸਾਹਵਾਂ ਨਾਲ ਸਾਹ ਲੈਂਦਿਆਂ ਵੀ ਅਸਾਨੂੰ ਕਦੀ ਸੁਰਤ ਨਹੀਂ ਆਈ। ਰੁੱਖਾਂ ਦੀ ਕਰਨੀ-ਜਰਨੀ ਪਾਰੋਂ ਈ ਨਵੀਂ ਹੋਂਦ ਏ ਹਰ ਰੁੱਤੇ। ਰੁੱਖਾਂ ਨਾਲ ਹੁਣ ਕੋਈ ਸਾਂਝ ਬਣੀ ਏ ਤੇ ਚੇਤਰ ਮਨਾਵਣ ਦੇ ਆਹਰੇ ਲੱਗੇ ਨੇਂ ਨਿਮਾਣੇ ਜੀਅ। ਚੇਤਰ ਮੇਲ ਏ, ਜੀਵਨ ਦਾ ਨਵਾਂ ਰੰਗ ਏ। ਰਲਣ ਨਾਲ ਈ ਇਹ ਨਵੀਂ ਹੋਂਦ ਉਸਰਨੀ ਏ। ਅੰਦਰਾਂ ਵਿਚ ਦੱਬੀਆਂ ਉਮੰਗਾਂ ਬਾਹਰ ਆਉਣਾ ਏ। ਹਰ ਨਿੱਕੀ ਤੋਂ ਨਿੱਕੀ ਸ਼ੈਅ ਦਾ ਰਿਸ਼ਤਾ ਬਨਣ ਨਾਲ ਈ ਚੇਤਰ ਮਨਾਇਆ ਜਾਵਣਾ ਏ। ਜਿਹਨਾਂ ਨੂੰ ਰੱਦੀ ਕਰ ਵਿਹਾਰੋਂ ਬਾਹਰ ਕੀਤਾ ਏ ਵੇਲੇ ਨੇ ਉਹਨਾਂ ਅਰੂੜੀਆਂ ਈ ਉੱਥਲ ਲਿਆਵਣੀ ਏ। ਸੋਚ-ਸਾਂਝ ਪਾਰੋਂ ਸੰਗ ਜੁੜੇ ਨੇਂ। ਇਹ ਨਵੀਂ ਜੁੜਤ, ਨਵੇਂ ਇਸ਼ਕ ਦਾ ਨਿਸ਼ਾਨ ਬਣੀ ਏ। ਜੀਵਨ-ਮਰਨ ਦੇ ਕੌਲ-ਕਰਾਰ ਹੋਏ ਨੇਂ। ਅੰਦਰ ਦੀ ਰੁੱਤ ਬਦਲਣ ਤੇ ਨਵੇਂ ਵਿਹਾਰ ਦੇ ਉਸਰਨ ਦੀ ਆਸ ਪਾਰੋਂ ਜੇਠ ਦੀ ਲੂ ਵੀ ਨਿੱਘੀ ਜਾਪਦੀ ਏ ਤੇ ਸੰਗ ਬਣੀ ਏ ਇਹਨਾਂ ਉੱਥਲਕਾਰਾਂ ਦਾ। ਜੋ ਇਹਨਾਂ ਜੀਆਂ ਦੀ ਅੰਦਰ ਦੀ ਗੱਲ ਏ ਉਹ ਬੱਦਲਾਂ ਸਿਆਣ ਲਈ ਏ ਉਹ ਬਾਲਾਂ ਵਾਂਗ ਪਿੱਛੋਂ ਆ ਖੇਡੇ ਲੱਗੇ ਨੇਂ ਗਾਉਂਦੇ ਤੇ ਨੱਸਦੇ :

ਆਖਣ ਅਸਾਂ ਤਾਂ ਵੱਸਣਾ ਕਿ ਵੱਸਣਾ
ਆਖਣ ਅਸਾਂ ਤਾਂ ਤਿਲ ਤਿਲ ਰੱਸਣਾ
ਅਸਾਂ ਤਾਂ ਮੁੱਕੀਆਂ ਮੁਕਾਈਆਂ ਤੇ ਹੱਸਣਾ
ਜਾਪੇ ਅਸਾਂ ਜਿਹੜੀ ਚਿੱਤ ਪਈ ਧਾਰੀ
ਇਹ ਅੱਜ ਜਾਹਰਾ ਕਰਨ ਨੂੰ ਧਾਏ।

ਬੱਦਲ ਵਰ੍ਹਨ, ਮੈਲ-ਕੁਚੈਲ ਕੱਢ, ਨਵੀਂ ਰੁੱਤ ਦੇ ਰੰਗ ਰੰਗੀਜਣ ਏ। ਖੇਡ

ਵਿਚ ਈ ਸਮਝਣ–ਸਮਝਾਵਣ ਏ। ਬੱਦਲ ਬੋਲੇ ਨੇਂ ਕਿ ਇਹ ਉੱਥਲ ਕੋਈ ਨਵੀਂ ਨਹੀਂ ਜੋ ਤੁਸੀਂ ਲਿਆਵਣ ਟੁਰੇ ਓ ਇਹ ਤਾਂ ਵਰ੍ਹਿਆਂ ਬੱਧੀ ਟੁਰਦੀ ਆਈ ਏ ਜਦ ਦਾ ਮੱਲ ਵਿਹਾਰ ਉਸਰਿਆ ਏ। ਬੱਦਲ ਕੇਵੇਂ ਬੰਦੇ ਤੇ ਵਰ੍ਹਦੇ ਨੇਂ। ਨਿੱਕੀਆਂ–ਨਿੱਕੀਆਂ ਅਣਦਿੱਸਦੀਆਂ ਕਣੀਆਂ ਰਲ ਰੋੜ੍ਹ ਬਣ ਤੂਫ਼ਾਨ ਮਚਾ ਸਕਦੀਆਂ ਨੇਂ। ਬੱਦਲ ਹਸਤੀ ਬਦਲਣ ਦਾ ਚੱਜ ਸਿਖਾਉਂਦਾ ਏ, ਬੰਦੇ ਨੂੰ ਦੱਸਦਾ ਏ ਤੂੰ ਵੀ ਪਾਣੀ ਏਂ। ਬਾਲਾਂ ਦੀਆਂ ਅੱਖਾਂ ਦਾ ਪਾਣੀ, ਜੀਵਨ ਅਰਥ ਸਮਝਾਉਂਦਾ ਏ।

"ਸਿਆਲੇ ਦੀਆਂ ਝੜੀਆਂ ਵਿਚ ਟੱਪਰੀਵਾਸਾਂ ਦਾ ਗਾਉਣ" ਦੱਸਦਾ ਏ ਟੱਪਰੀਵਾਸਾ ਇਕਰੰਗਾਂ ਜੀਵਨ ਏ, ਧਰਤੀ ਤੇ ਅੰਬਰ ਦੀ ਖੁੱਲ ਮਾਨਣ ਵਾਲੀ ਵੱਸੋਂ। ਚੇਤਰ ਚੜ੍ਹਿਆ ਤਾਂ ਇਹਨਾਂ ਨਿਆਣੀਆਂ ਕਣੀਆਂ ਰੰਗ ਕੱਢਣਾ ਏ। ਨਵੀਆਂ ਸੋਚਾਂ, ਉਲੇਲਾਂ, ਉਮੰਗਾਂ ਦੀ ਚੜ੍ਹ ਮੱਚੀ ਏ। ਰਾਵੀ ਵੀ ਉਡੀਕ ਵਿਚ ਏ, ਓਸ ਅੰਦਰ ਠਿੱਲਣ ਵਾਲੇ ਹੁਣ ਪੁਲਾਂ ਤੋਂ ਲੰਘ ਜਾਂਦੇ ਨੇਂ। ਰਾਵੀ ਤਾਂ ਵਾਰ ਏ ਲੰਘੇ ਵੇਲੇ ਦੀ ਹੁਸੈਨ, ਬੁੱਲ੍ਹਾ, ਸੱਚਲ ਤੇ ਵਾਰਸ ਦੇ ਮੂੰਹੋਂ ਅਲੇਂਦੀ ਏ। ਮੇਰੇ ਅਸਲ ਸੰਗ ਬਣੋ ਤੇ ਠਿੱਲੋ, ਤੁਸੀਂ ਠਿਲੋਂ ਤਾਂ ਮੈਂ ਵੀ ਹੋਵਾਂ। ਰਾਵੀ ਤਾਂ ਵਗਦੀ ਹੀ ਆਸ਼ਕ਼ਾਂ ਲਈ ਹੈ, ਉਹਨਾਂ ਨੂੰ ਮਿਲਾਵਣ ਕੀਤੇ। ਹੁਣ ਲਹਿਰਾਂ ਨਹੀਂ ਪਈਆਂ ਉੱਠਦੀਆਂ ਰਾਵੀ ਚੋਂ, ਰਾਵੀ ਨੂੰ ਵੀ ਉਡੀਕ ਏ ਆਪਣੇ ਪਿਆਰਿਆਂ ਦੀ :

ਮੈਂਡੇ ਵਹਿਮਾਂ ਭਰੇ ਸਰੀਰ ਨੂੰ ਸੇਕ ਛੁਹਾਓ ਸਿਕਦੇ ਤਨ ਦਾ
ਮੈਂ ਓਭੜ
ਕੀਹਨੂੰ ਪੁੱਛਾਂ ਮੈਂ ਅੱਜ ਕਿਉਂ ਰੋੜ੍ਹਣ ਜੋੜਨ ਭੁੱਲੀ
ਠਿੱਲ ਠਿੱਲ ਸੱਜਰ ਕਰੋ ਮੈਨੂੰ ਤੱਸਿਓ ਜਰਮ ਦਿਓ
ਕਾਂਗ ਦੀ ਜਾਗ ਲੱਗੇ ਮੈਂਡੇ ਸੀਨੇ
ਆਪਣੀ ਰੱਤ ਵਿਚੋਂ ਪੁਣ ਮੈਂਡਾ ਪਾਣੀ
ਮੈਂ ਆਉਂਦੀ ਤੋਂ ਵਾਰ ਪੀਓ॥

"ਰੁੱਤ ਦੇ ਨਾਂ" ਸਿਖਰ ਏ ਗਾਉਣਾ ਦਾ। ਹੁਣ ਢੋਲ ਦੇ ਥਾਪ ਤੇ ਧਮਾਲ ਪਈ ਪੈਂਦੀ ਏ। ਜਾਪਦਾ ਏ ਜਿਸਦੀ ਉਡੀਕ ਸੀ ਉਹ ਘੜੀ ਆ ਗਈ ਏ ਤੇ ਹੁਣ ਓਸ ਨੂੰ ਮਨਾਵਣ ਏ ਏਸ ਗਾਉਣ ਵਿਚ। ਰੁੱਤ ਬਦਲ ਗਈ ਏ, ਨਵੀਂ ਹੋਂਦ ਦੇ ਨਕਸ਼ ਪਈ ਉਲੀਕਦੀ ਏ, ਇਸ਼ਕ ਰੁੱਤ। ਰੁੱਤ ਦੇ ਪੈਰ ਵੇਖਣ ਜੀਵਨ ਉੱਥਲ ਲਿਆਏ ਨੇਂ ਉਹ ਪੈਰ ਜੋ ਆਪ ਰੁੱਤ ਨੇਂ, ਜਿਹਨਾਂ ਰੱਤੋ–ਰੱਤ ਹੋ ਜੀਵਨ ਪੈਂਡਾ ਝਾਗਿਆ ਏ, ਹੁਣ ਉਹਨਾਂ ਦੀ ਰੁੱਤ ਏ :

ਪੈਰ ਸਾਨੂੰ ਵੇਖਣ ਦੇ
ਸਾਡੇ ਤਨ ਦੀ ਰਾਤ ਨੂੰ ਤੈਂਡੇ ਮੱਚ ਸੂਰਜ ਦਾ ਘੇਰਾ
ਸਾਡੀ ਢੋਲ ਦਿਲੇ ਦੀ ਧੜਕਣ ਸ਼ੋਰ ਧਮਾਲੀਂ ਤੇਰਾ

ਹੋਵੇ ਨੇਹੁੰ ਦੀ ਕੁੜੱਤਣ ਸੰਘਣੀ
ਪੈਰ ਸਾਨੂੰ ਵੇਖਣ ਦੇ
ਹੋਵੇ ਗੂੜ੍ਹੀ ਸਿਰੜ ਦੀ ਰੰਗਣੀ
ਪੈਰ ਸਾਨੂੰ ਵੇਖਣ ਦੇ

ਇਹਨਾਂ ਦਸ ਗਾਉਣਾ ਤੋਂ ਅੱਗੇ ਰੁੱਤ ਬਦਲ ਹੋਰ ਹੋਈ ਏ ਤੇ ਸ਼ਾਇਰੀ ਦਾ ਰੰਗ ਵੀ ਬਦਲਿਆ ਏ। ਚੇਤਰ ਤੇ ਆ ਗਿਆ ਏ ਪਰ ਇਕ ਖਲੋਤ ਜਾਪਦੀ ਏ। ਆਪੋ-ਆਪਣੀ ਕਿਤਾਬ ਪੜ੍ਹਨ ਦੇ ਆਹਰੇ ਲੱਗੇ ਜੀਅ ਨਿੱਕਿਆਂ-ਨਿੱਕਿਆਂ ਪਾਤਰਾਂ ਨੂੰ ਵੇਖਦੇ ਨੇਂ ਤੇ ਉਹਨਾਂ ਵਿਚੋਂ ਉਹ ਵੇਖਣ ਦਾ ਚਾਰਾ ਕਰਦੇ ਨੇਂ ਜੋ ਆਪ ਨਾ ਕਰ ਸਕੇ ਤੇ ਉੱਥਲ ਰੁੱਤ ਲੰਘ ਗਈ। ਸੰਨ ਸੱਤਰ ਦੇ ਇਲੈਕਸ਼ਨ ਵੀ ਆਏ, ਚੋਣ ਦੀ ਆਜ਼ਾਦੀ ਲੱਭੀ ਤੇ ਆਪਣੇ ਵਿਛੋੜੇ ਦਾ ਪਤਾ ਲੱਗਾ, ਪਰ ਇਹ ਵੀ ਸਮਝ ਲੱਗੀ ਕਿ ਸਿਆਸਤ ਛਲ ਏ ਆਜ਼ਾਦੀ ਦੇ ਅੰਦਰ ਦਾ, ਜਿਸ ਤੇ ਨਿਮਾਣੇ ਵਸਾਹ ਕਰ ਟੁਰਦੇ ਨੇਂ। ਇਹ ਨਿਮਾਣੀਆਂ ਆਸਾਂ ਜਦ ਟੁੱਟਦੀਆਂ ਨੇਂ ਤਾਂ ਆਂਦਰਾਂ ਵਿਚ ਰੋਗ ਹੋ ਲਹਿੰਦੀਆਂ ਨੇ। ਸਾਇੰਸ ਇਹ ਦੱਸਦੀ ਏ ਕਿ ਢਿੱਡ ਵਿਚ ਕੀੜੇ ਨੇ ਪਰ ਇਹ ਕੀੜੇ ਬਨਣ ਦਾ ਕਾਰਨ ਨਹੀਂ ਦੱਸਦੀ ਕਿ ਓਸ ਨੂੰ ਮੁੱਢੋਂ ਮੁਕਾਇਆ ਜਾਏ। "ਹਸਪਤਾਲੋਂ ਨਿਕਲਦੇ ਬਾਬੇ ਦੀਆਂ ਬੋਲੀਆਂ" ਏਹੀ ਪੁੱਛ ਲਈ ਡਾਕਟਰ ਅੱਗੇ ਖਲੋਤੀਆਂ ਨੇਂ। ਇਹ ਇਕਲਾਪੇ ਤੇ ਵਿਜੋਗ ਦੇ ਰੋਗ ਨੇਂ ਅੰਦਰ ਲੁਕੇ, ਇਹ ਮੁੱਕਸਨ ਤਾਂ ਦਿਲਾਂ ਦਾ ਮਿਲਾਪ ਹੋਸੀ ਪਰ ਇਹ ਡਾਕਟਰ ਨਹੀਂ ਦੱਸ ਸਕਦਾ ਕਿਉਂ ਜੇ ਹਰ ਰੋਗ ਦਾ ਉਪਾਅ ਸਾਇੰਸ ਕੋਲ ਨਹੀਂ। ਪਰ ਦੂਜੇ ਪਾਸੇ ਉਤਲੇ ਮੇਲ ਦਾ ਜੀਅ ਏ ਸ਼ਾਦਮਾਨ ਵਾਸੀ ਓਸ ਨੂੰ ਪਹਿਲੀ ਹੋਈ ਵਾਪਰੀ ਤੇ ਆਪਣੀ ਕੀਤੀ ਤੇ ਝੋਰਾ ਏ। ਉਹ ਕੁਰਬਾਨੀਆਂ ਕਰਕੇ ਖੱਲਾਂ ਵੰਡ ਕੇ ਆਪਣਾ ਭਾਰ ਹੌਲਾ ਕਰਦਾ ਏ ਪਿਆ। ਨਵੀਂ ਲਹਿਰ ਓਸ ਨੂੰ ਨਾਲ ਰਲਾਵਣ ਆਈ ਏ ਪਰ ਉਹ ਆਪਣੀ ਧਰਮ ਦੀ ਖੱਲ ਹੇਠ ਲੁਕ ਬੈਠਾ ਏ :

"ਹੁਣ ਚਾਲੀਹਾ ਟੱਪ ਕੇ ਉੱਪਰ ਤੱਕਨਾ
ਉਪਰ ਰੌਲਾ ਏ ਇੱਲਾਂ ਦਾ
ਬੀਬੀ ਇਹ ਖੱਲ੍ਹਾਂ ਕਿਸੇ ਦੀਨ ਪਸੰਦ ਜਮਾਇਤ ਨੂੰ ਦਈਏ
ਲੇਖੇ ਲੱਗਣ
ਚਾਲੀਹਾ ਟੱਪ ਕੇ ਲੋੜ ਸਕੂਨ ਦੀ ਵੱਧ ਜਾਂਦੀ ਏ
ਤ੍ਰਿਖੀ ਬੋ ਯਾਂ ਤ੍ਰਿਖਾ ਰੌਲਾ
ਜਰਨ ਦਾ ਜਿਗਰਾ ਨਹੀਂ ਰਹਿੰਦਾ"

ਇਹ ਰੌਲਾ ਬਾਹਰ ਘੱਟ ਤੇ ਏਸ ਜੀਅ ਦੇ ਅੰਦਰ ਬਹੁਤਾ ਏ। ਰੌਲਾ ਦੁਈ ਦਾ ਏ ਜੋ ਬੇਵਸਾਹੀ ਦੇਂਦਾ ਏ ਤੇ ਅੰਦਰ ਘਬਰਾ ਪੈਦਾ ਕਰਦਾ ਏ। ਇਹਨਾਂ ਦੋਹਾਂ ਨਜ਼ਮਾਂ ਦੇ ਟਕਰਾਅ ਤੇ "ਮਾਈ ਹੋਣੀ" ਏ ਜੋ ਰਾਹਕ ਛੋਹਰਾਂ ਨੂੰ ਸੁਰਤ ਪਈ ਦੇਂਦੀ ਏ ਕਿ

ਤੁਹਾਡੀ ਕੀਤੀ ਤੇ ਸ਼ਹਿਰਾਂ ਦੇ ਕਾਂ ਪਏ ਪਲਦੇ ਨੇਂ ਉਹਨਾਂ ਦੀਆਂ ਅੱਖੀਆਂ ਤੇ ਚੰਮ ਹੋਇਆ, ਉਹ ਤੁਹਾਡੀ ਵਾਤ ਕਦੇ ਨਾ ਪੁੱਛਣ। ਉਹਨਾਂ ਨੂੰ ਬਸ ਆਪਣਾ ਲਾਹਾ ਦਿਸਦਾ ਏ। ਤੁਸੀਂ ਕਾਂ ਦੀਆਂ ਅੱਖਾਂ ਅੱਗੇ ਆਇਆ ਚੰਮ ਲਾਹੋ ਤੇ ਸ਼ਹਿਰਾਂ ਤੇ ਧਾਵਾ ਬੋਲੋ, ਜੋ ਤੁਹਾਡੀ ਕੀਤੀ ਤੇ ਖਲੋਤੇ ਹੋਏ ਨੇਂ, ਵਧਦੇ ਪਸਰਦੇ ਨੇਂ ਪਏ ਤੇ ਤੁਸੀਂ ਟੁੱਕਰ ਲਈ ਸਿਕਦੇ ਓ। ਤੁਹਾਡੇ ਅੰਦਰ ਦੀ ਹਨੇਰੀ ਕਾਵਾਂ ਬੰਨ੍ਹੀ ਏ। ਹੋਣੀ ਤਾਂ ਹੋਵਣ ਲੋੜੇਂਦੀ ਏ ਪਰ ਹੋਸੀ ਤਾਂ ਜਦ ਤੁਸੀਂ ਕਰਨ ਤੇ ਆਏ। ਇੰਜ ਦੀ ਗੱਲ ਈ "ਮਝੈਲ" ਆਪਣੇ ਪੋਤਰੇ ਨਾਲ ਕਰਦਾ ਏ ਓਸ ਨੂੰ ਵਾਰ ਸੁਣਾ ਕੇ। ਬਾਲ ਅੰਦਰ ਨਾਬਰੀ ਉਭਾਰਦਾ ਏ ਪਿਆ। ਵਿਚਕਾਰਲੀ ਪੀੜ੍ਹੀ ਕਿਤੇ ਵਿਚਕਾਰ ਈ ਰਹਿ ਗਈ ਏ ਪਰ ਏਸ ਨਵੀਂ ਪੀੜ੍ਹੀ ਤੋਂ ਆਸ ਏ ਬਾਬੇ ਨੂੰ। ਓਸ ਨੂੰ ਝਿੜਕਦਾ ਵੀ ਏ ਤੇ ਤਰਲਾ ਵੀ ਕਰਦਾ ਏ। ਮਝੈਲ ਚਾਹੁੰਦਾ ਏ ਕੋਈ ਕਣੀ ਉੱਥਲ ਦੀ ਪਿੱਛੇ ਛੱਡ ਜਾਏ, ਵੇਲਾ ਆਇਆ ਤਾਂ ਆਪ ਹੜ੍ਹ ਬਣ ਜਾਸੀ। ਪੋਤਰੇ ਵਿਚ ਆਪਣਾ-ਆਪ ਵੇਖਦਾ ਏ ਤੇ ਓਸ ਤੀਕ ਆਪਣੀ ਤਾਰੀਖ਼ ਅਪੜਾਂਦਾ ਏ ਜੋ ਨਫ਼ਾ-ਕੁਨਫ਼ਾ ਤੋਂ ਵੱਖ ਏ, ਜੋ ਬੰਦੀਵਾਨ ਹੋਵਣ ਤੋਂ ਨਾਬਰ ਏ:

"ਇਹ ਠੰਡੀ ਸੜਕ ਖਰੀਂਡ ਆ ਮੇਰੀ ਹਿੱਕ ਦਾ
ਅਸਾਂ ਥੀਣਾ ਤਦੋਂ ਨਰੋਏ ਜਦੋਂ ਇਹ ਉਧੜੀ
ਰੇੜ੍ਹਾ ਸੈਨ ਭਜਾ ਲੈ ਨਹੀਂ ਤਾਂ ਵੱਢ ਛਡੂੰ
ਸੂਰਾਂ ਵਿਚ ਨਹੀਂ ਦੋਹਤਰ ਪੋਤਰ ਹੋਂਦੀ
ਉੱਠ ਜੀਵੇਂ ਭਜਾ ਲੈ ਰੇੜ੍ਹਾ ਜਾਂਦੀ ਬਹਾਰ ਦਾ
ਮੈਨੂੰ ਕਾਫ਼ਰ ਕਰਕੇ ਮਾਰ ਨਾ ਮੇਰਿਆ ਵੀਰਿਆ"

ਮਝੈਲ ਦੀ ਗੱਲ ਹੋਰ ਖੁੱਲ ਕੇ ਸਮਝ ਲੱਗਦੀ ਏ ਜਦ ਚਿੜੀਆਘਰ ਦੀ ਸੈਰ ਕਰਦਾ ਉਤਲੇ ਮੇਲ ਦਾ ਸੁਖਾਲਾ ਸਿਆਣਾ ਪਿੰਜਰਿਆਂ ਵਿਚ ਡੱਕੇ ਜਨਵਰ ਵਖਾ ਕੇ ਬਾਲੜੀ ਦੇ ਇਲਮ ਵਿਚ ਵਾਧਾ ਪਿਆ ਕਰਦਾ ਏ। ਇਹ ਬਾਂਧ ਦੀ ਵਾਰ ਪਿਆ ਮੋਹਰੇ ਕਹੇਂਦਾ ਏ ਓਤਲੇ ਵਖਾਲੇ ਰਾਹੀਂ। ਚਿੜੀਆਘਰ ਬਨਾਵਣ ਵਾਲਿਆਂ ਇਹ ਦੱਸਣ ਦਾ ਚਾਰਾ ਕੀਤਾ ਏ ਜੋ ਏਡੇ ਵੱਡੇ ਚੀਰ-ਫਾੜ ਕਰਨ ਵਾਲੇ ਜਨਵਰ ਕੀਲ ਕੇ ਪਿੰਜਰਿਆਂ ਅੰਦਰ ਡੱਕ ਰੱਖੇ ਨੇਂ ਅਸਾਂ, ਆਮ ਜੀਅ ਦੀ ਕੀ ਮਜਾਲ ਜੋ ਕੁਸਕੇ। ਬੁੱਢੇ ਬੱਕਰੇ ਨੂੰ ਨਹੀਂ ਵਾਰੇ, ਜੋ ਅਸਾਡੇ ਬਾਲਾਂ ਨੂੰ ਜੰਗਲਿਆਂ ਅੰਦਰ ਡੱਕ ਇਹ ਗ਼ੁਲਾਮ ਪਿਆਰ ਕਰਨ। ਉਹ ਆਪਣੇ ਅਮਲ ਰਾਹੀਂ ਆਪਣੀ ਵਾਰ ਨਵੀਂ ਨਸਲ ਨੂੰ ਅਪੜਾਂਦਾ ਏ ਤੇ ਇਹ ਸਿਆਣਾ ਬਾਲੜੀ ਨੂੰ ਗੱਲੀਂ ਲਾ ਮੋਰ ਵਖਾਲਣ ਲਈ ਅੱਗੇ ਲੈ ਟੁਰਦਾ ਏ। ਏਸ ਧੌਂਸ-ਧੱਕੇ ਦੇ ਵਿਹਾਰ ਵਿਚ ਪਿਆਰ ਪਾਲਣ ਵਾਲੇ ਕਮਲੇ ਹੋਏ ਜਦ ਉਹ ਪੁੱਛਣ "ਕੌਣ ਕੀਹਦਾ ਏ ਦੱਸ ਕੌਣ ਕੀਹਦਾ ਏ", ਏਥੇ ਵੀ ਖੋਹ-ਖੱਸ ਤੇ ਮਾਰਾ-ਮਾਰੀ ਵਿਚ ਕੋਈ ਕਿਸੇ ਦਾ ਨਹੀਂ, ਨਾ ਈ ਹੋ ਸਕਦਾ ਏ। ਕਿਸੇ ਦਾ ਹੋਵਣ

ਲਈ ਆਪਣਾ ਇਨਕਾਰ ਲੋੜੀਂਦਾ ਏ ਤੇ ਇਹ ਵਿਹਾਰ ਆਪਣੇ ਇਕ਼ਰਾਰ ਸਿਰ ਖਲੋਤਾ ਏ, ਜਿਥੇ ਆਪਣਾ ਢਿੱਡ ਭਰਨ ਲਈ ਭੁੱਖ ਵੰਡਣ ਦਾ ਕਾਰ-ਵਪਾਰ ਏ, ਓਥੇ –

"ਸੁੱਕੇ ਚਿੱਕੜ ਵਾਲ
ਡੱਬੋ ਡੱਬ ਸਰੀਰ
ਲੀਰ ਲੰਗੋਟੀ
ਮੁੱਠ ਪੱਠਿਆਂ ਦੀ ਫੜੀ ਖਲੋਤਾ ਏ"

ਵੇਚਣ ਲਈ ਨਹੀਂ, ਇਕ ਬੁੱਢੇ ਖੋਤੇ ਲਈ। ਓਸ ਖੋਤੇ ਨਾਲ ਕੀ ਸਾਂਝ ਸਹੀ ਕੀਤੀ ਏ ਏਸ ਜੀਅ ਨੇ, ਜੋ ਓਸ ਦਾ ਧਿਆਨ ਕਰਦਾ ਏ ਪਿਆ। ਜੀਵਨ ਵੱਸਣ ਦੀ ਸਾਂਝ ਮੁੱਕ ਜਾਵੇ ਤਾਂ ਹਰ ਪਾਸੇ ਬੇਹਿਸੀ ਖਿੱਲਰ ਜਾਂਦੀ ਏ। ਪੜ੍ਹੇ-ਲਿਖੇ ਸਿਆਣੇ, ਜਿਨ੍ਹਾਂ ਦਾ ਕੰਮ ਏ ਜੀਵਨ ਦਿਆਂ ਪਾੜਾਂ ਨੂੰ ਖੋਲ੍ਹ ਕੇ ਸਾਹਮਣੇ ਲਿਆਵਣਾ ਤੇ ਉਹਨਾਂ ਦਾ ਉਪਾਅ ਦੱਸਣਾ, ਉਹ ਹੱਥ ਬੱਝ ਗਏ ਨੇਂ ਵੇਲਾ ਲੰਘਣ ਨਾਲ। ਰੁੱਤ ਬਦਲ ਹੋਰ ਹੋਈ ਏ। ਆਪਣਾ-ਆਪ ਈ ਓਪਰਾ ਹੋ ਗਿਆ ਏ ਜਦ, ਤਾਂ ਓਪਰਿਆਂ ਨੂੰ ਕੌਣ ਆਪਣਾ ਕਹੇ। ਲਿਖਣ ਦੇ ਅਮਲ ਦੀ ਖੁੱਲ੍ਹ-ਖੇਡ ਵੱਖਰੀ ਏ ਤੇ ਬਾਂਧ ਵਾਰ ਵੱਖਰੀ। ਜਦ ਹਾਕਮੀ ਹੱਥ ਤਾਕਤ ਵਿਚ ਹੋਵੇ, ਚੰਗੇ-ਮੰਦੇ ਦੀ ਪਛਾਣ ਅੰਦਰੋਂ ਮੁੱਕ ਵੰਜੇ ਤਾਂ ਹੱਥ ਵੀ ਓਹਾ ਲਿਖਦੇ ਨੇਂ ਜੋ ਹਾਕਮ ਦੀ ਮੰਗ ਏ। ਪਰ ਅੰਦਰ ਕਿਧਰੇ ਆਪਣੀ ਅਸਲ ਹਸਤੀ ਨਾਲ ਘੋਲ ਪਿਆ ਟੁਰਦਾ ਏ ਚੁੱਪ-ਚੁਪੀਤੇ, ਜੋ ਆਪਣੀ ਆਜ਼ਾਦੀ ਮੰਗਦੀ ਏ ਤੇ ਝੂਠ ਲਿਖਣ ਤੋਂ ਨਾਬਰ ਏ। ਬੇ ਧਿਆਨੇ ਈ ਮਨ ਅੰਦਰ ਦੀਆਂ ਸੱਚਾਈਆਂ ਲਿਖੀਆਂ ਜਾਂਦੀਆਂ ਨੇ। ਜੇਵੇਂ ਈ ਸਮਝ ਆਉਂਦੀ ਏ ਉਹਨਾਂ ਨੂੰ ਪਾੜ ਸੁੱਟਦੇ ਨੇਂ, ਲਿਖਣਹਾਰ ਹੱਥ। ਸ਼ਾਇਰ ਉਹ ਪਾੜ ਸੁੱਟੇ, ਰੱਦੀ ਦੀ ਟੋਕਰੀ ਹੋਏ ਅੱਖਰ ਚੁੱਕ ਅਸਾਡੇ ਮੋਹਰੇ ਧਰੇ ਨੇਂ। ਅੱਖਰਾਂ ਦੀ ਮੰਡੀ ਵਿਚ ਅੱਖਰ ਈ ਵਿਕਦੇ ਨੇਂ ਤੇ ਲਿਖਣਹਾਰ ਸੱਚ-ਝੂਠ ਨਿਤਾਰਨ ਕਾਨ (ਕਾਰਨ) ਨਹੀਂ ਲਿਖਦਾ ਪਿਆ, ਅਖ਼ਬਾਰ ਦਾ ਢਿੱਡ ਭਰਨ ਕੀਤੇ ਲਿਖਦਾ ਏ, ਲੋਕਾਂਈ ਨੂੰ ਖ਼ਿਆਲੀ ਗੱਲਾਂ ਵਿਚ ਫਸਾਵਣ ਕੀਤੇ ਲਿਖਦਾ ਏ। ਆਪਣਾ ਘਰ ਭਰਨ ਤੇ ਲਾਹੇ ਲੈਣ ਲਈ ਲਿਖਦਾ ਏ:

"ਲਫ਼ਜ਼ ਖੁੱਲਣ ਤਾਂ ਖੁੱਲਣ ਪਏ
ਅਸਾਂ ਲਫ਼ਜ਼ ਲਿਖੇ ਨੇਂ ਲੇਖ ਨਹੀਂ ਲਿਖੇ
ਮੁੱਕੀ ਸਿਆਹੀ
ਟਿਊਬ ਦਬਾਈ ਭਰ ਗਈ
ਲਫ਼ਜ਼ ਜਲੇਬੀ ਬਣ ਬਣ ਲੱਥਣ
ਤੇਲ ਬਗਾਨਾ
ਵੇਲ ਬਗਾਨੀ

ਪੂੰਝਣ ਵਾਲੇ ਜੋ ਕੁਝ ਹੱਥ-ਮੂੰਹ ਲੱਗਿਆ ਪੂੰਝਣ
ਹੱਟੀਆਂ ਉਤੇ ਲੱਗੇ ਤੌਲੀਏ
ਵਰ੍ਹੇ ਛਮਾਹੀਂ ਧੁਪ ਜਾਂਦੇ ਨੇਂ ਆਪੇ॥"

"ਉਡਤੀ" ਤੀਕ ਆ ਕੇ ਜਾਪਦਾ ਏ ਬੋਲੀ ਦਾ ਰੌਲਾ ਬਣ ਖਲੋਤਾ ਏ। ਉਡਤੀ, ਮਾੜੇ ਕਮੀਰ-ਮੇਲ ਦਾ ਜੀਅ ਏ, ਜਿਸ ਦੀ ਬੋਲੀ ਚਿਸ਼ਤੀ ਤੇ ਓਸ ਦੀ "ਮੈਂ" ਸਮਝੋਂ ਪਰੋਖੀ ਏ। ਉਡਤੀ ਵਰਗੇ ਜੀਆਂ ਦੀ ਗੱਲ-ਰੌਲਾ ਕਰਨ ਲਈ ਹੀ ਇਹਨਾਂ ਨੂੰ ਦਰਗਾਹਵਾਂ ਵਿਚ ਦਿੱਤਾ ਜਾਂਦਾ ਏ। ਇਹ ਚਿਸ਼ਤੀ ਵਰਗੇ ਵੱਡੇ ਸਿਆਣੇ-ਸੂਝਵਾਨ ਇਨਕਲਾਬ ਦੀਆਂ ਗੱਲਾਂ ਕਰਨ ਵਾਲੇ ਇਕ ਨਿਮਾਣੇ ਜੀਅ ਦੀ ਸਾਂਭ ਨਹੀਂ ਕਰ ਸਕਦੇ, ਓਸ ਨੂੰ ਗੱਡੀ ਚਾੜ੍ਹ ਦੇਂਦੇ ਨੇਂ। ਓਹ ਆਪਣੇ ਟਿਕਾਣੇ ਅੱਪੜੇ ਯਾਂ ਰਾਹ ਵਿਚ ਗਵਾਚੇ ਇਹ ਇਹਨਾਂ ਦਾ ਮਸਲਾ ਨਹੀਂ ਏ। ਇਹਨਾਂ ਵਰਗਾ ਈ ਏ ਕੋਈ ਪੁਰਾਣਾ ਸਿਆਸੀ ਕਾਮਾ ਜੋ ਵੇਲੇ ਨਾਲ ਸੋਚ ਬਦਲ ਗਿਆ ਯਾਂ ਨਫ਼ੇ ਪਾਰੋਂ ਹਾਕਮ ਮੇਲ ਆਪਣਾ ਕਰ ਲਿਆ ਏ, ਜੋ ਹੁਣ ਦਸਤਖ਼ਤ ਨਹੀਂ ਕਰਦਾ ਪਿਆ। ਓਸ ਦੇ ਅੰਦਰ ਦੀ ਕੱਥ ਏ ਸਾਰੀ "ਵਜ੍ਹਾ ਤੇ ਕੋਈ ਨਹੀਂ"। ਇਹ ਮਾਰਕਸ ਨੂੰ ਪਾਅ, ਪੜ੍ਹ ਟੁਰਨ ਵਾਲੇ ਨੇਂ ਜੋ ਵੇਲੇ ਨਾਲ ਰਾਹ ਬਦਲ ਗਏ। ਆਪਣੀ "ਮੈਂ" ਦੀ ਤਸੱਲਾ ਨਹੀਂ ਹੋਈ ਤੇ ਕੰਮ ਛੱਡ ਦਿੱਤਾ। ਜੋ ਵਿਹਾਰ ਅੰਦਰ ਘਰ ਕੀਤੀ ਬੈਠਾ ਸੀ ਉਹ ਨਿਕਾਰਾ ਆਪਣਾ ਅੰਦਰ ਬਦਲਦਾ ਤਾਂ ਬਾਹਰ ਬਦਲਣ ਦੇ ਆਹਰੇ ਲੱਗਦਾ।

ਸ਼ੇਖ਼ ਸਾਹਬ ਦਾ ਇਨਕਲਾਬ ਵੀ ਚਿਸ਼ਤੀ ਦੇ ਇਨਕਲਾਬ ਵਰਗਾ ਏ। ਦੱਸਾਂ ਈ ਹੁਣ ਸ਼ੇਖ਼ ਸਾਹਬ ਦੀਆਂ, ਜੋ ਇਨਕਲਾਬ ਬਿਨਾ ਰਿਸ਼ਤੇ ਦੀ ਸੁੰਜਾਣ ਦੇ ਨਹੀਂ ਆ ਸਕਦਾ, ਰਿਸ਼ਤਾ ਇੰਜ ਜੇਵੇਂ ਸ਼ੇਖ਼ ਦਾ ਰੁੱਖਾਂ ਨਾਲ ਏ ਤੇ ਆਪਣੇ ਗਵਾਂਢੀ ਨਾਲ। ਹਰ ਕੰਮ ਵਿਚ ਸਾਂਝ ਏ, ਕੰਧ ਰਲ ਕੇ ਬਣਾਂਵਦੇ ਨੇਂ, ਫਲ ਗਵਾਂਢੀ ਨੂੰ ਲਾਜ਼ਮ ਅਪੜਾਂਦੇ ਨੇਂ, ਹੱਕ਼ ਜੋ ਹੋਇਆ ਤੇ ਹੱਕ਼ਦਾਰ ਨੂੰ ਹੱਕ਼ ਦੇਣਾ ਈ ਤਾਂ ਇਨਕਲਾਬ ਏ। ਪਰ ਜੇਵੇਂ ਈ ਗਵਾਂਢੀ ਦੱਸਿਆ ਕਿ ਉਹਨਾਂ ਦੇ ਵਿਹੜੇ ਲੱਗੇ ਸ਼ਹੀਂਹ ਦੀ ਸੁਗੰਧ ਓਸ ਦੇ ਘਰ ਵੀ ਆਉਂਦੀ ਏ ਤਾਂ ਸ਼ੇਖ਼ ਸਾਹਬ ਮੁੜ ਕਦੀਂ ਇਨਕਲਾਬ ਦੀ ਯਾਂ ਬੰਦਿਆਂ ਦੇ ਮੇਲ ਦੀ ਗੱਲ ਨਹੀਂ ਕੀਤੀ। ਰੁੱਖ ਤਾਂ ਅਸਲ ਇਨਕਲਾਬ ਲਿਆਵਣ ਟੁਰ ਪਏ ਜੋ ਖ਼ਬਰੇ ਸ਼ੇਖਾਂ ਨੂੰ ਵਾਰੇ ਨਹੀਂ :

"ਮੌਲਸਰੀ, ਸੁਖਚੈਨ, ਤੂਤੜੀ
ਸਾਹ ਵਿਚ ਸਾਡਾ ਸਾਹ ਏ
ਰੁੱਖਾਂ ਦਿਆਂ ਸਾਹਵਾਂ ਤੇ
ਹੱਕ਼ ਮਾਲਕੀ ਅਜੇ ਨਹੀਂ ਲਾਗੂ ਹੋਇਆ।"

"ਸ਼ੀਸ਼ੇ ਅੰਦਰ ਬੁਲਬਲੇ" ਉਤਲੇ ਮੇਲ ਦੀ ਇਕ ਹੋਰ ਝਾਕੀ ਏ। ਸ਼ੀਸ਼ਾ ਲੋੜ ਹੈ ਸੁਖਾਲੇ ਮੇਲ ਦੀ, ਆਪਣਾ-ਆਪ ਹੋਰਾਂ ਤੋਂ ਵਖਰਾਵਣ ਦਾ ਇਕ ਰਛ। ਸ਼ੀਸ਼ਾ

ਬਣਾਉਂਦਿਆਂ ਜਿਸ ਵਿਚ ਵਾਅ ਰਹਿ ਜਾਵੇ ਓਸ ਵਿਚ ਬੁਲਬਲੇ ਬਣ ਜਾਂਦੇ ਨੇਂ। ਉਹ ਸ਼ੀਸ਼ਾ ਸਸਤਾ ਵਿਕਦਾ ਏ। ਮਾੜਾ ਮੇਲ ਆਪ ਨੂੰ ਉਤਲਿਆਂ ਨਾਲ ਰਲਾਵਣ ਕੀਤੇ ਉਹਨਾਂ ਵਰਗੀਆਂ ਨਕਲੀ ਸ਼ੈਵਾਂ ਵਰਤਦਾ ਏ ਤੇ ਅੰਦਰ ਤਸੱਲਾ ਹੋਂਦੀ ਏ ਜੋ ਉਹਨਾਂ ਵਰਗੇ ਈ ਹਾਂ। ਬੁਲਬਲਾ ਬਣਦਾ ਏ ਵਾਅ ਨਾਲ ਵਾਅ, ਹਿਰਸ ਏ, ਹਵਸ ਏ, ਲਾਲਚ ਏ, ਮਾਣ ਤੇ ਘਮੰਡ ਏ, ਉੱਚ-ਮੇਲ ਦਾ ਜੋ ਬੁਲਬਲਾ ਬਣ ਗਿਆ ਏ, ਸ਼ੀਸ਼ੇ ਅੰਦਰ। ਜੇਵੇਂ ਬੁਲਬਲਾ ਡੱਕਿਆ ਹੋਇਆ ਏ, ਤੇਵੇਂ ਉਤਲਾ ਮੇਲ ਕ਼ੈਦੀ ਏ। ਆਪਣੀ ਮੈਂ ਵਿਚ ਬੱਝਾ ਆਪ ਨੂੰ ਆਜ਼ਾਦ ਸਮਝਦਾ ਏ। ਜੇ ਅਸਲੋਂ ਆਜ਼ਾਦ ਏ ਤਾਂ ਗਲਾਸ ਦੇ ਬੁਲਬਲੇ ਵੇਖ ਕੇ ਦਿਲ ਕਿਉਂ ਕੱਚਾ ਹੋਂਦਾ ਏ। ਆਪਣਾ ਨੰਗ ਤਾ ਨਹੀਂ ਦਿਸ ਪਿਆ ਕਿਧਰੇ ਯਾਂ ਆਪਣਾ ਬੰਦੀਵਾਨ ਜੀਵਨ ਸਹੀ ਹੋਇਆ ਏ :

> "ਬੁਲਬਲਿਆਂ ਵਾਲੇ ਸ਼ੀਸ਼ੇ ਤੋਂ ਮੇਰਾ ਜੀਅ ਹਮੇਸ਼ਾ ਕੱਚਾ ਕੱਚਾ ਹੋਂਦਾ ਏ
> ਸੀਨਾਂ ਦਰਜ਼ਨ ਉਂਜ ਤਾਂ ਸਸਤੀ ਰਹਿੰਦੀ ਏ
> ਮਾਲ ਰੋਡ ਦੇ ਕੰਮ ਦਾ ਭੁਲੇਖਾ ਪੈਂਦਾ ਏ
> ਸੀਨਾ ਦੇ ਘਰ ਜਾਂਦਿਆਂ ਇਕੋ ਡਰ ਮੈਨੂੰ ਲੱਗਾ ਰਹਿੰਦਾ ਏ
> ਉਹ ਬੁਲਬਲਿਆਂ ਵਾਲੇ ਗਲਾਸ ਉਚੇਚਾ ਕੱਢ ਕੇ ਸ਼ਰਬਤ ਦੇਂਦੀ ਏ"

ਕੁਝ ਰਲਦੀ-ਮਿਲਦੀ "ਗੱਲ ਮਾਲ ਰੋਡ ਦੀ" ਨਜ਼ਮ ਵਿਚ ਏ। ਮੋਹਰਲੀਆਂ ਨਜ਼ਮਾਂ ਵਿਚ ਜਿੱਥੇ ਹਾੜ ਦਾ ਹੁੱਸੜ, ਚੇਤਰ ਬਣਦਾ ਸੀ ਪਿਆ, ਓਥੇ ਹੁਣ ਸੜਕਾਂ ਦੀ ਗੱਲ ਆ ਗਈ ਏ। ਉਹ ਹੁੱਸੜ ਜਿਸ ਬੱਦਲ ਬਣ ਵਰ੍ਹਨਾ ਸੀ ਤੇ ਹੜ੍ਹ ਬਣ ਟੋਏ-ਟਿੱਬੇ ਸਾਵੇਂ ਕਰਨੇ ਸਨ ਹੁਣ ਟਾਵੇਂ-ਟਾਵੇਂ ਅੰਦਰਾਂ ਵਿਚ ਰਹਿ ਗਿਆ ਏ। ਡਰ ਇਤਨਾ ਏ ਜੋ ਧ੍ਰੋਹ ਨੂੰ ਧ੍ਰੋਹ ਨਹੀਂ ਆਖ ਸਕਦੇ ਨਿਮਾਣੇ। ਅੰਦਰ ਉਠਦੇ ਉਬਾਲ ਬੁੱਲ੍ਹਾਂ ਤੇ ਆ ਕੇ ਪਰਤ ਜਾਂਦੇ ਨੇਂ। ਏਹੀ ਮਾਲ-ਰੋਡ ਸੀ ਜੋ ਉਥਲਕਾਰਾਂ ਦੇ ਨਾਅਰਿਆਂ ਨਾਲ ਵੱਜਦੀ ਗੱਜਦੀ ਸੀ ਕਦੀਂ।

ਕਿਤਾਬ ਦੇ ਅਖ਼ੀਰ ਤੇ ਜਾਪਦਾ ਏ ਵੇਲਾ ਲੰਘ ਗਿਆ ਏ ਤੇ ਹੁਣ ਦੋ ਵਾਰਾਂ ਨੇਂ ਜੋ ਲੰਘੇ ਵੇਲੇ ਦੀ ਦੱਸ ਪਾਉਂਦੀਆਂ ਨੇਂ। ਇਕ "ਮੁਨਸ਼ੀ ਨੂਰੇ ਦੀ ਵਾਰ" ਏ। ਪੂਰੀ ਵਾਰ ਦੀ ਪੜਚੋਲ ਲਈ ਵੱਖ ਮਜ਼ਮੂਨ ਦੀ ਲੋੜ ਏ। ਅਸੀਂ "ਰੁੱਤ ਦੇ ਕੰਮ" ਕਿਤਾਬ ਦੀ ਟੋਰ ਪਏ ਵੇਖਨੇ ਹਾਂ ਜੋ ਵੇਲਾ ਬਦਲਣ ਦੇ ਨਾਲੋਂ-ਨਾਲ ਪਈ ਬਦਲਦੀ ਏ। ਮੁਨਸ਼ੀ ਨੂਰਾ ਇਕ ਖ਼ਾਸ ਮੇਲ ਏ ਜੋ ਵੇਲੇ ਨਾਲ ਬਦਲਣ ਤੇ ਮੱਲ ਮਾਰਨ ਦੇ ਸਾਰੇ ਦਾਅ-ਫਰੇਬ ਜਾਣਦਾ ਏ ਇਹਦਾ ਕਿਸੇ ਨਾਲ ਕੋਈ ਲਾਗ ਨਹੀਂ, ਬੇਹਿਸ ਤੇ ਮੌਤ ਦਾ ਜੀਵਨ ਏ, ਗੋਰਿਆਂ ਦੀ ਵੰਡੀ ਭੁੱਖ ਤੇ ਨਿੱਜ-ਮਾਲਕੀ ਨੂੰ ਵਧਾਵਣ ਈ ਇਹਦਾ ਕੰਮ ਹੋਇਆ। ਇਹ ਤਾਂ ਹੋਇਆ ਓਭੜਾਂ ਦਾ ਬਾਂਹ-ਬੇਲੀ। ਦੂਜੀ ਵਾਰ ਏ "ਅੰਗਰੇਜ਼ ਰਾਜ ਦੇ ਇਕ ਨਾਬਰ ਸ਼ਾਇਰ ਗ਼ੁਲਾਮ ਰਸੂਲ ਦੀ ਵਾਰ" ਇਹ ਮਾੜੇ ਮੇਲ ਦਾ ਜੀਅ ਆਪਣੇ ਵੇਲੇ ਦਾ ਸੱਚ ਪਿਆ ਵਰਤਾਉਂਦਾ ਏ, ਅੱਜ ਤੱਕ। ਏਸ ਦੇ ਅੰਦਰ ਦੀ

ਨਾਬਰੀ ਤੇ ਸੱਚ ਨੂੰ ਮਦਰੱਸਿਆਂ ਦੀਆਂ ਪੜ੍ਹਾਈਆਂ ਤੇ ਪੀਰਾਂ ਦੀਆਂ ਫੂਕਾਂ ਬੰਨ੍ਹ ਨਹੀਂ ਸਕਦੀਆਂ। ਗ਼ੁਲਾਮ ਰਸੂਲ ਦਾ ਪਿਓ ਪੁਰਾਣਾ ਬੁਝਿਆ ਚੇਤਾ ਏ, ਜਿਸ ਨੂੰ ਗੇਝ ਏ ਗ਼ੁਲਾਮੀ ਦੀ, ਪਰ ਗ਼ੁਲਾਮ ਰਸੂਲ ਨਵਾਂ ਵੇਲਾ ਏ ਜੋ ਆਪ ਹੋਵਣ ਮੰਗਦਾ ਏ। ਹਰ ਰੁੱਤੇ ਚੋਣ ਹੋਂਦੀ ਏ ਹਰ ਜੀਅ ਕੋਲ ਆਪੋ-ਆਪਣੀ, ਜੋ ਖੁੱਲ ਖੇਡੇ ਯਾਂ ਬੰਦੀਵਾਨ ਹੋਵੇ। ਰੁੱਤ ਤਾਂ ਵਰ੍ਹਦਾ ਮੀਂਹ ਹੋਇਆ। ਏਸ ਵਿਚ ਨਹਾ ਕੇ ਲੱਗ-ਲਬੇੜ ਧੋਣੀ ਏ ਯਾਂ ਅੰਦਰ ਬਹਿ ਸ਼ੀਸ਼ੇ ਥਾਣੀਂ ਵੇਖ, ਵਰ੍ਹਦੇ ਮੀਂਹ ਦੇ ਜੋੜ-ਜੋੜਨੇ ਨੇਂ ਤੇ ਇਨਕਲਾਬਾਂ ਦੀਆਂ ਗੱਲਾਂ ਟੋਰਨੀਆਂ ਨੇਂ। ਇਹ ਹਰ ਜੀਅ ਦੀ ਆਪਣੀ ਸੋਚ ਸਿਰ ਏ।

"ਰੁੱਤ ਦੇ ਕੰਮ" ਪੰਜਾਬ ਅਦਬੀ ਮਰਕਜ਼ ਵੱਲੋਂ ਸਤੰਬਰ 1976 ਵਿਚ ਛਪੀ ਤਾਂ ਏਸ ਦਾ ਮੁੱਖ ਪੰਨਾ ਪੀਲੇ ਸਰ੍ਹੋਂ ਦੇ ਫੁੱਲਾਂ ਵਰਗੇ ਰੰਗ ਤੇ ਲਾਲ ਲਿਖਤ ਸੀ। ਦੂਜੀ ਵਾਰ ਜਨਵਰੀ 2002 ਵਿਚ ਰੁੱਤ ਲੇਖਾ ਤੋਂ ਜਦ ਛਪੀ ਤਾਂ ਮੁੱਖ ਪੰਨੇ ਦਾ ਰੰਗ ਪੀਲੇ ਤੋਂ ਸਾਵਾ ਹੋ ਗਿਆ ਪਰ ਲਿਖਤ ਲਾਲ ਈ ਰਹੀ। ਪੀਲੇ ਤੋਂ ਮੁੜ ਹਰੇ ਦਾ ਪਿਛਲਾ ਪੰਧ ਆਪਣੀ ਵਾਰ ਸੁਣਾਉਂਦਾ ਏ ਪਿਆ। ਇਹ ਕੇਹੜੀ ਵਾਰ ਏ ਜੋ ਅਗੋਂਹੀ ਟੁਰਦੀ-ਟੁਰਦੀ ਪਿਛੋਂਹੀ ਟੁਰ ਪਈ ਏ। ਹਰੇ ਤੋਂ ਪੀਲਾ ਤੇ ਪੀਲੇ ਤੋਂ ਲਾਲੋ-ਲਾਲ ਹੋਵਣ ਦੀ ਰੁੱਤ ਨੇੜੇ ਢੁਕਦੀ ਦੁਰਾਡੀ ਹੋਈ। ਹਰੇ ਪੰਨੇ ਤੇ ਲਿਖੀ ਲਿਖਤ ਵਿਚਕਾਰ ਦੀ ਵਿੱਥ ਮੁਕਾਵਣ ਈ ਰੁੱਤ ਦਾ ਕੰਮ ਏ। ਇਹ ਹਰਾ ਤੇ ਲਾਲ ਇਕ ਹੋ ਕਾਲੇ ਅੱਖਰ ਬਣ ਖਿੱਲਰ ਗਏ ਨੇਂ ਕਿਤਾਬ ਦੇ ਅੰਦਰਲਿਆਂ ਪੰਨਿਆਂ ਤੇ। ਰੁੱਤ ਦਾ ਏਹੀ ਤਾਂ ਕੰਮ ਏ, ਵੱਖ-ਵੱਖ ਵੇਲਿਆਂ ਵਿਚ ਖਿੱਲਰੇ ਲਾਲ ਡੁੱਸਾਂ ਨੂੰ ਇਕ ਕਰਨਾ। ਰੁੱਤ ਬਾਲਾਂ ਵਾਂਗ ਪੋਲੇ ਪੈਰੀਂ ਟੁਰਦੀ ਤੇ ਉਲੀਕਦੀ ਏ ਜੇਵੇਂ ਮੁੱਖ ਪੰਨੇ ਦੀ ਲਿਖਤ ਏ। ਅਣ-ਸਿੱਖ ਹੱਥਾਂ ਦੀ ਲਿਖੀ ਜਾਪਦੀ ਏ ਤਾਂ ਈ ਲਾਲ ਏ ਖ਼ਬਰੇ ਸੱਜ-ਜੰਮੀ। ਰੁੱਤ ਵੀ ਬਾਲ ਈ ਏ, ਹਰ ਪਲ ਨਵੀਂ, ਹਰ ਘੜੀ ਸੱਜਰੀ, ਓਹੀ ਕਰੇਂਦੀ ਏ ਜੋ ਬਾਲ ਕਰਦੇ ਨੇਂ। ਗੱਲਾਂ ਜੋੜ ਸੁਣਾਉਂਦੇ, ਕੋਈ ਕਿਤੇ ਦੀ, ਕੋਈ ਕਿਤੇ ਦੀ। ਅਜੋੜ ਨੂੰ ਜੋੜਨ ਈ ਕੰਮ ਹੈ ਏਸ ਬਾਲ-ਰੁੱਤ ਦਾ। ਅੱਖਰ ਲਾਲ ਫੁੱਲ ਜਾਪਦੇ ਨੇਂ। ਹਰਿਆਵਲ ਵਿਚੋਂ ਪੀਲਕ ਉਡੀਕਦੇ। ਏਹੀ ਵਿੱਥ ਏ ਵੇਲੇ ਦੇ ਯਾਂ ਵਾਰਿਆਂ ਦੀ, ਜਿਸ ਨੂੰ ਇਕ ਕਰਨ, ਕੰਮ ਹੈ ਰੁੱਤ ਦਾ। ਜਿਵੇਂ ਕਿਤਾਬ ਅੰਦਰ ਜੁੜੇ ਜੋੜਾਂ ਦਾ ਕੰਮ ਏ ਜੋ ਖੋਲ ਵਿਖਾਉਂਦੇ ਨੇਂ ਹੋਈ-ਵਰਤੀ ਨੂੰ, ਨਵਿਆਂ ਨੂੰ ਸੇਧ ਦੇਵਣ ਕੀਤੇ, ਪਿਛਲੀ ਵਾਰ ਚੇਤੇ ਕਰਾਵਣ ਕੀਤੇ, ਰੰਗ ਵਟਾਵਣ ਕੀਤੇ। "ਰੁੱਤ ਦੇ ਕੰਮ" ਵਾਰ ਏ ਓਸ ਵੇਲੇ ਦੀ ਉੱਥਲ ਦੀ, ਪੜਚੋਲ ਏ ਹੋਈ-ਵਾਪਰੀ ਦੀ।

***

# ਰੁੱਤ ਦੇ ਨਾਂ

ਪੈਰ ਸਾਨੂੰ ਵੇਖਣ ਦੇ
ਤੈਂਡੇ ਪੈਰ ਘੁੰਮਣ ਅਸਮਾਨੀ ਨਜ਼ਰ ਥੀਂ ਰਹਿਣ ਅਗਵੰਨ੍ਹੇ
ਕਿਤੇ ਝੁਕਣ ਅਨੇਰ ਸਵੇਰੀਂ ਨਕਸ਼ ਉਲੀਕਣ ਸੂਹੇ
ਪੈਰ ਸਾਨੂੰ ਵੇਖਣ ਦੇ
ਸਾਡੇ ਤਨ ਵਿਚ ਵੱਸਦੀ ਰਾਤ ਪੈਰ ਤੈਂਡੇ ਧੋਂਦੀ ਆਵੇ
ਤੇਰਿਆਂ ਪੈਰਾਂ ਦਾ ਚਾਨਣ ਪਾਣੀ ਅਸਾਂ ਕੋਲੋਂ ਲੰਘ ਲੰਘ ਜਾਵੇ
ਪੈਰ ਸਾਨੂੰ ਵੇਖਣ ਦੇ
ਸਾਡੇ ਤਨ ਦੀ ਰਾਤ ਨੂੰ ਤੈਂਡੇ ਮੱਚ ਸੂਰਜ ਦਾ ਘੇਰਾ
ਸਾਡੀ ਢੋਲ ਦਿਲੇ ਦੀ ਧੜਕਣ ਸ਼ੋਰ ਧਮਾਲੀਂ ਤੇਰਾ
ਹੋਵੇ ਨੇਹੁੰ ਦੀ ਕੁੜੱਤਣ ਸੰਘਣੀ
ਪੈਰ ਸਾਨੂੰ ਵੇਖਣ ਦੇ
ਹੋਵੇ ਗੂੜ੍ਹੀ ਸਿਰੜ ਦੀ ਰੰਗਣੀ
ਪੈਰ ਸਾਨੂੰ ਵੇਖਣ ਦੇ

*(ਰੁੱਤ ਦੇ ਕੰਮ-ਸਫ਼ਾ 14)*

"ਰੁੱਤ ਦੇ ਕੰਮ" ਕਿਤਾਬ ਦੇ ਗਾਉਣ ਪੜ੍ਹਦਿਆਂ "ਰੁੱਤ ਦੇ ਨਾਂ ਸਰਨਾਵੇਂ ਨੇ ਅੱਗੇ ਨਾ ਜਾਵਣ ਦਿੱਤਾ। ਸੋਚੀਂ ਪਈ ਕਿ ਰੁੱਤ ਦੇ ਨਾਮ ਕੀਤਾ ਏ ਇਹ ਜੋੜ ਯਾਂ ਫੇਰ ਰੁੱਤ ਦਾ ਨਾਂ ਹੈ ਇਹ ਸ਼ਾਇਰੀ। ਆਓ ਰਲ ਵਿਚਾਰੀਏ, ਮਤਾਂ ਕੋਈ ਸਿਰਾ ਹੱਥ ਲੱਗੇ ਅਸਾਨੂੰ ਵੀ ਰੁੱਤ ਦਾ। ਰੁੱਤ ਦਾ ਨਾਂ ਸਿਆਲ, ਉਨ੍ਹਾਲ (ਹੁਨਾਲ), ਚੇਤਰ, ਚਮਾਸਾ, ਸੁਣਦੇ ਆਏ ਹਾਂ। ਏਥੇ ਰੁੱਤ ਕਿਹੜੀ ਏ? ਰੁੱਤ ਦੇ ਪੈਰ ਵੇਖਣ ਦੀ ਤਾਂਘ ਜਗੀ ਏ ਤੇ ਓਸ ਨਾਲ ਗੱਲ ਝੋਈ ਏ "ਪੈਰ ਸਾਨੂੰ ਵੇਖਣ ਦੇ" ਜਾਪਦਾ ਏ ਵੇਖਣ ਵਾਲਾ ਕੋਈ ਇਕ ਨਹੀਂ ਕੋਈ ਇਕੱਠ ਏ, ਜੋੜੀ ਏ ਕੋਈ ਖ਼ਬਰੇ ਜਿਸਨੂੰ ਏਸ ਰੁੱਤ ਦਾ ਭੇਦ ਲੱਭਾ ਏ ਤੇ ਏਸ ਦੇ ਟੋਰੇ ਟੁਰਨ ਲੋੜੀਂਦੇ ਨੇਂ ਪਏ ਸਾਰੇ ਜੋੜੀ ਵਾਲ। ਤੇਰੇ ਪੈਰ ਅਸਮਾਨ ਦੀ ਬਜ ਵਾਂਗ ਨੇਂ ਨਜ਼ਰ ਤੋਂ ਅਗੇਤਰੇ ਈ ਨੇਂ ਕੇਵੇਂ ਵੇਖੀਏ। ਦਿਨ ਤੇ ਰਾਤ ਵਾਅ ਬਣ ਝੁਲਦੇ ਨੇਂ ਤੇ ਆਪਣੇ ਨਕਸ਼ ਉਲੀਕਦੇ ਨੇਂ ਸੂਹੇ, ਲਾਲ ਰੰਗੇ। ਲਾਲ ਰੰਗ ਨਿਸ਼ਾਨ ਏ

ਕੁਦਰਤ ਨਾਲ ਇਕ ਹੋਵਣ ਦਾ, ਨਵੀਂ ਹਸਤੀ, ਨਵੀਂ ਹੋਂਦ ਦੇ ਉਸਰਨ ਦਾ, ਜੀਊਂਦੇ ਹੋਵਣ ਦਾ ਲਾਲ ਰੁੱਤ ਜੋ ਹੋਈ, ਲਾਲ ਉੱਥਲ ਦਾ ਨਿਸ਼ਾਨ ਵੀ ਬਣਿਆ ਹਰ ਵਾਰੇ ਨਾਬਰੀ ਦਾ। ਰੁੱਤ ਅੰਦਰ ਲੁਕੀਜੀ ਕੁਦਰਤ ਦਾਨ ਕੀਤੀ ਮਾਮ ਨੂੰ ਸਹੀ ਕਰਨ ਦਾ। ਆਪਣੀ ਮਾਮ ਦੀ ਸਿਆਣ ਕਿਸੇ ਜੀਊਂਦੇ ਜੀਅ ਨੂੰ ਈ ਹੋ ਸਕਦੀ ਏ ਤੇ ਜੀਊਂਦਾ ਜੀਅ ਜਦ ਆਪਣੀ ਹਸਤੀ ਪਛਾਣ ਲਵੇ ਓਹੀ ਵੇਲਾ ਏ ਲਾਲ ਹੋਵਣ ਦਾ, ਰੁੱਤ ਬਦਲਣ ਦਾ। ਹੋ ਸਕਦਾ ਏ ਏਸੇ ਨਵੀਂ ਰੁੱਤ ਦੇ ਨਾਂ ਹੈ ਇਹ ਗਾਵਣ। ਤਨ ਵਿਚ ਵੱਸਦੀ ਰਾਤ ਪਾਣੀ ਹੋ ਤੇਰੇ ਪੈਰ ਧੋਂਦੀ ਏ ਪਈ। ਪੈਰ ਧੋ-ਧੋ ਪੀਵਣ ਅਖਾਣ ਏ। ਕਿਸੇ ਦੇ ਕੀਤੇ ਦਾਨ ਕਰਮ ਤੇ ਸ਼ੁਕਰਗੁਜ਼ਾਰ ਹੋਵਣ, ਅਹਿਸਾਨਮੰਦ ਹੋਵਣ, ਖ਼ਿਦਮਤ ਗੁਜ਼ਾਰ ਹੋਵਣ ਯਾਂ ਆਪਣਾ ਰਿਸ਼ਤਾ ਪੱਕਾ ਕਰਨ, ਦੂਜੇ ਦੀ ਵਡਿਆਈ ਮੰਨਣ ਪਾਰੋਂ, ਮੁਰੀਦ ਹੋਵਣ ਯਾਂ ਆਸ਼ਕ ਹੋਵਣ। ਰਾਤ ਇਕਾਈ ਦਾ ਨਿਸ਼ਾਨ ਏ ਸਾਂਝ ਦਾ, ਇਕ ਰੰਗ ਹੋਵਣ ਦਾ, ਨਵੀਂ ਹੋਂਦ ਦਾ। ਤਨ ਦਾ ਵਖਰੇਵਾਂ ਮੁੱਕਾ ਏ ਤੇ ਓਸ ਵਿਚ ਰਾਤ ਵੱਸੀ ਏ। ਵਿਹਾਰੀ ਪਛਾਣਾ ਬਣਾਈ ਤਨ ਦੀ ਆਕੜ ਭੰਨ ਪਾਣੀ ਚਾ ਕੀਤੀ ਏ, ਰਾਤ ਨੇ ਤਨ ਅੰਦਰ। ਜੋ ਏਸ ਨਵੀਂ ਰੁੱਤ ਦੇ ਪੈਰ ਧੋਂਦੀ ਏ ਪਈ। ਤੇਰੇ ਪੈਰ ਧੋਂਦੀ ਏ ਤੇ ਆਪ ਹੋਂਦੀ ਏ।

ਤੇਰੇ ਪੈਰਾਂ ਦਾ ਧੋਤਾ ਹੋਇਆ ਪਾਣੀ ਏ ਅਸਾਡੇ ਅੰਦਰ ਜੋ ਰਾਤ ਬਣਿਆ ਏ। ਏਸ ਰਾਤ ਵਿਚ ਚਾਨਣ ਲੱਗਾ ਏ ਤੇਰੇ ਪੈਰਾਂ ਦੇ ਪਾਣੀ ਦਾ, ਜੋ ਅਸਾਡੇ ਕੋਲੋਂ ਲੰਘਦਾ ਏ ਪਿਆ। ਅੰਦਰ ਦੀ ਸੋਚ-ਸਾਂਝ ਨੇਂ ਇਕ ਕੀਤਾ ਏ ਤੇ ਅਸਾਡੀ ਪਾਣੀ ਰਾਤ ਨੂੰ ਤੇਰੇ ਪਾਣੀ ਚਾਨਣ ਰਾਹ ਵਿਖਾਇਆ ਏ। ਆਪਣੇ ਨਾਲ ਲੈ ਵਗੇ ਨੇਂ ਅਸਾਨੂੰ ਵੀ। ਉਹ ਪੈਰ ਵੇਖਣ ਦੇ ਅਸਾਨੂੰ ਜੋ ਇਹ ਸਭ ਕਹੇਂਦੇ ਨੇਂ।

ਰੁੱਤਾਂ ਲਗਾਤਾਰ ਟੁਰਦੀਆਂ ਰਹਿਣ ਤੇ ਦਮੋ-ਦਮ ਨਵੇਂ ਹੋਵਣ ਦਾ ਸੱਦਾ ਏ। ਜਿਵੇਂ ਪਾਣੀ ਚੁਪੀਤਾ ਵਗਦਾ ਏ, ਅੰਦਰੋਂ-ਅੰਦਰ ਹੇਠੋਂ-ਹੇਠ। ਜਿਥੋਂ ਵੀ ਲੰਘਦਾ ਏ, ਸੁਥਰਾ ਕਰਦਾ ਜਾਂਦਾ ਏ। ਮੈਲ ਕੱਢ ਨਵੇਂ ਰੰਗ ਲਾਉਂਦਾ ਏ। ਅਸਾਡੇ ਤਨ ਅੰਦਰ ਜੋ ਰਾਤ ਵੱਸੀ ਏ ਓਸ ਨੂੰ ਘੇਰਾ ਏ ਤੈਂਥੇ ਮੱਚ ਦਾ, ਜਿਸ ਸਿਜ ਵਾਂਗ ਵਲ ਲਿਆ ਏ ਆਲ-ਦਵਾਲਿਓਂ। ਹੁਣ ਵਿਚਕਾਰ ਜੋ ਰਾਤ ਨਾਲ ਇਕਾਈ ਬਣੀ ਏ ਓਸ ਬਾਹਰ ਮੱਚ ਮਚਾਇਆ ਏ। ਮੱਚ ਫ਼ਕੀਰੀ ਏ, ਦਰਵੇਸ਼ੀ ਏ, ਰਾਤ ਵੇਲੇ ਮੱਚ ਮਚਾਇਆ ਏ। ਮੱਚ ਨਵੀਂ ਹਸਤੀ ਦਾ ਏ ਜੋ ਰਾਤ ਨੂੰ ਬਣਦੀ ਏ। ਦਿਲ ਦੀ ਧੜਕਣ ਢੋਲ ਵਾਂਗ ਵੱਜੀ ਏ ਤੇ ਧਮਾਲ ਵਿਚ ਸ਼ੋਰ ਤੇਰਾ ਪਿਆ ਏ, ਜਿਸ ਇਹ ਸਭ ਕੀਤਾ ਏ। ਇਹ ਢੋਲ ਤੇ ਧਮਾਲ ਏਸ ਨਵੀਂ ਰੁੱਤ ਦਾ ਮਨਾਵਣ ਏ। ਜਾਪਦਾ ਏ ਮੇਲਾ ਲੱਗਾ ਹੋਇਆ ਏ, ਰਾਤ ਵੇਲੇ। ਜਿਵੇਂ ਦਿਲ ਦੀ ਧੜਕਣ ਇਕ ਹੋਈ ਏ ਤਿਵੇਂ ਇਕ ਤਾਲ ਹੋ ਧਮਾਲ ਪਈ ਏ। ਵਿਹਾਰੀ ਸੁਰ-ਤਾਲ ਤੋਂ ਵੱਖ ਹੋ, ਆਪਣੇ ਅੰਦਰ ਦੀ ਤਾਲ ਨਾਲ ਸੁਰ ਹੋਇਆ ਏ ਸਾਰਾ ਇਕੱਠ ਤੇ ਰਲ ਨੱਚਿਆ ਏ। ਏਥੇ ਅੱਪੜਦਿਆਂ

ਨੂੰ, ਟੋਰ ਤ੍ਰਿਖੀ ਹੋਈ ਜਾਪਦੀ ਏ ਅੱਖਰਾਂ ਦੀ। ਪਹਿਲੋਂ ਹਰ ਦੋ ਮਿਸਰਿਆਂ ਦੇ ਮਗਰੋਂ ਅਸਥਾਈ ਆਈ ਏ, ਹੁਣ ਖ਼ਬਰੇ ਸਿਖਰ ਤੇ ਅੱਪੜੀ ਏ ਕਥ। ਦੋ-ਦੋ ਮਿਸਰਿਆਂ ਦੀਆਂ ਜੋੜੀਆਂ ਜੋ ਤੇਰ-ਮੇਰ ਦੀ ਵੰਡ ਪਈਆਂ ਨਖੇੜਦੀਆਂ ਸਨ, ਉਹ ਵੀ ਹੁਣ ਇਕ ਹੋਈਆਂ ਨੇਂ ਤੇ ਅਖੀਰਲੇ ਅੰਤਰੇ ਇਕੱਲੇ ਈ ਨੇਂ ਪਰ ਇੰਜ ਜਿਵੇਂ ਧਮਾਲ ਦੀ ਤਾਲ ਤ੍ਰਿਖੀ ਹੋਈ ਏ।

ਏਸ ਰੁੱਤ ਨੇ ਜੋ ਇਸ਼ਕ ਦੀ ਜਾਗ ਲਾਈ ਏ ਓਸ ਦੀ ਕੁੜੱਤਣ ਸੰਘਣੀ ਤਾਂ ਹੋਵਣੀ ਏ ਜੇ ਪੈਰ ਵੇਖੀਏ ਏਸ ਦੇ, ਅੰਦਰ ਏਸ ਦੀ ਪਕਿਆਈ ਨੇ ਰੰਗ ਲਾਉਣਾ ਏ ਜੇ ਪੈਰ ਵੇਖੀਏ ਏਸ ਦੇ। ਇਹ ਇਸ਼ਕ ਉਹ ਵਿਹਾਰੀ ਇਸ਼ਕ ਨਹੀਂ ਏ ਜੋ ਆਖਦੇ ਨੇਂ ਗੁੜ ਨਾਲੋਂ ਇਸ਼ਕ ਮਿੱਠਾ। ਇਹ ਇਸ਼ਕ ਵਿਹਰ ਏ ਬੰਦੇ ਦੀ ਚਾਲੂ ਵਿਹਾਰ ਉੱਥਲਣ ਦੀ, ਨਾਬਰੀ ਏ ਮੇਲ-ਬੰਦ ਬਾਂਧ ਦੀ। ਇਹਦੀ ਜਿਤਨੀ ਕੌੜ ਵਧਦੀ ਉਤਨੀ ਨਾਬਰੀ ਪੱਕੀ ਹੋਸੀ। ਜਿਤਨੀ ਪਕਿਆਈ ਅੰਦਰ ਹੋਵਣੀ ਏ ਉਤਨਾ ਈ ਓਸ ਦਾ ਰੰਗ ਪੱਕਾ ਹੋਵਣਾ ਏ।

ਪੈਰ ਕਿਸ ਸ਼ੈਅ ਦੀ ਰਮਜ਼ ਬਣੇ ਨੇਂ, ਏਥੇ ਜੋ ਮੁੜ-ਮੁੜ ਪੈਰਾਂ ਨੂੰ ਵੇਖਣ ਦੀ ਤਾਂਘ ਜਗਦੀ ਏ। ਪੈਰ ਉਹ ਅੰਗ ਤਨ ਦਾ ਜੋ ਸਭ ਤੋਂ ਹੇਠ ਏ, ਪੈਰ ਈ ਸੰਗ ਨੇਂ ਮਿੱਟੀ ਦਾ। ਹੇਠਾਂ ਵੇਖਣ ਨੀਵਾਣ ਵੇਖਣ ਵੀ ਏ। ਹੇਠਲੇ ਦੀ ਪਛਾਣ ਵੀ, ਪੈਰੋਂ ਵਾਹਣਿਆਂ ਦੀ ਸੁੰਜਾਣ ਵੀ। ਪੈਰ ਦੱਸ ਪਾਉਂਦੇ ਨੇਂ ਮੇਲ ਦੀ। ਪੈਰ ਦਾ ਨਕਸ਼ ਫੁੱਲ ਜਾਪਦਾ ਏ, ਇਕ ਟਹਿਣੀ ਤੇ ਲੱਗੇ ਪੰਜ ਫੁੱਲ ਯਾਂ ਇਕ ਈ ਫੁੱਲ ਦੀਆਂ ਪੰਜ ਪੱਤੀਆਂ ਜਿਵੇਂ ਵੀ ਦਿਸੇ ਵੇਖਣ ਵਾਲੀ ਅੱਖ ਨੂੰ। ਇਹ ਰੁੱਤ ਏ ਉੱਥਲ ਦੀ ਤੇ ਇਹ ਉੱਥਲ ਆਉਣੀ ਏ ਇਹਨਾਂ ਪੈਰਾਂ ਦੇ ਫੁੱਲਾਂ ਨਾਲ। ਜਿਹਨਾਂ ਅੰਦਰਾਂ ਵਿਚ ਲੱਥ ਖਿੜਨਾ ਏ ਤੇ ਸੁਗੰਧ ਹੋ ਧਾਉਣਾ ਏ।

ਇਹ ਪੈਰੋਂ ਵਾਹਣੇ ਖਲੇ ਅਸਮਾਨ ਹੇਠ ਵਸੇਂਦੇ ਪਾਣੀਆਂ ਦੇ ਵਸਨੀਕ ਮਲਾਹ, ਮਲਾਹਣਾਂ ਹੋਵਣ ਖ਼ਬਰੇ ਜਿਹਨਾਂ ਕਦੀਂ ਪੈਰੀਂ ਪਾਇਆ ਈ ਨਹੀਂ ਕੁਝ। ਪਾਣੀ ਸੰਗ ਈ ਜੀਵਨ ਏ ਜਿਹਨਾਂ ਦਾ, ਪੈਰਾਂ ਦੇ ਰੇਤ ਤੇ ਬਣੇ ਨਕਸ਼ ਇਕ ਪਲ ਬਣਦੇ ਤੇ ਦੂਜੇ ਪਲ ਮਿਟਦੇ ਨੇਂ। ਪਾਣੀ ਦਾ ਸੰਗ ਕਿਵੇਂ ਆਪਣੀ ਹਸਤੀ ਦੀ ਪਛਾਣ ਕਰਾਉਂਦਾ ਏ। ਅੰਦਰ ਦਾ ਡਰ ਮੁਕਾ ਕੇ ਖੁੱਲ ਖਿਡਾਉਂਦਾ ਏ। ਪਾਣੀ ਵਿਚ ਵੀ ਅਸਮਾਨ ਦਿਸਦਾ ਏ, ਲਹਿਰਾਂ ਬਿਜਲੀ ਵਾਂਗ ਆਉਂਦੀਆ ਤੇ ਜਾਂਦੀਆ ਨੇਂ, ਤ੍ਰਿਖਾ ਟੋਰਾ ਪੈਰਾਂ ਦਾ ਨਾਚ ਜਾਪਦਾ ਏ। ਦਿਨ ਤੇ ਰਾਤ ਨਿਸ਼ਾਨ ਨੇਂ, ਹੋਂਦ ਤੇ ਅਣਹੋਂਦ ਦੇ। ਪੈਰਾਂ ਦੇ ਨਕਸ਼ ਵਿਹਾਰੀ ਹੋਂਦ ਤੇ ਅਣਹੋਂਦ ਦੀ ਦੱਸ ਪਾਉਂਦੇ ਨੇਂ ਪਏ। ਦਿਨ ਤੇ ਰਾਤ ਰੰਗ ਨੇ ਕਾਲੇ ਤੇ ਚਿੱਟੇ, ਇਹ ਕਾਲੇ ਅੱਖਰ ਵੀ ਹੋਏ ਚਿੱਟੇ ਕਾਗ਼ਜ਼ ਉੱਪਰ ਉਲੀਕੇ। ਆਪਣੀ ਮੱਠੀ ਟੋਰੇ ਟੁਰਦੇ ਸੋਚਾਂ-ਵਿਚਾਰ ਵੰਡਦੇ ਅਗਾਂਹ ਟੁਰੀ ਜਾਂਵਦੇ ਨੇਂ।

ਪਾਣੀ ਤੇ ਅੱਗ ਦੀਆਂ ਖ਼ਾਸ ਰਮਜ਼ਾਂ ਆਈਆਂ ਨੇਂ ਏਸ ਗਾਉਣ ਵਿਚ। ਪਾਣੀ ਦਾ ਕੰਮ ਰੋੜ੍ਹ ਖੜਣ ਵੀ ਏ, ਸੰਗ ਰਲਾਵਣ, ਨਾਲ ਟੁਰਾਵਣ, ਆਪਣੇ ਪੰਧ ਪਾਵਣ। ਪਾਣੀ ਆਪ ਕੁਦਰਤ ਜੋ ਹੋਇਆ ਸੋ ਸਕਤ ਹੈ ਓਸ ਵਿਚ ਜੋ ਚਾਹੇ ਕਰੇ। ਸਾਵਾਂ ਵਗੇ ਤੇ ਬਣਾਵੇ, ਅਸਾਵਾਂ ਵਗੇ ਤੇ ਰੋੜ੍ਹੇ ਢਾਵੇ। ਉਹ ਸਭ ਜੋ ਅਸਾਵੀਂ ਵੰਡ ਸਿਰ ਬਣਿਆ-ਉਸਰਿਆ ਰੋੜ੍ਹ ਕੇ ਟੋਏ-ਟਿੱਬੇ ਇਕ ਕਰ ਦੇਵੇ।

ਦੂਜੀ ਵੱਡੀ ਰਮਜ਼ ਅੱਗ ਦੀ ਏ। ਅੱਗ ਸਾੜਦੀ ਏ, ਸਵਾਹ ਕਰਦੀ ਏ। ਏਸ ਇਕਾਈ ਦੀ ਸਾਂਝ-ਸਮਝ ਸਾਰੇ ਵਿਹਾਰ ਅੰਦਰ ਬਣ ਖਲੋਤੀ ਅਸਾਂਝ ਨੂੰ ਸਾੜ-ਫੂਕ ਮੁਕਾਉਣਾ ਏ ਜੋ ਕੁਦਰਤ ਦਾ ਕੰਮ ਏ। ਏਸ ਅੱਗ ਪਾਣੀ ਦੀ ਰੁੱਤ ਦੇ ਪੈਰ ਕੇਵੇਂ ਵੇਖੀਏ-ਵਿਖਾਈਏ। ਯਾਂ ਤੇ ਨਾਲ ਰੋੜ੍ਹ ਹੋ ਟੁਰੀਏ ਯਾਂ ਏਸ ਵਿਚ ਵੜ ਸੜੀਏ। ਅਨੇਰ-ਸਵੇਰ ਦੇ ਝੁੱਲਣ ਨਾਲ ਨਕਸ਼ ਉਲੀਕੇ ਜਾਣੇ ਨੇਂ। ਝੁੱਲਣ ਹੈ ਵਗਣ, ਟੁਰਨ ਹਰਕਤ ਵਿਚ ਹੋਵਣ। ਸੂਹੇ ਨਕਸ਼ ਉਲੀਕਣ ਲਈ ਆਹਰ ਦੀ ਲੋੜ ਏ ਖਲੋਤ ਨਾਲ ਇਹ ਕੰਮ ਨਹੀਂ ਸਰਨਾ। ਧਰਤ-ਅਸਮਾਨ, ਅਨੇਰ-ਸਵੇਰ, ਰਾਤ-ਦਿਨ, ਅੱਗ-ਪਾਣੀ ਸਭ ਉਲਟਾ ਨੇਂ, ਹਿਕ-ਬਏ ਦਾ। ਪੈਰਾਂ ਦਾ ਵੇਖਣ ਅੱਖਾਂ ਨਾਲ ਏ ਤੇ ਏਸ ਦਾ ਵਿਚਾਰਨ ਦਿਮਾਗ ਨਾਲ। ਹੇਠ-ਵੇਖਣ ਪਾਰੋਂ ਸਮਝ ਰਲੀ ਏ ਸੋ ਹੁਣ ਹੇਠਲੀ ਉਤਾਂਹ ਹੋਵਣ ਦੀ ਰੁੱਤ ਬਣੀ ਏ। ਏਸੇ ਰੁੱਤ ਦੇ ਨਾਂ ਕੀਤੇ ਇਹ ਜੁੜੇ ਜੋੜ।

ਪੈਰ ਵਾਰ ਨੇਂ, ਤਾਰੀਖ਼ ਨੇਂ, ਉਹ ਤਾਰੀਖ਼ ਜੋ ਹੀਣਿਆਂ ਨਿਮਾਣਿਆਂ ਬੇ-ਨਾਵਿਆਂ ਦੀ ਏ। ਓਸ ਦੀ ਸਾਰ ਹੋਈ ਏ ਅਸਾਨੂੰ। ਔਖ-ਸੌਖ ਬਰਦਾਸ਼ਤ ਕਰਦੇ ਕੰਮੀਂ ਲੱਗੇ ਇਹ ਪੈਰ ਦੱਸਦੇ ਨੇਂ ਕਿ ਜੀਵਨ ਦਾ ਰੰਗ ਕੇਵੇਂ ਹੋ ਸਕਦਾ ਏ। ਤਨ ਦਿਨ ਏ ਵਿਹਾਰ ਦੀ ਬਾਂਧ ਵਿਚ। ਰਾਤ ਬਾਂਧ ਤੋਂ ਆਜ਼ਾਦ ਏ। ਇਨਸਾਨ ਦੇ ਅੰਦਰ ਦਿਨ ਤੇ ਰਾਤ, ਆਹੀ-ਨਾਹੀ ਦੋਵੇਂ ਨਾਲੋਂ-ਨਾਲ ਵਸੇਂਦੇ ਨੇਂ। ਅੰਦਰ ਇਹਨਾਂ ਦੇ ਟਕਰਾ ਨਾਲ ਈ ਜੰਮੀ ਦੋਵਾਠ ਪਾਰੋਂ ਸਮਝ ਲੱਗੀ ਏ ਤੇ ਹੁਣ ਨਵੀਂ ਸੁਰਤ, ਨਵੀਂ ਰੁੱਤ ਮਨਾਵਣ ਟੁਰੀ ਏ। ਅੰਦਰ ਦੀ ਨਾਹੀ ਪੈਰ ਵਖਾਉਂਦੀ ਵੇਖ ਇਹ ਮਾੜਿਆਂ ਦੀ ਵਾਰ ਅਸਾਡੇ ਕੋਲੋਂ ਲੰਘਦੀ ਏ ਪਈ। ਇਹਨਾਂ ਦੀ ਕੀਤੀ ਵੱਲ ਧਿਆਨ ਤੇ ਪੜਚੋਲ ਕਰਨ ਦੀ ਲੋੜ ਏ। ਇਹੀ ਧਿਆਨ ਤੇ ਪਰਖ ਅੰਦਰ ਜੰਮੀ ਮਾੜੀ ਜਈ ਸਮਝ ਨੂੰ ਜਾਗ ਲਾ ਕੇ ਹਸਤੀ ਬਣਾਉਂਦਾ ਏ ਪਿਆ। ਤੇਰਾ ਧਿਆਨ ਈ ਅਸਾਨੂੰ ਵਾਰ ਦੀ ਸਮਝ ਦੇਂਦਾ ਏ।

ਤਨ ਦੇ ਅੰਦਰ ਦੀ ਰਾਤ ਜੋ ਵਿਹਾਰ ਵਿਚ ਫਸੀ ਹੋਈ ਏ। ਨਾਬਰ ਏ ਏਸ ਬਾਂਧ ਤੋਂ, ਓਸ ਨੂੰ ਪੈਰਾਂ ਦਾ ਵੇਖਣ ਪੱਕਾ ਕਰਸੀ ਹੋਰ। ਮਾੜਿਆਂ ਦੇ ਪੈਰਾਂ ਦੀ ਲਿਖੀ ਵਾਰ ਨੂੰ ਵੇਖਣ-ਪਰਖਣ ਗੌਲਣ ਈ ਨਵੀਂ ਰੁੱਤ ਏ। ਏਹੀ ਕੰਮ ਏ ਰੁੱਤ ਦਾ, ਨਵਾਂ ਕਰਨਾ ਤੇ ਨਵਾਂ ਹੋਵਣਾ ਹੰਢਾਇਆ ਵੇਲਾ ਲਾਹ ਕੇ ਮਿੱਟੀ ਵਿਚ ਰਲਾ ਕੇ ਨਵੇਂ ਰੰਗ ਵਿਚ ਮੁੜ ਖੜਨਾ। ਏਹੀ ਰੁੱਤ ਹੈ ਫ਼ਰੀਦ ਦੇ ਰੁੱਖਾਂ ਦੀ ਜਿਹਨਾਂ ਦੀ ਹਰਿਆਵਲ ਜੀਵਨ

ਕੱਥ ਤਲੀਆਂ ਤੇ ਚਾ ਖਲੀ ਉਡੀਕਦੀ ਏ ਪਈ ਆਪਣੇ ਪੜ੍ਹਨ ਸਮਝਣਹਾਰਾਂ ਨੂੰ :

ਇਹ ਜੋ ਜੰਗਲ ਰੁੱਖੜੇ ਹਰੀਅਲ ਪੱਤ ਤਿਨ੍ਹਾਂ
ਪੋਥਾ ਲਿਖਿਆ ਅਰਥ ਦਾ ਏਕਸ ਏਕਸ ਮਾਂਹ

ਇਹੀ ਰੁੱਤ ਏ ਨਾਨਕ ਦੀ :

ਨਾ ਮੈਲਾ ਨਾ ਧੁੰਦਲਾ ਨਾ ਭਗਵਾ ਨਾ ਕੱਚ
ਨਾਨਕ ਲਾਲੋ ਲਾਲ ਹੈ ਸੱਚੇ ਰੱਤਾ ਸੱਚ

ਏਹੀ ਰੁੱਤ ਸਮਝਾਉਂਦੀ ਏ ਕਿ ਜੋੜ ਹੈ ਹਰ ਜੀਅ ਦਾ ਆਪਣੇ ਵੇਲੇ ਨਾਲ ਤੇ ਲੰਘੇ ਤੇ ਆਵਣ ਵਾਲੇ ਕੱਲ ਨਾਲ। ਏਹੀ ਸਾਂਗਾ ਹੈ ਪੰਜਾਬੀ ਸ਼ਿਅਰ ਗੀਤ ਦੇ ਸ਼ਾਇਰਾਂ ਦਾ ਜੋ ਵੱਖ-ਵੱਖ ਵੇਲੇ ਵਿਚ ਹੋਂਦਿਆਂ ਵੀ ਇਕ ਸੁਰ ਹਨ। ਹਿਕ ਬਏ ਦੇ ਪੈਰਾਂ ਤੇ ਪੈਰ ਧਰੇਂਦੇ ਟੁਰਦੇ ਆਏ ਨੇਂ। ਓਹੀ ਪੈਰ ਵੇਖਣ ਵਾਲੀ ਅੱਖ ਨੇ ਵੇਖੇ-ਵਿਖਾਏ ਨੇਂ ਇਸ ਗਾਉਣ ਅੰਦਰ ਤੇ ਇਕ ਸੁਰ ਹੋਇਆਂ ਦੇ ਰੰਗ ਰੰਗੀਜਣ ਦੀ ਰੁੱਤ ਬਣੀ ਏ। ਵੇਲ ਹੈ, ਇਹ ਗਾਉਣ ਉਹਨਾਂ ਪੈਰਾਂ ਦੀ ਜਿਹਨਾਂ ਸੱਚ-ਰੁੱਤ ਦੀ ਵਿਹਰ ਵਾਰ ਵਰਤ ਵਰਤਾਈ। ਉਹ ਰੁੱਤ ਜੋ ਉੱਥਲ ਦੀ ਏ ਹਰ ਪਲ ਹਰ ਵੇਲੇ ਨਵਾਂ ਕਰਦੀ ਏ, ਹੁਣ ਅਸੀਂ ਵੀ ਤੇਰਾ ਅੰਗ ਹਾਂ, ਤੇਰੇ ਪੈਰਾਂ ਅਸਾਡਾ ਵੇਖਣ ਬਦਲਿਆ ਏ। ਅਸਾਨੂੰ ਨਵਾਂ ਕੀਤਾ ਏ, ਨਵੀਂ ਸਾਰ ਦਿੱਤੀ ਏ। ਸੋ ਹੁਣ ਅਸੀਂ ਵੀ ਰੁੱਤ ਹਾਂ, ਬਦਲਣਹਾਰ, ਉੱਥਲਹਾਰ, ਨਵੇਂ ਹੋਵਣ ਤੇ ਨਵੇਂ ਕਰਨਹਾਰ ਨਵੀਂ ਸਮਝ-ਸੁਰਤ ਵੰਡਣਹਾਰ।

***

# ਆਤਣ ਵਿਚਾਰ

**(ਖੱਪੇ)**

ਆਤਣ ਸੁੰਜਾ ਪਿਆ ਏ। ਖ਼ਬਰੇ ਕੀ ਬਣੀ ਏ ਇਹਨਾਂ ਨੂੰ ਮਤਾ ਲੜ ਪਈਆਂ ਹੋਵਣ ਆਪੋ ਵਿਚ? ਯਾਂ ਖ਼ਬਰੇ ਰੁੱਝੀਆਂ ਨੇ ਕਿਤੇ ਹੋਰ। ਆਤਣ ਦਾ ਸੋਹਣ ਇਹਨਾਂ ਦਾ ਸੰਗ ਰਲਣ ਈ ਹੈ। ਨਹੀਂ ਦਿੱਸਦੀਆਂ ਤਾਂ ਕੇਵੇਂ ਵਰਾਨ ਏ ਇਹ ਥਾਂ ਤੇ ਵੇਲਾ। ਦੋ ਆਈਆ ਨੇਂ ਪੋਲੇ ਪੈਰੀਂ ਨੁੱਕਰੇ ਸਿਰ ਜੋੜ ਬੈਠੀਆਂ ਆਪਣੀ ਸੰਗਤ ਉਡੀਕਦੀਆਂ। ਮੁੱਖ ਚਿੱਤਰ ਤਾਂ ਹੈ ਨਹੀਂ "ਖੱਪੇ" ਕਿਤਾਬ (1986) ਦਾ। ਬਸ ਉੱਪਰ – ਹੇਠਾਂ ਦੋ ਅਸਮਾਨੀ ਟੋਟੇ ਨੀਲ ਰੰਗੇ ਤੇ ਵਿਚਕਾਰ ਵੱਡਾ ਚਿੱਟਾ ਪਾੜ। ਹੁਣ ਕੀ ਕਰੇਸਨ ਇਹ ਦੋਏਂ। ਗੁੱਝੀਆਂ ਸੈਂਨਤਰਾਂ ਵਿਚ ਗੱਲ ਕਰੇਂਦੀਆਂ ਭੇਤ ਨਹੀਂ ਦੇਂਦੀਆਂ। ਹਿੱਕ ਹੋਰ ਆਈ ਏ ਤ੍ਰਿਖੀ–ਤ੍ਰਿਖੀ ਨੇੜੇ ਹੋ ਪਹਿਲੀਆਂ ਦੇ ਆਖਦੀ ਏ:

"ਫ਼ੌਜਾਂ ਪਹਿਰੇ ਲਾ ਛੋੜੇ ਨੇ ਬੜਾ ਲੰਮਾ ਪੈਂਡਾ ਕਰ ਗਲੀਓ ਗਲੀ ਹੋ ਕੇ ਆਈ ਹਾਂ।"

"ਫ਼ੌਜਾਂ ਦਾ ਪਹਿਰਾ ਅਸਾਡੇ ਤੇ ਕੇਹਾ? ਅਸਾਡੇ ਕੋਲ ਨਾ ਸੰਦ ਨਾ ਅਸੀਂ ਅਖ਼ਬਾਰ"

"ਤਾਹੀਓਂ ਸੰਗਤ ਨਹੀਂ ਜੁੜੀ ਅੱਜ, ਨਹੀਂ ਸੰਗਤ ਤਾਂ ਜੁੜੀ ਏ, ਅਸਾਂ ਹਾਂ ਜੋ ਏਥੇ ਤੇ ਜੋ ਨਹੀਂ ਅੱਪੜੀਆਂ ਉਹ ਵੀ ਨਾਲ ਈ ਹਨ ਅਸਾਡੇ।"

"ਇਹ ਫ਼ੌਜ ਦਾ ਪਹਿਰਾ ਜਣਿਆਂ ਲਈ ਓਪਰਾ ਹੋਣਾ ਏਂ ਅਸਾਡੇ ਉੱਤੇ ਤਾਂ ਮੁੱਢੋਂ ਪਹਿਰੇ ਹੋਏ। ਅਸਾਨੂੰ ਕੀ ਆਖਣਾ ਏ ਪਹਿਰੇ। ਇਹਨਾਂ ਬੰਦੂਕਾਂ, ਤੋਪਾਂ ਤੋਂ ਕੀ ਡਰ? ਦਿਨ ਭਰ ਰਾਤ ਗਾਹਲਾਂ ਦੀਆਂ ਗੋਲੀਆਂ ਖਾਵਣ ਭਾਗ ਹਨ ਅਸਾਡੇ"

"ਆਤਣ ਜੁੜਨ ਈ ਸਾਹ ਹੋਇਆ ਅਸਾਡਾ। ਵਗਾਰ ਦੇ ਦੇਹੁੰ ਚੋਂ ਝਟ ਪਲ ਆਪਣਾ"

"ਕ਼ੈਦਣਾ ਤੇ ਹਾਂ ਏਸ ਵਿਹਾਰ ਦੀਆਂ ਹੋਰ ਕਿਹੜੀ ਕਾਲ ਕੋਠੜੀ ਘੱਤਣਾ ਨੇ ਅਸਾਨੂੰ। ਸੋਚ ਤੇ ਪਹਿਰੇ ਲਾਵਣ ਇਹਨਾਂ ਦੇ ਵੱਸ ਨਾਹੀਓਂ। ਹੁਣ ਆਪ ਪਹਿਰੇ ਹੇਠ ਆਏ ਨੇਂ ਕੇਵੇਂ ਸਾਹ ਸੁੱਕੇ ਪਏ ਨੇਂ

ਵੱਡਿਆਂ ਸੂਰਮਿਆਂ ਦੇ। ਘਰੀਂ ਬੈਠੇ ਵੀ ਤ੍ਰਭਕਦੇ ਨੇਂ ਪਏ ਵੱਡੇ ਜਿਗਰ ਵਾਲੇ"

"ਅੜੀਓ ਰੁਅਬ ਇਹਨਾਂ ਦਾ ਅਸਾਂ ਨਿਮਾਣੀਆਂ ਕਾਣ ਹੀ ਹੈ। ਰੁਅਬ ਵੀ ਕੀ, ਡਰ ਹੈ ਅਸਲੋਂ ਮੱਲ ਖੁੱਸਣ ਦਾ। ਨਾਰਾਂ ਦੀ ਮੱਲ ਵਡਿਆਈ ਹੋਈ ਨਰਾਂ ਦੀ। ਜਣੀ ਦੀ ਵਿਹਰ ਤੋਂ ਡਰਦੇ ਨੇਂ। ਅਸਾਡੇ ਜੰਮੇ ਅਸਾਥੋਂ ਭੁੱਲੇ ਨਹੀਂ, ਜਾਣੂੰ ਹਾਂ ਇਹਨਾਂ ਦੀ ਰਗ ਰਗ ਤੋਂ"

"ਛੱਡੋ ਨੀ ਕੀ ਲੇਖਾ ਖੋਲ੍ਹ ਲਿਆ ਜੇ। ਐਵੇਂ ਵੇਲਾ ਨਾ ਵੰਜਾਈਏ, ਆਓ ਕੁਝ ਰਲ ਵਿਚਾਰੀਏ। ਇਹ ਤੱਕੋ ਕਿਤਾਬ ਅਸਾਡੇ ਵਰਗੀ। ਨੀਲ ਅੰਬਰ ਤੇ ਨੀਲ ਸਮੰਦਰ ਵਿਚਕਾਰ ਪਾਏ ਪਾੜ ਦੀ ਕੱਥ ਕਰੇਂਦੀ। ਮਾਰਸ਼ਲ ਲਾਅ ਲੱਗਾ ਏ ਨਾ ਜਦ, ਤਦੋਕੀ ਜੁੜੀ। ਆਪਣੀ ਵਾਰ ਕਰੇਂਦੀ ਵੇਲੇ ਦੀ ਕਰਨੀ-ਜਰਨੀ ਦਸੇਂਦੀ। ਅੰਬਰ, ਧਰਤ, ਇਕ ਹੋ ਵੰਜੇ ਤਾਂ ਦੁੱਖ ਮੁੱਕ ਜਾਵਣ। ਵੱਗਦੇ ਪਾਣੀ ਨੂੰ ਡੱਕਾ ਨਾ ਲੱਗੇ ਤੇ ਸਵਾਹਰੀ ਟੋਰ ਪਿਆ ਟੁਰੇ"

"ਇਹ "ਖੱਪੇ" ਕੀ ਹੋਇਆ। ਅਜਬ ਈ ਸਰਨਾਵਾਂ ਏ ਕਿਤਾਬ ਦਾ"

"ਮਾਰਸ਼ਲ ਲਾਅ ਲੱਗਾ ਏ ਨਾ ਜਦ ਤਾਂ ਅਖ਼ਬਾਰ ਓਹੀ ਛਾਪਦੇ ਜੋ ਹਾਕਮ ਚਾਹੁੰਦੇ। ਕਦੀਂ ਗ਼ਲਤੀ ਨਾਲ ਜੇ ਸੱਚ ਲਿਖਿਆ ਜਾਂਦਾ ਤਾਂ ਓਹ ਖ਼ਬਰ ਕੱਟ ਦਿੱਤੀ ਜਾਂਦੀ। ਹੁਕਮੀਂ ਬੱਝੇ ਹੱਥ ਤੇ ਸੋਚ ਦੀ ਵਿਹਰ ਨਵਾਂ ਢੰਗ ਕੱਢਿਆ ਗੱਲ ਅਪੜਾਵਣ ਦਾ। ਜਿਥੋਂ ਖ਼ਬਰ ਕਟੀਵਣੀ ਓਥੇ ਨਵੀਂ ਖ਼ਬਰ ਬਣਾ ਲਾਵਣ ਦੀ ਬਜਾਏ ਖ਼ਾਲੀ ਥਾਂ ਛੱਡ ਦੇਣੀ। ਇੰਜ ਅਖ਼ਬਾਰ ਵਿਚ ਕਾਲੇ ਅੱਖਰਾਂ ਵਿਚ ਕਿਤੇ-ਕਿਤੇ ਚਿੱਟੇ ਖੱਪੇ ਬਣ ਵੇਣੇ। ਪੜ੍ਹਨਹਾਰਾਂ ਨੂੰ ਗੱਲ ਪੁੱਜ ਜਾਵਣੀ ਜੋ ਛਾਪੇ ਨਾ ਛਪੀ। ਸੋ ਗੱਲ ਨਾ ਹੋ ਕੇ ਵੀ ਹੋਵਣ ਦਾ ਨਿਸ਼ਾਨ ਬਣਿਆ "ਖੱਪਾ" ਇਹ ਕਿਤਾਬ ਵੀ ਓਸੇ ਬਾਰੇ ਜੁੜੀ ਖ਼ਬਰ ਏ। ਤਾਹੀਓਂ ਨਾਂ ਵੀ "ਖੱਪੇ"

"ਥਿਆ"

"ਮਾਰਸ਼ਲ ਲਾਅ ਦਾ ਵੇਲਾ ਇਤਨਾ ਲੰਮਾ ਤਾਂ ਨਹੀਂ ਸੀ ਜੋ ਚਿੱਟਾ ਰੰਗ ਇਤਨੀ ਥਾਂ ਮੱਲੀ ਬੈਠਾ ਏ। ਅੰਬਰ (ਭੋਇੰ) ਧਰਤ ਦੇ ਬਨਣ ਤੋਂ ਪਹਿਲੋਂ ਦਾ ਤੇ ਨਹੀਂ ਨਾ"

"ਕਮਲੀਏ, ਕੈਦ ਪਲ ਦੀ ਵੀ ਵਰ੍ਹਾ ਜਾਪਦੀ ਏ। ਨੀਲ ਅੰਬਰ ਵੇਖ ਕਿਤੇ ਦੁਰਾਡਾ, ਪਰ ਕੇਵੇਂ ਹੇਠ ਵੱਗਦੇ ਪਾਣੀ ਵਿਚ, ਨਿਉਂ ਆਪਣਾ ਆਪ ਝਾਤਦਾ ਏ ਮਿੱਟੀ ਏਸੇ ਪਾਣੀ ਵਾਅ ਸੰਗ ਰਲ ਸਤ ਰੰਗ ਹੋ ਖਿੱਲਰਦੀ ਏ ਤੇ ਕੁੱਲ ਜੀਆ ਜੂਨ ਨੂੰ ਖਿੜਾਉਂਦੀ ਏ। ਏਸ ਚਿੱਟੇ

ਵਿਚ ਕਾਲਕ ਰਲੇ ਤਾਹੀਓਂ ਚਿੱਟਾ ਵੀ ਦਿੱਸਦਾ ਏ। ਇਹ ਅੱਖਰ ਵੇਖ ਫੁੱਲ ਨਹੀਂ ਜਾਪਦੇ ਅੱਧਖਿੜੇ। ਆਪਣੀ ਹੋਵਣ ਰੁੱਤ ਉਡੀਕਦੇ।"

"ਹਰ ਰੁੱਤ ਇਹਨਾਂ ਦੀ ਆਪਣੀ ਏ। ਸੋਚ ਸਾਂਝ ਦੀ ਖ਼ੁਸ਼ਬੋਈ ਖਲਾਰਦੇ ਹਿੱਕ ਬਟੇ ਦਾ ਹੱਥ ਫੜ ਪਾਲੋ ਪਾਲ ਜੁੜੇ ਕਿਤਾਬੀਂ ਸੱਜੇ ਆਪਣਾ ਸੁਨੇਹਾ ਪਏ ਦੇਂਦੇ ਨੇਂ।"

"ਜਿਹੜੇ ਅਸੀਂ ਬੌਂਹੜ ਨਾ ਸਕੇ
ਸਾਡੀ ਹਾਜ਼ਰੀ ਖੱਪੇ ਨੇਂ"

"ਦੇਹੁੰ ਨੂੰ ਰਾਤ ਕਰੇਂਦੇ ਏਹੀ ਅੱਖਰ ਅਸੀਂ ਹਾਂ
ਆਤਣ ਸੰਗ॥"

***

# ਝੁੱਮਰ

ਰੰਗ ਮੱਚਿਆ ਜੀ
ਰੰਗ ਮੱਚਿਆ
ਕਾਵੜ ਪੁਰਾਣੀ ਰਲ ਕੇ ਛਾਣੀ
ਜਣੀ ਖਣੀ ਘੁੱਟ ਘੁੱਟ ਰਚਿਆ
ਇਕ ਦੀ ਲੱਗੀ ਸਭ ਦੇ ਲੇਖੇ
ਸੇਕ ਸਭਸ ਦਾ ਇਕ ਇਕ ਸੇਕੇ
ਆਵੀ ਸੰਗਤ ਦੀ ਚੜ੍ਹ ਕੱਚਿਆ
ਇੱਟ ਖੜਿੱਕੇ ਨਿਬੜਨ ਝਗੜੇ
ਮਾੜੇ ਜੁੜਨ ਤਾਂ ਭੁਰਦੇ ਤਗੜੇ
ਓੜਕ ਸੱਚੀ ਕਰ ਸੱਚਿਆ
ਹੀਣੇ ਹੱਥਲ ਨਿਮਾਣੇ ਟੁਰ ਪਏ
ਪੁੱਟਣ ਪੁਰਾਣੇ ਥਾਣੇ ਟੁਰ ਪਏ
ਜਿੱਦਣ ਅਜੋਕਾ ਸੱਚ ਪਚਿਆ

*(ਖੱਪੇ-ਸਫ਼ਾ 10)*

ਝੁੱਮਰ ਗਹਿਣਾ ਹੈ, ਸਿਰ ਸਜਾਵਣ ਦਾ। ਸਿਰ ਦੇ ਵਿਚਕਾਰ ਮੱਥੇ ਤੇ ਟਿੱਕਾ ਲੱਗਦਾ ਏ ਤੇ ਖੱਬੇ ਪਾਸੇ ਜੋ ਗਹਿਣਾ ਸਜਾਇਆ ਜਾਵੇ ਉਹ ਝੁੱਮਰ ਅਖਵਾਂਦਾ ਏ। ਝੂਮਰ ਨਾਚ ਹੈ ਰਲ ਨੱਚਿਆ, ਝੁਰਮਟ ਇਕੱਠੇ ਹੋਇਆਂ ਦਾ। "ਝਮ" ਘੁੰਗਟ ਹੋਂਦਾ ਏ ਖ਼ਬਰੇ ਝੂਮਰ ਨਚੇਂਦੇ ਕੁਝ ਵਖਾਉਂਦੇ, ਕੁਝ ਲੁਕਾਉਂਦੇ ਨੇਂ ਜੇਵੇਂ ਘੁੰਗਟ ਕਰੇਂਦਾ ਏ। ਝੂਮਰ ਗਾਵਣ ਹੈ ਜੀਊਂਦਿਆਂ ਦੀਆ ਉਮੰਗਾਂ, ਆਸਾਂ ਦਾ। ਗਾਉਣ ਤੇ ਨੱਚਣ ਅੰਗ ਨੇਂ ਖੇਡ ਦੇ। ਖੇਡ ਬਣਦੀ ਏ ਰਲਣ ਨਾਲ ਮੌਜ-ਮਸਤੀ ਤੇ ਤਰੰਗ ਨਾਲ। ਸੱਜਣ-ਸੰਵਰਨ ਵੀ ਤਾਹੀਓਂ ਏ ਜੇ ਮਨ ਤੇ ਤਨ ਵਿਚ ਖ਼ੁਸ਼ੀ ਏ। ਹਸਤੀ ਨੂੰ ਆਪਣਾ ਹੋਵਣ ਸਹੀ ਹੋਂਦਾ ਏ ਤਾਂ ਵਿਹਾਰ ਬੱਝੇ ਸੰਗਲ ਤਰੁੱਟਦੇ ਨੇਂ। ਸੋਚਾਂ ਨਵੀਆਂ ਥੀਂਦੀਆਂ ਤੇ ਜਜ਼ਬੇ ਬੋਲ ਬਣ ਬੁੱਲ੍ਹਾਂ ਤੇ ਆਉਂਦੇ ਨੇਂ। ਗਾਉਣ ਤੇ ਨੱਚਣ ਵੀ ਵੇਲੇ ਦੇ ਨਾਲ ਬੱਝਾ ਤੇ ਵਸਤ ਹੋ ਵਿਕਿਆ। ਮੰਡੀ ਚੜ੍ਹਿਆ, ਮਸ਼ਹੂਰ ਹੋਇਆ ਤੇ ਏਸ ਦਾ

ਸਤ, ਬੇਸਤ ਥਿਆ। ਜਿਸ ਬੱਝੇ ਵੇਲੇ ਦਾ ਇਹ ਗਾਉਣ ਏ ਓਸ ਵਾਰੇ ਤਾਂ ਬੋਲਣ ਤੇ ਪਹਿਰੇ ਆਹੇ, ਗਾਉਣ ਤਾਂ ਦੂਰ ਦੀ ਗੱਲ ਸੀ। ਆਪਣੀ ਚਾਹ ਨਾਲ ਪੈਰ ਨਾ ਪੁੱਟ ਸਕਦਾ ਹਾ ਕੋਈ। ਨਾਚ ਤਾਂ ਸੁਫ਼ਨਾ ਸੀ। ਹਰ ਸ਼ੈਅ ਗ਼ਲਾਫ਼, ਉਛਾੜ ਚੜ੍ਹੀ, ਸਾਂਭ-ਸੰਭਾਲ ਕੀਤੀ, ਸੱਜਣ-ਸੰਵਰਨ ਕਾਹਦਾ। ਪਰ ਅਚਰਜ ਹੈ ਏਸ ਗਾਉਣ ਵਿਚ, ਨੱਚਦੇ, ਕੇਵੇਂ ਬਾਂਧਾਂ ਤਰੋੜ ਰਲ ਜੁੜੇ ਨੇਂ ਯਾਂ ਖ਼ਬਰੇ ਇਹਨਾਂ ਦੇ ਜੁੜਨ ਪਾਰੋਂ ਬਾਧਾਂ ਤਰੁੱਟੀਆਂ ਨੇਂ। ਕੋਈ ਐਲਾਨ ਜਾਪਦਾ ਏਃ

ਰੰਗ ਮੱਚਿਆ ਜੀ
ਰੰਗ ਮੱਚਿਆ

ਜਿਉਂ ਹੋਕਾ ਫੇਰਦੇ ਹੋਵਣ ਗਲੀਓ-ਗਲੀ, ਜੋ ਆ ਜਾਓ ਬਾਹਰ ਡਰ ਲਾਹੋ ਆਪਣਾ। ਰੰਗ ਮੱਚਿਆ ਜੇ ਜੋ ਉਡੀਕਦੇ ਸਾਓ। "ਰੰਗ" ਰੱਤ ਵੀ ਏ ਤੇ ਰੁੱਤ ਵੀ। ਨਾੜਾਂ ਵਿਚ ਜੰਮੀ ਰੱਤ ਜਗੀ ਏ ਤੇ ਮੱਚ ਪਈ ਏ। ਰੱਤ ਦੇ ਈ ਰੰਗ ਨਹੀਂ ਸਾਰੇ। ਰੱਤ ਨੇ ਈ ਰੁੱਤ ਬਦਲੀ ਏ। "ਮੱਚਣ" ਸਿਖਰ ਤੇ ਪੁੱਜਣ ਵੀ ਏ। ਏਸ ਰੰਗ ਮੱਚਣ ਵਿਚ ਈ "ਮੱਚ" ਵੀ ਲੁੱਕਿਆ ਬੋਲਦਾ ਏ। ਮੱਚ ਅੱਗ ਏ। ਰੱਤ ਵਾਂਗ ਲਾਲ-ਮੱਚ ਮੱਚਦਾ ਏ ਤੇ ਦਵਾਲੇ ਜੋੜ ਬਹਾਉਂਦਾ ਏ ਆਪਣੇ, ਸਭਨਾਂ ਨੂੰ। "ਰੰਗ" ਟੋਰਾ, ਢੰਗ, ਕਰਨੀ, ਤਾਂਘ, ਸਿਕ, ਪ੍ਰੀਤ, ਲਗਨ, ਕਿਸਮ, ਹਾਲਤ, ਵਨਗੀ ਤੇ ਗੀਤ ਵੀ ਹੈ। ਅੰਦਰ ਡੱਕੇ ਜਜ਼ਬੇ, ਅਹਿਸਾਸ ਮੱਚੇ ਨੇਂ ਤੇ ਰੌਲਾ ਹੋਰ ਦਾ ਹੋਰ ਹੋਇਆ ਏ। ਕਾਵਣ (ਕੌੜ) ਤਾਂ ਪੁਰਾਣੀ ਏ ਜੋ ਅਸਾਡੇ ਭਾਗੀਂ ਲਿਖੀ ਵੇਲੇ ਦਿਆਂ ਹਾਕਮਾਂ, ਸਰਦਾਰਾ ਨੇਂ। ਕਾਵੜ, ਗੁੱਸਾ ਏ, ਨਫ਼ਰਤ ਏ, ਵਿਹਰ ਏ, ਮੇਲਬੰਦ ਜੀਵਨ ਦੇ ਖ਼ਿਲਾਫ਼। ਸਾਂਭਣਹਾਰਾਂ ਦੇ ਧ੍ਰੋਹ ਤੇ ਮੱਲਮਾਰਾਂ ਦੀ ਧੌਂਸ ਤੋਂ ਨਾਬਰੀ। ਇਹ ਕਾਵੜ ਜੁੱਗਾਂ ਪੁਰਾਣੀ ਹਰ ਜੀਅ ਦੇ ਅੰਦਰ, ਪੱਕਦੀ, ਰਚਦੀ ਆਹੀ। ਚੁੱਪ-ਚਾਪ ਸਿਰ-ਸੁੱਟ ਕਮੀਂ ਲੱਗਿਆਂ ਤੋਂ ਤਾਹੀਓਂ ਡਰਦਾ ਏ, ਹਾਕਮ। ਉਹਨਾਂ ਦੀਆਂ ਅੱਖੀਆਂ ਵਿਚ ਉਬਲਦੀ ਰੱਤ ਵੇਖ, ਹੋਰ ਦਬੱਲਦਾ ਏ, ਉਹਨਾਂ ਨੂੰ। ਕਿਸੇ ਨੂੰ ਮਾੜਾ-ਮੋਟਾ ਦੇ ਕੇ ਕਾਣਾ ਕਰ ਆਪਣੇ ਨਾਲ ਰਲਾਵਣ ਦਾ ਤਰਲਾ ਮਰੇਂਦਾ ਏ। ਸੰਗ ਰਲਿਆ ਗਾਉਂਦਿਆਂ, ਨੱਚਦਿਆਂ ਪਹਿਲੋਂ ਤਾਂ ਕਾਵੜ ਪੁਣੀ ਏ। ਜੋ ਰਲਾ ਸੀ, ਉਹ ਕੱਢ ਸਾਫ਼ ਕਰ ਛਾਣ ਲਈ ਏ। ਜਿਓ ਆਂਹਦੇ ਨੇਂ, ਨਸ਼ਾ ਉਤਨਾ ਵੱਧ ਚੜ੍ਹਦਾ ਏ, ਜਿਤਨੀ ਬਹੁਤੀ ਪੁਰਾਣੀ ਸ਼ਰਾਬ ਹੋਵੇ। ਇਹ ਕਾਵੜ ਤਾਂ ਜੁੱਗਾਂ ਪੁਰਾਣੀ ਏ, ਹੁਣ ਛਾਣ ਕੇ ਰਲ-ਮਿਲ ਸਭ ਨੇ ਘੁੱਟ-ਘੱਟ ਰਚੀ ਏ। "ਜਣੀ ਖਣੀ" ਤੋਂ ਜਾਪਦਾ ਏ ਵੰਡ ਨਹੀਂ ਏ, ਨਿੱਕੇ-ਵੱਡੇ, ਮਾੜੇ-ਤਗੜੇ, ਨਰ-ਨਾਰ ਦੀ। ਸਭ ਨੇ ਰਲ ਸਾਂਝੀ ਕੀਤੀ ਏ, ਨਿਤਾਰੀ ਕਾਵੜ। "ਰਚਣ" ਖ਼ਵਾਹਿਸ਼, ਚਾਹਤ ਬਨਣ, ਜਜ਼ਬ ਹੋਵਣ ਹੈ। ਤਖ਼ਲੀਕ, ਸ਼ਕਲ-ਸੂਰਤ, ਸਾਖ਼ਤ, ਬਨਾਵਟ ਵੀ ਅਰਥ ਨੇਂ "ਰਚ" ਦੇ। ਏਸ ਕਾਵੜ ਨੇਂ ਨਵੀਂ ਹਸਤੀ ਉਸਾਰੀ ਏ, ਨਵੇਂ ਸੰਬੰਧ ਬਣਾਏ ਨੇਂ। ਆਪਣੀ ਸਮਝ-

ਸਾਰ ਹੋਈ ਤੇ ਸਭ ਵਿਚ ਆਪਣਾ-ਆਪ ਦਿੱਸਿਆ। ਮੱਲ ਵਿਹਾਰ ਦੇ ਖੋਲ੍ਹੇ ਵੱਖੋ-ਵੱਖ ਲੇਖੇ ਠੱਪੇ ਗਏ ਤੇ ਕੁੱਲ ਖ਼ਲਕਤ ਆਪਣਾ ਲੇਖ ਲਿਖਣ ਟੁਰੀ। ਇਕ ਦਾ ਦੁੱਖ ਸਭ ਦਾ ਦੁੱਖ ਬਣਿਆ। ਇਕ ਦੇ ਅੰਦਰ ਧੁਖਦੀ ਪੀੜ ਆਪਣੀ ਕੀਤੀ ਸਭਨਾਂ। ਕੱਚ ਪਾਰੋਂ ਵਖਰੇਵਾਂ ਸੀ। ਸੰਗਤ ਦੀ ਆਵੀ ਚੜ੍ਹ ਪੱਕ ਥੀਆ ਆਪਣੇ ਹੋਵਣ ਦਾ ਸੰਗਤ ਦਾ ਸੰਗ ਈ ਰੰਗ ਵਿਚ ਮੱਚਿਆ ਏ ਪੱਕ ਕੇ। "ਇੱਟ-ਖੜਿੱਕਾ" ਲੜਾਈ, ਰੌਲਾ, ਭੇੜ ਹੈ ਪਰ ਇਹ ਬੁੱਲ੍ਹੇ ਸ਼ਾਹੀ ਇੱਟ-ਖੜਿੱਕਾ ਹੈ। ਐਲਾਨਿਆ ਸਭ ਦੇ ਮੋਹਰੇ ਕੋਈ ਲੁਕ-ਲੁਕਾ ਨਹੀਂ, ਜੋ ਹੱਥ ਤੇ ਰੁਮਾਲ ਸੁੱਟ ਹੇਠੋ-ਹੇਠ ਮੁਆਮਲਾ ਨਬੇੜ ਆਪਣੇ ਲਾਹੇ ਖਰੇ ਕਰ ਲਏ। ਇਹ ਝਗੜੇ ਨਿਬੜਨੇ ਨੇਂ ਹੁਣ ਡੱਗੇ ਵਜਾ ਕੇ। ਤਗੜੇ ਜੁੜੇ ਈ ਮਾੜਿਆਂ ਵਿਚ ਪਾੜ ਕੇ ਨੇਂ। ਮਾੜੇ ਜੁੜੇ ਤਾਂ ਇਹ ਭੁਰ ਸਨ, ਰੇਤ ਵਾਂਗ। ਮਾੜੇ ਤਾਂ ਮਿੱਟੀ ਹੋਏ। ਮਿੱਟੀ ਜੋ ਸੱਚ ਹੈ ਤੇ ਇਹ ਮਿੱਟੀ ਜੂਨ ਸੱਚੇ। ਮਿੱਟੀ ਦਾ ਸੱਚ ਖੁੱਲ੍ਹਾ ਪਿਆ ਹੈ ਕੋਈ ਓਹਲਾ ਨਹੀਂ, ਕੋਈ ਲੁਕਾ ਨਹੀਂ। ਜਿਸ ਰੰਗ ਚਾਹੋ ਵਰਤੋ, ਮਿੱਟੀ ਇਨਕਾਰੀ ਨਹੀਂ। ਕੁੱਲ ਮਖ਼ਲੂਕ ਦਾ ਢਿੱਡ ਭਰਦੀ, ਨੰਗ ਕੱਜਦੀ, ਜੀਉਂਦਿਆਂ-ਮੋਇਆਂ ਸਾਂਭਦੀ ਏ। ਮਿੱਟੀ ਦਾਨ ਹੈ ਆਪਣੀ ਪੂਰੀ ਹੋਂਦ ਦਾ, ਤਾਹੀਓਂ ਸੱਚ ਏ। ਮਿੱਟੀ ਜਾਏ ਸੱਖਣੇ ਹੱਥੀਂ ਟੁਰ ਪਏ ਨੇਂ। ਆਪਣੀ ਸੱਤਿਆ ਤੇ ਵਸਾਹ ਹੈ ਜੋ ਉਹਨਾਂ ਦਾ ਰਲ ਟੁਰਨ ਆਪਣੀ ਸੁੰਜਾਣ ਕਰਨ ਈ ਏਸ ਮੱਲ ਵਿਹਾਰ ਨੂੰ ਜੜ੍ਹੋਂ ਪੁਟੇਸੀ। "ਠਾਣਾ" ਸਰਕਾਰੀ ਮੁਹੱਲਾ ਹੈ ਰਿਪੋਰਟ ਦਰਜ ਕਰਵਾਣ ਤੇ ਨਾਬਰਾਂ ਨੂੰ ਬੰਦੀਖਾਨੇ ਘੱਤਣ ਕਾਨ। ਇਹ ਰਲ ਉਹ ਠਾਣੇ ਈ ਪੁੱਟਣ ਟੁਰੇ ਨੇਂ ਜੋ ਕੈਦ ਪਾਵਣ ਦੁੱਲੇ ਨੂੰ।

ਜਦ ਸੱਚ, ਸਮਝ ਪਚਾ ਲਿਆ ਤਾਂ ਔਖਾ ਕੁਝ ਵੀ ਨਹੀਂ ਜੁੜਨ ਈ ਸੱਚੇ ਹੋਵਣ ਏ। ਪਚਾਵਣ, ਜਜ਼ਬ ਕਰਨ ਏ। ਅੱਜ ਦਾ ਸੱਚ ਅੰਦਰਾਂ ਵਿਚ ਪਚ ਗਿਆ ਤਾਂ ਲੇਖਾ ਵੱਖਰਾ ਰਹਿਸੀ ਨਾ ਪੀੜ। ਰਲ ਕੇ ਨੱਚਣ ਗਾਉਣ, ਅੰਦਰ ਦੇ ਸੁੱਖ, ਆਜ਼ਾਦੀ, ਖੁਸ਼ੀ ਪਾਰੋਂ ਹੈ ਜੋ ਹਾੜ ਦਾ ਹੁੱਸੜ ਮੁੱਕਣ ਤੇ ਚੇਤਰ ਚੜ੍ਹਨ ਤੇ ਹੈ। ਸੱਚ ਪਚਾ ਲਿਆ ਮਾਂੜਿਆਂ ਨੇ ਆਪਣੇ ਨਿਤ ਸਤ ਵਿਚ ਰਚਾ ਲਿਆ ਤਾਂ ਆਪ ਰੁੱਤ ਬਣ ਟੁਰੇ ਨੇਂ।

***

# ਗਾਉਣ

ਚਲੋ ਸੜਕਾਂ ਤੇ ਰੁੱਖ ਬਣ ਜਾਈਏ
ਪਾਲੋ ਪਾਲ ਖਲੋਤੇ ਰਹੀਏ
ਨਜ਼ਰ ਕਿਸੇ ਨਾ ਆਈਏ
ਚੜ੍ਹਦੀ ਚੜ੍ਹੇ ਤੇ ਲਹਿੰਦੀ ਲੱਥੇ
ਕੀੜੀ ਚਿੜੀ ਦਾ ਭੇਤ ਲੁਕਾਈਏ
ਜਰੀਏ ਟਹਿਣੀਆਂ ਪੱਤਰਾਂ ਉੱਪਰ ਧੂੰ ਧੂੜ ਦੀ ਵਰਖਾ
ਅੰਗ ਬੁੱਕਲਾਂ ਵਿਚ
ਕੋਈ ਭਲਕ ਦੀ ਚਿਣਕ ਜਗਾਈਏ

*(ਖਪੇ-ਸਫ਼ਾ 17)*

ਲੱਗਦਾ ਏ ਜੋ ਕਰਨਾ ਸੀ, ਉਹ ਨਹੀਂ ਹੋਇਆ ਤੇ ਹੁਣ ਨਵਾਂ ਕੰਮ ਲੱਭਾ ਏ। ਜਿਵੇਂ ਰਲ ਬੈਠੇ ਸਲਾਹ ਕਰੇਂਦੇ ਹੋਵਣ ਤੇ ਹਰ ਕੋਈ ਆਪਣੀ ਸਮਝ ਸੁਰਤ ਮੂਜਬ ਹਿੱਸਾ ਪਾਉਂਦਾ ਏ, ਚਲੋ ਇੰਜ ਕਰ ਲਵੋ। ਇਹ ਨਹੀਂ ਤਾਂ ਇਹ ਹੋ ਸਕਦਾ ਏ। "ਚਲੋ" ਸੈਂਨਤਰ ਹੈ, ਥੱਕ-ਹਾਰ ਕੇ ਅਖ਼ੀਰੀ ਰਾਹ ਟੁਰਨ ਦੀ। ਚਲੋ ਸੜਕਾਂ ਤੇ ਰੁੱਖ ਬਣ ਜਾਵਨੇ ਹਾਂ। ਸੜਕ, ਸ਼ਹਿਰੀ ਵੱਸੋਂ ਦਾ ਨਿਸ਼ਾਨ ਹੈ। ਸੜਕਾਂ ਦੇ ਕੰਢਿਆਂ ਤੇ ਉਚੇਚੇ ਰੁੱਖ ਲਾਏ ਜਾਂਦੇ ਨੇਂ ਮਿੱਟੀ, ਘੱਟਾ, ਧੂੰ ਘਟਾਵਣ ਕੀਤੇ। ਇਹ ਨਿਮਾਣੇ ਚੁੱਪ ਖਲੋਤੇ ਸਾਰਾ ਜ਼ਹਿਰ ਪੀਤੀ ਆਉਂਦੇ ਤੇ ਜੀਵਨਦਾਨ ਕੀਤੀ ਜਾਂਦੇ ਨੇਂ। ਇਹਨਾਂ ਰੁੱਖਾਂ ਦਾ ਸੁਹੱਪਣ ਕੀ ਦਿਸਣਾ ਏ ਧੂੜ ਅੱਟਿਆਂ, ਧੂੰ-ਧੁਆਂਖਿਆ ਦਾ। ਸੜਕ ਤਾਂ ਵੱਗਦਾ ਰਾਹ ਹੋਇਆ। ਪਾਂਧੀ ਪੰਧ ਕਰੇਂਦੇ ਮੰਜ਼ਿਲ ਚਤਾਰਦੇ ਲੰਘੀ ਜਾਂਵਦੇ ਨੇਂ। ਇਹ ਕੋਈ ਸ਼ਾਹੀ ਬਾਗਾਂ ਵਿਚ ਲੱਗੇ ਰੁੱਖ ਤਾਂ ਨਹੀਂ ਜਿਨ੍ਹਾਂ ਨੂੰ ਵੇਖਣ ਵਾਲੀਆਂ ਅੱਖੀਆਂ ਸ਼ਾਹਵਾਂ ਦੀਆਂ ਹੋਣ। ਪਾਲੋ-ਪਾਲ ਖਲੋਵਣ, ਹਾਜ਼ਰੀ ਲਈ ਹੋਂਦਾ ਏ। ਜਿਵੇਂ ਫ਼ੌਜਾਂ ਤੇ ਪੁਲਸਾਂ ਨਹੀਂ ਖਲੋਂਦੀਆਂ। ਪਰ ਇਕ ਵਿੱਥ ਜਈ ਹੈ ਇਹਨਾਂ ਰੁੱਖਾਂ ਦੇ ਖਲੋਵਣ ਵਿਚ ਜੋ ਫੌਜਾਂ ਪੁਲਸਾਂ ਹਥਿਆਰਬੰਦ ਹੋ ਕੇ ਆਪਣਾ-ਆਪ ਵਖਾਵਣ ਤੇ ਰੁਅਬ ਪਾਵਣ, ਧਰੋ ਕਮਾਵਣ ਤੇ ਹੁਕਮ ਚਲਾਵਣ ਕੀਤੇ ਜੁੜਦੀਆ ਨੇਂ। ਇਹ ਸੰਗ ਪਏ ਬਣਦੇ ਨੇਂ ਅਜਿਹਾ ਜੋ ਅੱਖੋਂ ਪਰੋਖੇ ਹੋਵੇ। ਕੀੜੀ, ਚਿੜੀ ਮਾੜੀ-ਨਿਮਾਣੀ

ਖ਼ਲਕਤ ਏ, ਉਹਨਾਂ ਨੂੰ ਓਹਲਾ ਦੇਵਣ ਕੀਤੇ ਪਾਲਾਂ ਬੰਨ੍ਹ ਖਲੋਈਏ। ਜੋ ਵੀ ਸਖ਼ਤੀ ਹੈ ਆਪਣੇ-ਆਪ ਤੇ ਜਰੀਏ ਤੇ ਆਵਣੀ ਭਲਕ ਦੀ ਸਾਂਭ ਕਰੀਏ।

ਰੁੱਖ, ਮੇਲ ਹੈ ਅੱਗ, ਪਾਣੀ ਦਾ, ਹਰਿਆਵਲ ਵਿਚ ਈ ਬੇਸੰਤਰ ਲੁਕਾਈ ਰੱਖਦਾ ਏ। ਉਂਜ ਕੀੜੀਆਂ, ਚਿੜੀਆਂ, ਧੂੰ ਤੇ ਧੂੜ ਇਕੋ ਰੰਗੇ ਈ ਨੇਂ। ਇਕੋ ਜਏ ਈ ਭੇਤ ਲੁਕਾ ਸਕਦੇ ਨੇਂ ਹਿੱਕ ਬਏ ਦਾ। ਕਿਤਨਾ ਔਖਾ ਵੇਲਾ ਏ ਜਿਸ ਵਿਚ ਜੀਵਨ ਇਤਨਾ ਬੱਝ ਗਿਆ ਏ ਜੋ ਸਾਹ ਦੀ ਆਵਣਜ ਵੀ ਹੁਕਮ ਬਾਝ ਨਹੀਂ ਏ। ਇਹ ਮਿੱਟੀ ਰੰਗੇ ਨਿਮਾਣੇ ਮਾੜੇ ਜੀ ਕਿੱਥੇ ਜਾਵਣ। ਕੁਦਰਤ ਤੋਂ ਵੱਖ ਹੋਰ ਕੋਈ ਓਟ ਹੈ ਨਹੀਂ ਇਹਨਾਂ ਲਈ। ਸੋ ਹੁਣ ਰਲ ਮਤਾ ਪਕਾਇਆ ਨੇ ਜੋ ਇਹ ਰੁੱਤ ਨਹੀਂ ਅਸਾਡੀ, ਅਸੀਂ ਚੁੱਪ ਕਰ ਆਪਣੇ-ਆਪਣੇ ਆਹਰੇ ਲੱਗੀਏ। ਵੇਲਾ ਆਵਣ ਤੇ ਖਿੜਸਾਂ ਜਦ ਰੁੱਤ ਪਰਤੀ। ਕੀੜੀ, ਚਿੜੀ ਕੋਲ ਜਾਗ ਹੈ ਨਵੀਂ ਓਸ ਦੀ ਸਾਂਭ ਕਰਨੀ ਏ ਏਸ ਵੇਲੇ। ਮੱਲ ਵਿਹਾਰ ਦੀ ਜਕੜ-ਪਕੜ ਵਿਚ ਇਹ ਜਾਗ ਵਰਾਨ ਨਾ ਜਾਵੇ।

"ਖੱਪੇ" ਕਿਤਾਬ ਮਈ 1986 ਵਿਚ ਛਪੀ। ਏਸ ਕਿਤਾਬ ਦੇ ਪਹਿਲੇ ਵਰਕ ਦੀ ਲਿਖਤ ਦੱਸਦੀ ਏ ਜੋ 1976 ਤੋਂ 1985 ਤੱਕ ਦੀਆ ਨਜ਼ਮਾਂ ਦੀ ਚੋਣ ਹੈ। ਇਹ ਕਿਤਾਬ ਜ਼ਿਆਉਲ ਹੱਕ (ਜ਼ੀਆ-ਉਲ-ਹੱਕ) ਦਾ ਵੇਲਾ ਸੀ। ਹਕੂਮਤ 1978-1988 ਮਾਰਸ਼ਲ ਲਾਅ ਫ਼ੌਜ ਦੀ ਹਕੂਮਤ ਦਾ ਵਾਰਾ ਸੀ। ਸੜਕਾਂ ਦੇ ਰੁੱਖ ਤੋਪਾਂ, ਟੈਂਕਾਂ ਤੇ ਫ਼ੌਜੀ ਬੂਟਾਂ ਦੀਆਂ ਪੱਟੀਆਂ ਧੂੜਾਂ ਨਾਲ ਅੱਟੇ ਉਡੀਕਦੇ ਨੇਂ ਪਏ ਮੀਂਹ-ਕਣੀ ਨੂੰ। ਸੋਕਾ ਇਹਨਾਂ ਦੀ ਅੰਦਰ ਲੁਕੀ ਅੱਗ ਨੂੰ ਹੋਰ ਪਿਆ ਵਧਾਉਂਦਾ ਏ। ਇਹ ਗਾਉਣ "ਸ਼ੀਸ਼ ਮਹੱਲ ਦੀ ਵਾਰ" ਕਿਤਾਬ ਦੇ ਸਫ਼ਾ ਨੰਬਰ 59 ਤੇ ਮੁੜ ਛਪਿਆ ਏ। ਨਜ਼ਮ ਦੀ ਦੂਜੀ ਛਾਪ ਭੁੱਲ-ਚੁੱਕ ਵੀ ਹੋ ਸਕਦੀ ਏ। ਗਹੁ ਕੀਤਿਆਂ ਸਹੀ ਹੋਂਦਾ ਏ ਤ੍ਰੀਜੇ ਤੇ ਛੇਵੇਂ ਮਿਸਰੇ ਵਿਚ ਥੋੜ੍ਹਾ ਜਿੰਨਾ ਬਦਲਾਅ ਹੈ। ਤ੍ਰੀਜਾ ਮਿਸਰਾ ਹੈ "ਕਿਸੇ ਨੂੰ ਨਜ਼ਰ ਨਾ ਆਈਏ" ਤੇ ਛੇਵਾਂ ਮਿਸਰਾ ਹੈ "ਟਹਿਣੀਆਂ, ਪੱਤਰਾਂ ਉੱਪਰ ਜਰੀਏ ਧੂੰ ਧੂੜ ਦੀ ਬਰਖਾ" ਪਹਿਲੀ ਛਾਪ ਵਿਚ ਆਇਆ ਹੈ "ਨਜ਼ਰ ਕਿਸੇ ਨਾ ਆਈਏ" ਮੁਹਾਵਰੇ ਤੇ ਰਿਧਮ ਵਿਚ ਹੈ "ਵਰਖਾ" ਦਾ ਸੋਹਣ "ਬਰਖਾ" ਵਿਚ ਨਹੀਂ ਆ ਸਕਿਆ। ਵਰਖਾ ਦੇ ਵਿਚ ਵਰੁਨ ਲੁੱਕਿਆ ਹੈ। ਵਰਖਾ ਉਂਜ ਵੀ ਲੋਕ ਬੋਲੀ ਦਾ ਅੰਗ ਏ ਤੇ ਬਰਖਾ, ਹਾਕਮ ਬੋਲੀ ਦਾ।

"ਜਰੀਏ" ਦਾ ਪਹਿਲੋਂ ਆਵਣ ਜ਼ੋਰ ਦੇਂਦਾ ਹੈ ਜਰਨ ਤੇ ਓਸ ਵੇਲੇ ਦੀ ਹੋਂਦੀ, ਵਾਪਰਦੀ, ਜਰਨ ਦੀ ਕੱਥ ਈ ਕਰੇਂਦਾ ਏ ਪਿਆ ਗਾਉਣ। ਸੋ "ਜਰੀਏ" ਦਾ ਪਹਿਲੋਂ ਆਵਣ ਈ ਸਹੀ ਲੱਗਦਾ ਏ। "ਸ਼ੀਸ਼ ਮਹਲ ਦੀ ਵਾਰ" ਵਿਚ ਦੂਜੀ ਵਾਰ ਛਪਿਆ ਇਹ ਪੂਰਾ ਗਾਉਣ ਵੀ ਲਿਖ ਦਈਏ ਹਾਂ ਤਾਂ ਜੋ ਪੜ੍ਹਨਹਾਰਾਂ ਲਈ ਨਖੇੜ ਕਰਨ ਸੌਖਾ ਹੋਵੇ :

ਚਲੋ ਸੜਕਾਂ ਤੇ ਰੁੱਖ ਬਣ ਜਾਈਏ

ਪਾਲੋ ਪਾਲ ਖਲੋਤੇ ਰਹੀਏ
ਕਿਸੇ ਨੂੰ ਨਜ਼ਰ ਨਾ ਆਈਏ
ਚੜ੍ਹਦੀ ਚੜ੍ਹੇ ਤੇ ਲਹਿੰਦੀ ਲੱਥੇ
ਕੀੜੀ ਚਿੜੀ ਦਾ ਭੇਤ ਲੁਕਾਈਏ
ਟਹਿਣੀਆਂ ਪੱਤਰਾਂ ਉਪਰ ਜਰੀਏ ਧੂੰ ਧੂੜ ਦੀ ਬਰਖਾ
ਅੰਗ ਬੁੱਕਲਾਂ ਵਿਚ
ਕੋਈ ਭਲਕ ਦੀ ਚਿਣਕ ਜਮਾਈਏ

"ਚੜ੍ਹਦੀ ਚੜ੍ਹੇ ਤੇ ਲਹਿੰਦੀ ਲੱਥੇ" ਨਸ਼ਾ ਈ ਹੈ ਜੋ ਚੜ੍ਹਦਾ ਤੇ ਲਹਿੰਦਾ ਏ। ਹਾਕਮੀ ਦਾ ਨਸ਼ਾ, ਮੱਲ ਮਾਰਨ ਦਾ ਨਸ਼ਾ, ਤਾਕਤ ਦਾ ਨਸ਼ਾ, ਆਪਣੀ ਵਡਿਆਈ ਤੇ ਕੁੱਲ ਮਖ਼ਲੂਕ ਨੂੰ ਆਪਣੇ ਕਾਦਮੀਂ ਨਿਵਾਣ ਦਾ ਨਸ਼ਾ। ਵੇਲੇ-ਵੇਲੇ ਦੀ ਕੱਥ ਏ, ਨਾਂ ਤੇ ਸ਼ਕਲਾਂ ਵਟਾਅ ਕੇ ਹਾਕਮੀ ਤੇ ਮੱਲ ਮਾਰਾਂ ਦੀ ਹੀ ਟੁਰਦੀ ਏ ਪਈ ਅੱਜ ਤਾਈਂ। ਮੱਲ ਦਾ ਪਸਾਰ ਜਿਤਨਾ ਵੱਧਦਾ ਏ ਮੁਲਵਾਣੀ ਦਾ ਨਸ਼ਾ ਉਤਨਾ ਚੜ੍ਹਦਾ ਏ। ਮੁੜ ਇਕ ਨੂੰ ਉਲਟਾਵਣ, ਥੱਲੇ ਲਾਵਣ ਲਈ ਓਸ ਤੋਂ ਵੱਧ ਤਾਕਤ ਵਾਲਾ ਪਿੜੀਂ ਲੱਥਦਾ ਏ। ਏਹੀ ਖੇਡ ਮੁੜ-ਮੁੜ ਖਡੀਜਦੀ ਏ ਤੇ ਮਾੜੇ, ਨਿਮਾਣੇ, ਨਿਤਾਣੇ ਕੀੜੀਆਂ ਵਾਂਗ ਮਰਦੇ-ਮੁੱਕਦੇ ਨੇਂ, ਜਿਨ੍ਹਾਂ ਦੇ ਜੀਵਨ ਦਾ ਪਤਾ ਏ ਨਾ ਮਰਨ ਦਾ।

***

# ਰੰਗ

ਨਵਿਆਂ ਪੱਤਰਾਂ ਦੇ
ਆਓ ਰੰਗ ਮਨਾਈਏ
ਨਵਿਆਂ ਪੱਤਰਾਂ ਦੇ
ਵਾਰੇ ਵਾਰੇ ਜਾਈਏ
ਨਵਿਆਂ ਪੱਤਰਾਂ ਦੀ ਲਿਸ਼ਕ ਸੁਨੇਹਾ
ਲਿਸ਼ਕ ਚੋਂ ਸਿੰਮਦਾ ਸੇਕ ਸੁਨੇਹਾ
ਸੇਕ ਦਿਲੇ ਦੇ ਅੰਦਰ ਧਰੀਏ
ਲਿਸ਼ਕ ਅੱਖੀਂ ਨਾਲ ਲਾਈਏ, ਰੰਗ ਮਨਾਈਏ
ਨਵਿਆਂ ਪੱਤਰਾਂ ਦੇ ਵਾਰੇ ਵਾਰੇ ਜਾਈਏ
ਚੜ੍ਹਿਆ ਮਾਂਘ ਵਸਾਖ ਵੀ ਆਵਸੀ
ਧੁਖਦੀ ਰਹੀ ਤਾਂ ਮੱਚ ਵੀ ਪੋਸੀ
ਪੋਲੇ ਪੈਰੀਂ ਆਂਵਦਿਆਂ ਅੱਗੇ
ਦਮ ਦਮ ਤੇਲ ਚਵਾਈਏ, ਰੰਗ ਮਨਾਈਏ
ਨਵਿਆਂ ਪੱਤਰਾਂ ਦੇ ਵਾਰੇ ਵਾਰੇ ਜਾਈਏ
ਮਰ ਮਰ ਨਿਤ ਜਿਹੜੇ ਨਵੇਂ ਨਾ ਹੋਏ
ਉਹ ਤਾਂ ਰਹਿਸਨ ਜੀਊਂਦੇ ਮੋਏ
ਸੂਹੇ ਸਾਵੇ ਨਿਕਲਣ ਤਾਹੀਓਂ
ਹੰਢ ਗਏ ਜਦ ਲਾਹੀਏ, ਰੰਗ ਮਨਾਈਏ
ਨਵਿਆਂ ਪੱਤਰਾਂ ਦੇ ਵਾਰੇ ਵਾਰੇ ਜਾਈਏ

*(ਖੱਪੇ-ਸਫ਼ਾ 23)*

ਰੰਗ, ਖੇਡ ਹੈ, ਰਲ ਖੇਡੀ। ਉਂਜ ਕੁਝ ਕੱਲੇ ਵੀ ਖੇਡ ਲੈਂਦੇ ਨੇਂ ਪਰ ਉਹ ਖੇਡ ਨਹੀਂ ਹੋਂਦੀ। ਖੇਡ ਤਾਂ ਰਲ ਖੇਡਣ ਨਾਲ ਈ ਬਣਦੀ ਏ। ਖੇਡ ਦਾ ਅੰਗ ਹੈ ਗਾਉਣ ਤੇ ਨੱਚਣ। ਏਥੇ ਚੇਤਰ ਚੜ੍ਹਨ ਤੇ ਨਵੇਂ ਡੁਸ ਨਿਕਲੇ ਨੇਂ। ਨਿੱਕੇ-ਨਿੱਕੇ ਲਾਲ ਕੋਮਲ ਪੱਤਰ ਲਿਸ਼ਕਦੇ ਲਗਰਾਂ ਤੇ ਰੁੱਖਾਂ ਦਾ ਸ਼ਿੰਗਾਰ ਬਣੇ ਨੇਂ। ਸੈਂਤਰਦੇ ਨੇਂ ਵੇਖਣਹਾਰਾਂ ਨੂੰ

ਜੋ ਨਵੀਂ ਜੂਨੇ ਜੰਮੇ (ਜਨਮੇ) ਤੇ ਨਵੀਂ ਰੁੱਤ ਹੰਡਾਓ ਅਸਾਡੇ ਵਾਂਗ। ਵੇਖਣਹਾਰ ਅੱਖੀਆਂ ਨੂੰ ਸੁਨੇਹਾ ਅੱਪੜਿਆ ਤਾਂ ਆਪ ਮੁਹਾਰੇ ਰਲ ਜੁੜੇ ਗੰਵਣ ਲੱਗੇ "ਨਵਿਆਂ ਪੱਤਰਾਂ ਦੇ ਆਓ ਰੰਗ ਮਨਾਈਏ" ਆਓ ਜੀਵਨ ਦੀ ਖੇਡ ਇਹਨਾਂ ਪੱਤਰਾਂ ਤੋਂ ਸਿਖੀਏ ਤੇ ਵਾਰੇ ਕੁਰਬਾਨ ਜਾਈਏ ਇਹਨਾਂ ਦੇ ਜਿਨ੍ਹਾਂ ਰਾਹ ਵਖਾਇਆ ਏ। ਨਵੀਆਂ ਸੋਚਾਂ, ਉਧਮ, ਲਗਨ, ਸਧਰਾਂ, ਨਵੇਂ ਪੱਤਰ ਈ ਤਾਂ ਹਨ। ਹਰ ਜੀਅ ਦੇ ਅੰਦਰ ਪਲੋ-ਪਲ ਜੰਮਦੇ। ਇਹੀ ਜੀਵਨ ਟੋਰਾ ਏ। ਇਹਨਾਂ ਦੀ ਲਿਸ਼ਕ ਸਨੇਹਾ ਦੇਂਦੀ ਏ ਪਈ। ਵੇਲੇ ਦੀ ਘਾਲ ਜਰ ਕੇ ਮਿੱਟੀ-ਘੱਟਾ ਲਿਬੜੇ ਨਿਮਾਣੇ ਘਾਲਕ ਅੱਖੀਆਂ ਵਿਚ ਨਵੇਂ ਸੁਫ਼ਨੇ ਸਜਾ ਨਰੋਏ ਥੀਂਦੇ ਨੇਂ। ਪੱਤਰਾਂ ਦੀ ਲਿਸ਼ਕ ਵਿਚ ਹੋ ਸਕਣ ਦੀ ਸੱਤਿਆ ਦਾ ਸੇਕ ਸੁਨੇਹਾ ਦੇਂਦਾ ਏ। ਪੱਤਰਾਂ ਵਾਂਗ ਈ ਮਾੜੇ ਓ ਤੁਸੀਂ ਸਾਰੇ ਪਰ ਵਸਾਹ ਕਰੋ ਆਪਣੀ ਮਾਮ ਦਾ, ਆਪਣੇ ਵਜੂਦ, ਆਪਣੀ ਹਸਤੀ ਦਾ। ਸੇਕ ਦਿਲੇ ਅੰਦਰ ਧਰ ਉਧਮ ਜਗਾਓ ਤੇ ਲਿਸ਼ਕ ਅੱਖੀਂ ਨਾਲ ਲਾ ਕੇ ਨਵੀਂ ਰੁੱਤ ਦਾ ਆਵਣ ਵੇਖੋ ਤੇ ਆਵਣੀ ਭਲਕ ਦੇ ਰੰਗ ਮਨਾਓ। ਅੱਖੀਂ ਲਾਵਣ ਮੰਨਣ ਤੇ ਪਿਆਰ ਕਰਨ ਦਾ ਰੰਗ ਵੀ ਏ, ਆਪਣਾ ਕਰਨ ਦਾ ਰੰਗ। ਕਰਨੀ ਨੇ ਰੰਗ ਬਨਣਾ ਏ ਹੁਣ ਵੇਲੇ ਦਾ। ਦੋ ਮਿਸਰੇ ਸੁਨੇਹਾ ਦੇਂਦੇ ਜਾਪਦੇ ਨੇਂ ਤੇ ਦੋ ਓਸ ਦੀ ਵਰਤੋਂ ਦਸੇਂਦੇ ਨੇਂ। ਰੰਗ ਮਨਾਵਣ ਪੂਰੀ ਸੁਰਤ-ਸਮਝ ਨਾਲ ਹੈ। ਪਹਿਲੋਂ ਮੰਨਣ, ਮੁੜ ਕਰਨ ਹੈ।

ਰੁੱਤ ਲਗਾਤਾਰ ਟੁਰਦੀ ਏ, ਕਦੀਂ ਖਲੋਂਦੀ ਨਹੀਂ। ਮਾਘ ਚੜ੍ਹ ਪਿਆ ਏ। ਰੁੱਤ ਬਦਲਣੀ ਏ ਤੇ ਵੈਸਾਖ ਵੀ ਆਉਣਾ ਏ। ਅੱਜ ਸੀਤ ਪਾਰੋਂ ਜੋ ਖਲੋਤ ਜਾਪਦੀ ਏ, ਉਪਰੋਂ-ਅੰਦਰੋਂ ਧੁਖਦੀ ਏ ਪਈ, ਵੇਲਾ ਆਵਣ ਤੇ ਮੱਚ ਪੈਣੀ ਏ। ਅਜੇ ਓਹਲੇ ਹੈ, ਅੱਖੋਂ। ਏਸ ਸੁਰਤ-ਸਮਝ ਦਾ ਬੀਜ ਮਨ ਅੰਦਰ ਹੋਸੀ ਤਾਂ ਰੁੱਤ ਬਦਲਣ ਤੇ ਆਪੇ ਫੁੱਟ ਪੈਸੀ। ਅੱਗ ਧੁਖਦੀ ਰਹਵੇ, ਲੋੜ ਵੇਲੇ ਮੱਚ ਪੈਂਦੀ ਏ। ਜੋ ਹੀਣੇ-ਨਿਮਾਣੇ ਪੈਰੋਂ ਵਾਹਣੇ ਬਿਨਾਂ ਵਾਜ ਟੁਰਦੇ ਆਉਂਦੇ ਨੇਂ ਓਹੀ ਤਾਂ ਹਨ ਜਿਨ੍ਹਾਂ ਦੀ ਆਰਤੀ ਲਾਹੁਣੀ ਏ, ਰੁੱਤ ਨੇਂ। ਜਿਨ੍ਹਾਂ ਨੂੰ ਜੀ-ਆਇਆਂ ਨੂੰ ਆਖਣਾ ਏ। ਹਰ ਪਲ, ਹਰ ਘੜੀ ਤੇ ਹਰ ਸਾਹ ਨਾਲ ਉਹਨਾਂ ਦੀ ਖੁਸ਼ੀ ਮਨਾਈਏ। ਨਿਮਾਣੇਂ ਸੰਗਦੇ, ਝੱਕਦੇ ਪੋਲੇ-ਪੈਰੀਂ ਟੁਰਦੇ ਨੇਂ। ਡਰਦੇ ਨੇਂ ਵੱਡਿਆਂ ਬੂਟਾਂ ਤੇ ਵਰਦੀਆਂ ਵਾਲਿਆਂ ਤੋਂ, ਜੋ ਖੜਾਕ ਨਾਲ ਆਂਵਦੇ, ਜਾਂਵਦੇ ਨੇਂ। ਆਕੜੇ ਹੋਏ ਤਨ ਵਿਚ ਅਹਿਸਾਸੋਂ ਵਾਂਜੇ ਦਿਲ ਨਾਲ ਇਹ ਮੌਤ ਦਾ ਜੀਵਨ ਜੀਉਂਦੇ ਨੇਂ। ਮਾੜਿਆਂ ਨੂੰ ਡਰਾਵਣ ਵਾਲੇ ਅਸਲੋਂ ਤਾਂ ਆਪ ਡਰੇ ਹੋਂਦੇ ਨੇਂ। ਆਪਣੇ-ਆਪ ਵਿਚ ਓਪਰੇ, ਆਪਣੇ ਪਰਛਾਵੇਂ ਤੇ ਵੀ ਗੋਲੀ ਚਲਾ ਬਹਿੰਦੇ ਨੇਂ। ਜੋ ਆਪ, ਆਪਣੇ ਨਹੀਂ ਓਹਨਾਂ ਦਾ ਕੀ ਲਾਗ ਬਏ ਨਾਲ। 1986 ਵਿਚ ਛਪੀ ਇਹ ਕਿਤਾਬ "ਖੱਪੇ" ਆਪਣੇ ਵੇਲੇ ਦੀ ਕੱਥ ਕਰੇਂਦੀ ਏ। ਇਹ ਗਾਉਣ ਬਣਿਆਂ ਓਸ ਬਾਰੇ ਜਦ ਸਾਹਵਾਂ ਤੇ ਵੀ ਪਹਿਰੇ ਸਨ। ਇਸ ਗਾਉਣ ਨੇ ਰੰਗ ਖਿੜਾਏ ਤੇ ਮੋਈਆਂ-ਮੁੱਕੀਆ ਸਧਰਾਂ ਮੁੜ ਜਗ ਪਈਆਂ।

ਆਓ ਰਲ ਕੇ ਰੰਗ ਮਨਾਈਏ, ਓਹਨਾਂ ਦੇ ਜਿਨ੍ਹਾਂ ਦੇ ਮਰਨ ਦੀ ਖ਼ਬਰ ਆਉਂਦੀ ਏ ਨਾ ਜੰਮਣ ਤੇ ਇਸ਼ਤਿਹਾਰ ਛਪਦਾ ਏ। ਇਹ ਕੁਦਰਤ ਟੋਰੇ ਵਿਚ ਹਨ ਬੇ-ਨਾਂ, ਬੇ-ਸ਼ਨਾਖ਼ਤ। ਕੁਦਰਤ ਆਪ ਪਛਾਣ ਹੈ ਇਹਨਾਂ ਮਾੜਿਆਂ ਦੀ ਤੇ ਤਾਣ ਹੈ ਇਹਨਾ ਨਿਤਾਣਿਆਂ ਦਾ। ਇਸ ਕੁਦਰਤ ਟੋਰੇ ਤੋਂ ਵੱਖ ਹੋਵਣ ਈ ਮੌਤ ਏ ਤੇ ਇਕੱਲਵੰਜ ਦਾ ਡਰ ਜੰਮਦਾ ਏ। ਡਰ ਦਾ ਜੀਵਨ ਵੀ ਕਾਹਦਾ ਜੀਵਨ ਏ ਓਹ ਤਾਂ ਮਰਨ ਈ ਸਮਝੋ। ਰੁੱਖ, ਰੁੱਤ ਦੇ ਨਾਲ ਆਪਣੇ ਪੱਤਰ ਝਾੜਦਾ ਏ ਤੇ ਖੱਲ ਲਾਹ ਦੇਂਦਾ ਏ। ਉਹ ਪੁਰਾਣੇ ਪੱਤਰ ਤੇ ਖੱਲ ਮਿੱਟੀ ਵਿਚ ਰਲ ਕੇ ਜੜ੍ਹਾਂ ਅੰਦਰ ਸਮਾ ਕੇ ਮੁੜ ਰੁੱਖ ਦਾ ਅੰਗ ਬਣ ਵੇਂਦੇ ਨੇਂ। ਨਵਾਂ ਬਾਣਾ ਪਾ ਕੇ ਸੂਹਾ-ਸਾਵਾ ਰੰਗ ਲੈ ਕੇ ਮੁੜ ਜੰਮਦਾ ਏ, ਰੁੱਖ। ਸੱਜਰੀ, ਨਰੋਈ, ਲਿਸ਼ਕਦੀ ਨਵੀਂ ਹੋਂਦ, ਹੰਢਿਆਂ ਵਰਤਿਆ ਲਾਹ ਕੇ ਹੀ ਨਵੀਂ ਥੀਂਦੀ ਏ। ਨਵੇਂ ਦਾ ਰੰਗ ਵੀ ਓਹੀ ਮਨਾ ਸਕਦਾ ਹੈ ਜੋ ਆਪ ਨਵਾਂ ਏ। ਰੁੱਖ ਪੱਤਰਾਂ ਦੀ ਖੇਡ ਪਾਣੀ, ਮਿੱਟੀ, ਵਾ ਤੇ ਸੱਚ-ਸੰਗ ਪਾਰੋਂ ਹੈ। ਇਕੱਲੀ ਖੇਡ ਕਿਵੇਂ ਖਡੀਜੇ? ਸੱਦਾ ਹੈ, ਸੱਜਰੇ ਪੱਤਰਾਂ ਦਾ, ਆਓ ਸੱਜ ਜੰਮੋ ਤੇ ਅਸਾਡੇ ਰੰਗ ਰੰਗੀਜੋ। ਗਹਿਣੇ ਪਏ ਬੰਦੀਵਾਨ ਜੀਆਂ ਅੰਦਰ ਇਸ ਗਾਉਣ ਕੇਹਾ ਰੰਗ ਮਚਾਇਆ ਹੋਸੀ, ਕਿਵੇਂ ਉਲੇਲ-ਉੱਦਮ ਜਗਾਇਆ ਹੋਸੀ। ਰਲ ਗਾਉਣ ਪਲੋ-ਪਲ ਕਿਵੇਂ ਨਵੀਂ ਹੋਂਦ ਬਣਾਈ ਹੋਸੀ ਸੋਚਾਂ, ਜਜ਼ਬਿਆਂ, ਤਾਂਘਾਂ ਨੂੰ ਉਧਾਰਿਆ ਹੋਸੀ। ਨਵੇਂ ਪੱਤਰਾਂ ਨੂੰ ਜੀ-ਆਇਆਂ ਆਖਣ ਹੈ ਇਸ, ਜੋੜ ਅੰਦਰ :

ਨਵਿਆਂ ਪੱਤਰਾਂ ਦੇ
ਆਓ ਰੰਗ ਮਨਾਈਏ
ਨਵਿਆਂ ਪੱਤਰਾਂ ਦੇ
ਵਾਰੇ ਵਾਰੇ ਜਾਈਏ

"ਨਵਾਂ" ਖ਼ਾਸ ਲਫ਼ਜ਼ ਹੈ। ਆਮ ਵਰਤੋਂ ਵਿਚ ਹੈ ਨਵੀਂ ਕੋਰੀ ਸ਼ੈਅ ਯਾਂ ਸੱਜਰੀ ਜੰਮੀ, ਅਣਛੋਹੀ। ਨਵੇਂ ਦੀ ਚਮਕ, ਦਮਕ ਹੋਂਦੀ ਏ ਤੇ ਮਨ-ਮੋਂਹਦੀ ਏ। ਨਵਾਂ ਵਰਤੋਂ ਵਿਚ ਆ ਜਾਵੇ ਤਾਂ ਪੁਰਾਣਾ ਥੀ ਵੇਂਦਾ ਏ। ਨਵੇਂ ਦੇ ਮਾਅਨੇ ਵਿਚਾਰਨੇ ਪੋਸਨ ਮੁੜ ਕੇ, ਜੋ ਨਵੇਂ ਨੂੰ ਸਦਾ ਨਵਾਂ ਰੱਖਣ, ਵਰਤਣ ਨਾਲ ਵੀ ਓਹ ਪੁਰਾਣਾ ਨਾ ਹੋਏ ਸਗੋਂ ਮੁੜ ਨਵਾਂ ਥੀਏ, ਇੰਜ ਭਈ ਜਿਤਨਾ ਵਰਤਿਆ ਜਾਵੇ ਉਤਨਾ ਨਵਾਂ ਥੀਏ। ਪੱਤਰਾਂ ਦਾ ਰੰਗ ਤਾਹੀਓਂ ਮਨਾਇਆ ਹੈ ਇਸ ਕਵਿਤਾ ਨੇ ਜੋ ਪੱਤਰ ਹਰ ਰੁੱਤ ਵਿਚ ਨਵੇਂ, ਸੱਜਰੇ ਜੰਮਦੇ ਨੇਂ ਲਿਸ਼ਕਦੇ ਆਪਣੇ ਆਵਣ ਦਾ ਦਸੇਂਦੇ ਨੇਂ। ਪੱਤਰਾਂ ਦੀ ਸਕਤ ਤੇ ਆਪਣੇ ਹੋਵਣ, ਆਪਣੇ ਵਜੂਦ ਦਾ ਇਕਰਾਰ ਲਿਸ਼ਕ ਦਾ ਸੇਕ ਹੈ। ਇਹ ਲਿਸ਼ਕ ਬਨਾਉਟੀ ਨਹੀਂ, ਨਾ ਈ ਸ਼ੀਸ਼ੇ ਦੇ ਸ਼ੋ-ਕੇਸਾਂ ਦੀ ਏ, ਨਾਂ ਪਲਾਸਟਿਕ ਨਾਲ ਹੋਈ ਸਰਜਰੀ ਦੀ। ਇਸ ਲਿਸ਼ਕ ਤੇ ਸੇਕ ਦਾ ਪਿੱਛਾ ਫਰੋਲ ਵੇਖੀਏ ਤਾਂ ਸਹੀ, ਹੋਂਦਾ ਹੈ ਭੇਤ ਅੰਦਰ ਦਾ।

ਬੀਂ ਦਾ ਮਿੱਟੀ ਦਬੀਜਣ, ਸੂਰਜ, ਮਿੱਟੀ, ਪਾਣੀ, ਵਾ ਨਾਲ ਸੰਗ ਕਰਕੇ ਫੁੱਟਣ, ਆਪਣੀ ਬੰਦ ਬੀਂ ਵਾਲੀ ਹਸਤੀ ਦਾ ਇਨਕਾਰ ਕਰਨ ਹੀ ਰੁੱਖ ਬਨਣ ਹੈ। ਰੁੱਖ ਇਨਕਾਰ ਹੈ ਵੱਖਰੀ ਹਸਤੀ ਦਾ, ਜੋ ਸੂਰਜ, ਮਿੱਟੀ, ਪਾਣੀ ਤੇ ਵਾਅ ਦੇ ਰਲਣ ਪਾਰੋਂ ਉੱਗਿਆ। ਰੁੱਖ ਦੇ ਰੰਗ-ਰੂਪ ਵਿਚ ਇਹਨਾਂ ਸਭਨਾਂ ਦੇ ਅਣ-ਦਿਸਣੇ ਰੰਗ ਨੇਂ ਤੇ ਅਣ-ਛੋਹਿਆ ਸੇਕ ਇਹ ਦਸੇਂਦਾ ਹੈ, ਨਵਾਂ ਹੋਵਣ ਕੀ ਹੈ ਅਸਲੋਂ ਤੇ ਕਿਵੇਂ ਹੈ। ਬੀਂ ਤਾਂ ਪੁਰਾਣਾ ਆਹਾ ਪਰ ਆਪਣੇ ਇਨਕਾਰ ਕਰਨ ਪਾਰੋਂ ਨਵਾਂ ਹੋਇਆ। ਸੋ ਹੁਣ ਓਸ ਨਵੀਂ ਹਸਤੀ ਦੀ ਖੁਸ਼ੀ ਮਨਾਵਣ ਇਹ ਅੱਖਰ ਜੁੜੇ ਨੇਂ ਰੰਗੋ-ਰੰਗ। "ਰੰਗ" ਖੇਡ ਵੀ ਹੈ, ਵੇਖੋ ਨਵੇਂ ਪੱਤਰ ਕੀ ਖੇਡ ਰਚਾਉਂਦੇ ਨੇਂ। ਖੇਡ ਹਾਸਾ-ਬਖੇੜਾ ਵੀ ਹੈ ਤੇ ਸਮਝ ਵੀ, ਹੱਸਣ-ਰੋਵਣ ਵੀ ਤੇ ਨੱਚਣ-ਗਾਉਣ ਵੀ। ਅੱਖਰ ਹਿੱਕ ਮਿਸਰੇ ਤੋਂ ਬਏ ਵਿਚ ਰਲਦੇ ਨਿਖੜਦੇ ਅਚਰਜ ਖੇਡੇ ਲੱਗੇ ਨੇਂ :

ਨਵਿਆਂ ਪੱਤਰਾਂ ਦੀ ਲਿਸ਼ਕ ਸੁਨੇਹਾ
ਲਿਸ਼ਕ ਚੋਂ ਸਿੰਮਦਾ ਸੇਕ ਸੁਨੇਹਾ
ਸੇਕ ਦਿਲੇ ਦੇ ਅੰਦਰ ਧਰੀਏ
ਲਿਸ਼ਕ ਅੱਖੀਂ ਨਾਲ ਲਾਈਏ, ਰੰਗ ਮਨਾਈਏ।

"ਅੱਖੀਂ ਲਾਵਣ" ਆਦਰ ਤੇ ਅਪਣੀਅਤ ਪਾਰੋਂ ਹੈ। ਜੋ ਹੋਂਦ ਇਨਕਾਰ ਚੋਂ ਜੰਮੀ ਏ, ਸੱਜਰੀ ਨਵੀਂ-ਨਰੋਈ, ਓਸ ਨੂੰ ਅਸੀਂ ਅੱਖੀਂ ਲਾਈਏ ਤੇ ਓਸ ਦਾ ਸੇਕ ਮਨ ਅੰਦਰ ਉਤਾਰੀਏ। ਖ਼ਬਰੇ ਪੱਤਰਾਂ ਵਰਗੀ ਨਵੀਂ ਜੋਤ ਅਸਾਡੇ ਅੰਦਰ ਵੀ ਜਗ ਪਵੇ।

ਨਵੇਂ ਹੋਵਣ ਦਾ ਇਕ ਹੋਰ ਰੰਗ ਅਗਲੇ ਅੰਤਰੇ ਵਿਚ ਹੈ। ਆਸ, ਉਮੀਦ ਹੈ, ਰੁੱਤ ਬਦਲਣ ਦੀ। ਆਪਣੇ ਅੰਦਰ ਜਗਦੀ ਨਾਹੀ ਦੀ ਸੁਰਤ ਹੈ। ਉਹਨਾਂ ਦੀ ਆਸ ਸਦਾ ਜੀਊਂਦੀ ਏ ਜੋ ਨਵਾਂ ਹੋਵਣ ਤਾਂਘਦੇ ਨੇਂ, ਨਾ-ਉਮੀਦ ਨਹੀਂ ਹੋਂਦੇ। ਰੁੱਖ ਵੇਖਣ ਨੂੰ ਸੁੱਕਾ ਲੱਗਦਾ ਏ, ਮੋਇਆ-ਮੁੱਕਾ। ਰੁੱਤ ਪਰਤਦੀ ਹੈ ਤੇ ਉਹਦੇ ਅੰਦਰ ਧੁੱਖਦੀ ਨਾਹੀ ਸਹਿਜੇ ਈ ਫੁੱਲ ਪੱਤਰ ਹੋ ਆਹੀ ਬਣ ਖਿੱੜਦੀ ਹੈ। ਇਹ ਨਵਾਂ ਜੀਵਨ, ਨਵੀਂ ਹੋਂਦ ਚੁੱਪ-ਚੁਪੀਤੇ ਪੁੰਗਰਦੀ ਏ। ਏਸ ਚੁੱਪ ਆਵਣੀ ਦਾ ਰੰਗ ਮਨਾਵਣ ਹੈ, ਇਹ ਗਾਉਣ।

"ਰੰਗ" ਨੇ ਰੰਗਾਂ ਦੀ ਫੁਲਵਾੜੀ ਖਿੜਾਈ ਏ ਤੇ ਨਵੇਂ ਹੋਵਣ ਦਾ ਇਕ ਹੋਰ ਰੰਗ ਵਖਾਇਆ ਹੈ। ਮਰਕੇ, ਜੀਵਨ ਹੈ ਨਵਾਂ ਹੋਵਣ। ਪੱਤਰ ਝੜ ਕੇ ਮਿੱਟੀ ਵਿਚ ਰਲ ਕੇ ਜੜਾਂ ਵਿਚ ਖਾਦ ਹੋ ਸਮਾਉਂਦੇ ਨੇਂ। ਰੁੱਖ ਦਾ ਹਿੱਸਾ ਬਣ ਕੇ ਮੁੜ ਨਵੇਂ ਪੱਤਰ ਹੋ ਨਵੇਂ ਰੂਪ-ਰੰਗ ਵਿਚ ਜੰਮਦੇ ਨੇਂ। ਸੂਹੇ, ਸਾਵੇ, ਪੀਲੇ ਕਿਤਨੇ ਰੰਗ ਬਦਲਦੇ ਨੇਂ ਪਰ ਮਿੱਟੀ ਵਿਚ ਰਲ ਕੇ ਮਿੱਟੀ ਰੰਗੇ ਹੋ ਜਾਂਦੇ ਨੇਂ। ਸੋ ਇਕ ਰੰਗ ਤੋਂ ਇਨਕਾਰੀ ਰੰਗਾਂ ਵਿਚ ਖਿੰਡਣ ਤੇ ਮੁੜ ਇਕ ਰੰਗ ਅੰਦਰ ਸਮਾਵਣ ਹੈ, ਨਵਾਂ ਹੋਵਣ। ਇਹ ਨਵਾਂ ਹੋਵਣ ਸੋਚ-ਸਮਝ ਸੁਰਤ ਪਾਰੋਂ ਹੈ। ਉਹ ਸੁਰਤ ਜੋ ਕਰਨੀ-ਜਰਨੀ ਚੋਂ ਬਣੀ ਹੈ ਹਰ ਪਲ ਤੇ

ਹਰ ਘੜੀ ਵਿਚ ਮਰਨ ਤੇ ਮੁੜ ਜੀਵਨ ਹੈ, ਨਵਾਂ ਹੋਵਣ। ਹਰ ਸਾਹ ਦੀ ਨਾਹੀ ਨਾਲ ਆਪਣੀ ਪਛਾਣ ਹੈ, ਨਵਾਂ ਹੋਵਣ। ਆਸ-ਉਮੀਦ ਦੇ ਹਮੇਸ਼ ਜਗਦੇ ਦੀਵੇ ਨੇਂ, ਨਵਾਂ ਹੋਵਣ। ਲਗਾਤਾਰ ਟੋਰਾ ਜੀਵਨ ਦਾ ਜੋ ਆਪ ਜੀਵੇ ਤੇ ਜੀਵਨਦਾਨ ਕਰੇ, ਓਹੀ ਨਵਾਂ ਹੈ। ਏਸ ਅਣਮੁੱਲੇ ਨਵੇਂ ਹੋਵਣ ਦੇ ਰੰਗ, ਹੁਣ ਕੁੱਲ-ਕੁਦਰਤ ਦੇ ਰੰਗ ਹਨ। ਇਹ ਨਵੀਂ ਹਸਤੀ ਮੰਡੀ ਢਾਏ ਚੜ੍ਹਨ ਕੀਤੇ ਨਹੀਂ ਜੋ ਮੁੱਲ ਲਾ ਕੇ ਏਸ ਦਾ ਲਾਹਾ ਖੱਟ ਲਵੇ। ਏਸ ਨਵੀਂ ਹਸਤੀ ਦਾ ਮੁੱਲ ਮੰਡੀ ਦੇ ਵੱਸ ਨਹੀਂ ਹੁਣ। ਮੱਲ ਵਿਹਾਰ ਦੀ ਵਗਾਰ ਕੱਟਦੀ ਹਸਤੀ ਹੁਣ ਨਵੀਂ ਥਈ ਏ। ਨਵੀਂ ਜੋੜੀ ਰਲ ਨਵੇਂ ਰੰਗ ਖਿੰਡਾਵਣ ਟੁਰੀ ਏ ਜਿਸ ਵਿਚ ਵੇਚਣ-ਖਰੀਦਣ ਦਾ ਵਪਾਰ ਨਹੀਂ, ਲਾਹੇ, ਟੋਟੇ ਦਾ ਲੇਖਾ ਨਹੀਂ। ਕੁਦਰਤ ਸਿਰਜੀ ਕਾਇਨਾਤ ਵਿਚ ਆਪਣਾ ਹੋਵਣ ਮਾਨਣ ਹੈ। ਆਪਣੀ ਮੌਜ-ਤਰੰਗ, ਮਸਤੀ ਤੇ ਉੱਦਮ ਉਲੇਲ ਹੈ। ਵੱਖੋ-ਵੱਖ ਪਛਾਣਾ ਤੋਂ ਉਧਰਨ ਤੇ ਉਧਾਰਨ ਹੈ, ਨਵਾਂ ਹੋਵਣ।

***

# ਨਿਜ਼ਾਮ ਲੁਹਾਰ ਦਾ ਗਾਉਣ

ਅਸਾਂ ਕੀਤਾ ਨਾ ਮਨਜ਼ੂਰ
ਜੀਊਣਾ ਏਸ ਰੰਗ ਦਾ
ਭੋਏਂ ਭਾਂਡਾ ਜਦ ਵੱਖਰਾ ਹੋਵੇ
ਪੀੜ ਦਿਲਾਂ ਨੂੰ ਕੀਕਣ ਪੋਹੇ
ਮੈਂ ਕੋਲੋਂ ਮੈਂ ਦੂਰ
ਜੀਊਣਾ ਏਸ ਰੰਗ ਦਾ, ਅਸਾਂ ਕੀਤਾ ਨਾ ਮਨਜ਼ੂਰ

ਸਾਡਿਆਂ ਹੱਥਾਂ ਵਿਚੋਂ ਮਿਹਲਤ ਨਿਕਲੇ
ਨਿਕਲ ਕੇ ਵੜੇ ਖਜ਼ਾਨੇ
ਪੁਲਸਾਂ ਪਾਲ ਖਜ਼ਾਨਿਓਂ ਚਾੜ੍ਹਨ
ਸਾਥੇ ਪੁੱਤਰ ਬਗਾਨੇ
ਸਾਡਿਆਂ ਹੱਥਾਂ ਵਿਚੋਂ ਮਿਹਨਤ ਨਿਕਲੇ
ਨਿਕਲ ਕੇ ਚੜ੍ਹ ਜਾਏ ਹੱਟੀ
ਉਹ ਮਹਿੰਗੀ ਅਸੀਂ ਸਸਤੇ ਹੋ ਗਏ
ਪਏ ਭਰੀਏ ਨਿੱਤ ਚੱਟੀ
ਨਾਂ ਨਾਵੇਂ ਦੀ ਚੌਧਰ ਕਿਉਂ ਏ
ਦਿਲ ਸੀਪ ਦਾ ਸੰਦਰ ਕਿਉਂ ਏ
ਬੁੱਤ ਵਿਚ ਰੂਹ ਮਜਬੂਰ
ਜੀਊਣਾ ਏਸ ਰੰਗ ਦਾ ਅਸਾਂ ਕੀਤਾ ਨਾ ਮਨਜ਼ੂਰ
ਸਾਡਿਆਂ ਹੱਥਾਂ ਵਿਚ ਮਿਹਨਤ ਸਾਡੀ
ਬਣੇ ਸਿਦਕ ਦਾ ਪਿਆਲਾ
ਵਾਰੋ ਵਾਰ ਛੱਕਣ ਪਈਆਂ ਸੰਗਤਾਂ
ਲੱਥੇ ਦੂਈ ਦਾ ਪਾਲਾ
ਸਾਡਿਆਂ ਹੱਥਾਂ ਵਿਚ ਮਿਹਨਤ ਸਾਡੀ

ਬਣੇ ਫ਼ਿਕਰ ਦੀ ਚੂਰੀ
ਰੱਜ ਰੱਜ ਕੇ ਖਾਣ ਪ੍ਰੀਤਾਂ ਵਾਲੇ
ਨਿੱਤ ਪੂਰੀ ਦੀ ਪੂਰੀ
ਰਾਜ ਅਸਾਡੇ ਦਾ
ਹੋਸੀ ਇਹ ਦਸਤੂਰ

*(ਖੱਪੇ-ਸਫ਼ਾ 25)*

ਨਿਜ਼ਾਮ ਲੁਹਾਰ ਦਾ ਗਾਉਣ ਈ ਹੋ ਸਕਦਾ ਏ ਇਹ ਜੋ ਖਲੀ ਬਾਂਹ ਹੋਕਦਾ ਏ। ਰੱਦ ਕਰੇਂਦਾ, ਨਾ-ਮਨਜ਼ੂਰਦਾ ਏ ਏਸ ਜੀਵਨ ਨੂੰ, ਜੋ ਮੌਤ ਰੰਗਾ ਹੈ। ਲੋਹਾਰ ਦਾ ਕੰਮ ਤਪਦੀ ਭੱਠੀ ਤੇ ਲੋਹੇ ਨੂੰ ਪਘਲਾ ਲੋੜੀਂਦੀਆਂ ਵਸਤਾਂ ਤੇ ਔਜ਼ਾਰ, ਹਥਿਆਰ ਬਨਾਵਣ ਹੈ। ਉਹ ਏਸੇ ਔਖੇ ਕਰੜੇ ਕੰਮ ਨੂੰ ਕਰੇਂਦਿਆਂ ਜੀਵਨ ਦੀ ਉੱਚ-ਝਿਕ ਤੇ ਰੰਗ ਨਖੇੜਦਾ ਏ। "ਅਸਾਂ ਕੀਤਾ ਨਾ-ਮਨਜ਼ੂਰ" ਤੋਂ ਜਾਪਦਾ ਏ ਏਸ ਨਾਬਰੀ ਵਿਚ ਉਹ ਹਕੱਲਾ ਨਹੀਂ, ਉਹਦੇ ਵਰਗੇ ਕੰਮੀਂ ਸੀਪੀ ਸਭ ਰਲ ਗੰਵਦੇ ਨੇਂ ਪਏ। ਏਸ ਵੱਖਰਪ ਰੰਗੇ ਜੀਵਨ ਅੱਗੇ ਵਿਹਰ ਖਲੇ ਨੇਂ। ਜੀਵਨ ਜੀਊਂਦਿਆਂ ਦਾ ਰਲ ਵੱਸਣ ਏ। ਜਦ ਜੀਅ ਦਾ ਜੀਅ ਨਾਲ ਸਾਂਗਾ ਈ ਤਰੁਟ ਗਿਆ, ਹਿਕ ਬਏ ਦੀ ਪੀੜ ਸੁੰਜਾਣ ਮੁੱਕ ਵੰਜੀ ਤਾਂ ਵੱਖਰੇ ਭੋਏਂ-ਭਾਂਡੇ ਦਾ ਵਿਹਾਰ ਚਾਲੂ ਥਿਆ। ਅਜੇਹੇ ਜੀਵਨ ਰੰਗ ਦਾ ਇਨਕਾਰ ਕਰਦਾ ਏ ਨਿਜ਼ਾਮ ਲੁਹਾਰ।

ਕਰਨਹਾਰਾਂ, ਮਿਹਨਤੀਆਂ, ਕਾਮਿਆਂ, ਕਸਬੀਆਂ ਦੀ ਕੀਤੀ ਖਜ਼ਾਨੇ ਜਾ ਜੁੜਦੀ ਏ। ਆਪਣੀ ਹੱਥ ਕੀਤੀ ਤੋਂ ਵਿਜੋਗ ਦੀ ਪੀੜ, ਗਾਉਣ ਬਣ, ਬੁੱਲ੍ਹਾਂ ਤੇ ਆਈ ਏ। ਇਹਨਾਂ ਖਜ਼ਾਨਿਆਂ ਸਿਰ ਪੁਲਸਾਂ, ਫੌਜਾਂ ਪਲਦੀਆ ਨੇ ਤਾਂ ਜੋ ਕਿਸੇ ਕੋਲ ਕੁਝ ਜੁੜ ਵੰਜੇ ਤੇ ਮਾਰ ਦਬੱਲ ਕੇ ਖੱਸ ਲੀਤਾ ਜਾਵੇ। ਹੱਥਾਂ ਨਾਲ ਬਣਾਈਆਂ ਵਸਤਾਂ ਮੰਡੀਆਂ 'ਚ ਜਾ ਮਹਿੰਗੀਆਂ ਵਿਕਦੀਆ ਨੇਂ ਤੇ ਬਨਾਵਣ ਵਾਲੇ ਹੱਥ ਮੁੜ ਸੱਖਣੇ ਦੇ ਸੱਖਣੇ, ਇਕ ਵੇਲੇ ਦੀ ਰੋਟੀ-ਟੁੱਕਰ ਦੇ ਮੁਥਾਜ। ਏਨੇ ਕਸ਼ਟ ਕੱਟ ਕੇ ਵੀ ਕਰਨਹਾਰ ਭੁੱਖੇ ਤੇ ਸਾਂਭਣਹਾਰ ਲੋੜੋਂ ਵੱਧ ਤੇ ਮੱਲ ਮਾਰੀ ਬੈਠੇ ਨੇਂ। ਏਸ ਮੱਲ ਰੰਗੇ ਜੀਵਨ ਵਿਚ ਨਾਂ ਵਾਲੇ ਦਾ ਨਾਵਾਂ ਏ ਤੇ ਨਾਵੇਂ ਵਾਲੇ ਦੀ ਚੌਧਰ ਏ। ਦਿਲ ਤਾਂ ਸੀਪੀ ਏ, ਖ਼ਿਦਮਤਗਾਰ। ਸੀਪ ਦਾ ਵਿਹਾਰ ਏ ਸਾਰਾ, ਜਿਸ ਵਿਚ ਬੰਦੇ ਦੀ ਆਪਣੀ ਹੋਂਦ, ਹਸਤੀ ਹੈ ਈ ਨਹੀਂ। ਨਿਰਾ ਕੰਮ ਦਾ ਲਾਗ ਏ ਉਹ ਵੀ ਜਜਮਾਨਾਂ ਦੀ ਰਜ਼ਾ ਜੋ ਚਾਹਵਣ ਦੇਵਣ। ਮਿੱਟੀ ਦੇ ਬੁੱਤ ਅੰਦਰ ਡਕੀਜੀ ਰੂਹ ਅਲੀਂਦੀ ਏ ਏਸ ਗ਼ੁਲਾਮ ਜੀਵਨ ਉਤੇ। ਸੰਦਰ, ਹਥਿਆਰ ਏ, ਔਜਾਰ ਏ। ਦਿਲ ਵਰਗੀ ਨਰਮ ਸ਼ੈਅ ਜਿੱਥੇ ਜਜ਼ਬੇ ਤੇ ਅਹਿਸਾਸ ਦਾ ਵਾਸ ਏ ਉਹ ਬੇ-ਜਾਨ, ਬੇ-ਹਿਸ ਹੋ ਕੇ ਲੋੜੀਂਦਾ ਔਜ਼ਾਰ ਹਥਿਆਰ ਬਣ ਵੰਜੀ ਏ। ਜਿਸ ਤਨ ਦਾ ਅੰਗ ਹੈ ਦਿਲ, ਉਹ ਜੀਵਨ ਮੰਗਦਾ ਏ ਆਪਣਾ, ਖੁੱਲ੍ਹ ਦਾ, ਆਜ਼ਾਦੀ ਦਾ।

ਅਜੇਹਾ ਜੀਵਨ ਜਿਸ ਵਿਚ ਸੱਚ ਹੋਵੇ, ਜਿਸ ਵਿਚ ਜੀਵਨਦਾਨ ਹੋਵੇ, ਹਰ ਦਾ ਹਰ ਨੂੰ। ਰਲ ਵੱਸਣ ਤੇ ਰਲ ਵਰਤਣ ਹੋਵੇ, ਵਿਜੋਗ ਤੇ ਦੂਈ ਵਾਲੇ ਪਾੜ ਮੁੱਕਣ। ਕਰਨਹਾਰਾਂ ਦੀ ਕਰਨੀ ਸਾਂਝ ਭੰਡਾਰ ਬਣੇ। ਭੰਡਾਰ ਹਰ ਜੀਅ ਦੀ ਲੋੜ ਪੂਰੀ ਕਰੇਂਦਾ ਏ ਤੇ ਭੁੱਖ-ਦੁੱਖ ਦਾ ਉਪਾਅ ਵੀ। ਸਾਂਝ-ਭੰਡਾਰ ਈ ਏ "ਫ਼ਿਕਰ ਦੀ ਚੂਰੀ" ਫ਼ਿਕਰ ਹੈ ਬੇ-ਮੱਲ, ਸੱਖਣਾ ਹੋਵਣ। ਚੂਰੀ ਖ਼ਾਸ ਖਾਜਾ ਹੈ ਕਣਕ, ਘਿਓ ਤੇ ਸ਼ੱਕਰ ਦਾ ਇਕਮਿੱਕ ਹੋਵਣ। ਬਾਲਾਂ ਲਈ ਮਾਵਾਂ ਉਚੇਚੀ ਬਣਾਉਂਦੀਆਂ ਨੇਂ। ਹੀਰ ਵੀ ਰਾਂਝੇ ਲਈ ਬੇਲੇ ਵਿਚ ਚੂਰੀ ਖੜਦੀ ਏ। ਚੂਰੀ, ਖ਼ੁਸ਼ੀ ਤੇ ਸੁੱਖ ਦਾ ਨਿਸ਼ਾਨ ਵੀ ਹੈ ਤੇ ਕਿਸੇ ਮੰਨਤ-ਮੁਰਾਦ ਪੂਰਨ ਤੇ ਵੀ ਵੰਡੀਜਦੀ ਹੈ। ਇਹ ਪਿਆਰ ਇਸ਼ਕ ਦਾ ਨਿਸ਼ਾਨ ਵੀ ਹੈ। ਫ਼ੱਕਰਾਂ ਦਾ ਇਸ਼ਕ, ਬੇ-ਮੱਲ ਜੀਵਨ ਚੂਰੀ ਹੋ ਵੰਡੀਜੇ ਹਰ ਹਰ ਨੂੰ। ਮਾੜਿਆਂ, ਹੀਣਿਆਂ, ਨਿਮਾਣਿਆਂ ਦਾ ਰਾਜ ਏਸੇ ਕਨੂੰਨ ਸਿਰ ਉਸਰਸੀ।

***

# ਲਿਖਤ

ਮਨ ਲੋੜੇ ਅੱਜ ਵਾਂਗ ਸਮੰਦਰ ਲਿਖਾਂ
ਪਾਣੀ
ਹਸਤੀ ਦਾ ਅਣਥੱਕ ਨਿਸੰਗ ਬੇਓੜਕ ਪਾਣੀ
ਅਣ-ਡਿੱਠੀਆਂ ਜੂਹਾਂ
ਅਣ ਹੋਇਆਂ ਜੁੱਗਾਂ ਵਿਚ ਫਿਰਦਾ
ਅੱਜ ਦੀ ਘੜੀ ਸਾਡੇ ਲਹੂ ਵਿਚ ਨਿੱਤਰੇ
ਨੈਣੀ ਆਸ ਛੁਹਾਵੇ
ਮਨ ਲੋੜੇ ਅੱਜ ਵਾਂਗ ਸਮੰਦਰ ਲਿਖਾਂ
ਪਰ ਲਿਖਣ ਅਜੇ
ਲਹੌਰ ਸ਼ਹਿਰ ਦੀਆਂ ਚੁੱਪ ਤਰੇੜੀਆਂ ਸੜਕਾਂ ਵਾਂਗਰ
ਘੱਟੇ ਧੂੰਏ ਮੜ੍ਹੇ ਸਰੀਰ ਤੇ
ਪੱਘਰਦੀ ਇਕ ਲੀਕ ਏ

*(ਖੱਬੇ-ਸਫ਼ਾ 35)*

ਮਨ ਦੀ ਲੋੜ ਹੈ ਸਮੰਦਰ ਵਾਂਗ ਲਿਖਣ ਦੀ। ਦੋ ਅੱਖਰ ਖ਼ਾਸ ਨੇ ਏਸ ਜੋੜ ਅੰਦਰ। ਇਕ "ਮਨ ਲੋੜੇ" ਬਿਆ "ਅੱਜ"। ਕੀ ਵਰਤੀ ਵਾਪਰੀ ਏ ਜੋ ਮਨ ਦੀ ਲੋੜ ਪਾਣੀ ਹੋ ਲਿਖਣ ਦੀ ਹੈ। ਪਾਣੀ, ਜੋ ਬੇ-ਹੱਦ, ਬੇ-ਸ਼ੁਮਾਰ, ਬੇ-ਰੰਗ, ਨਿਰ-ਆਕਾਰ (ਬੇ-ਸ਼ਕਲ) ਹੈ। ਤਨ ਦੀਆਂ ਮਾਦੀ ਲੋੜਾਂ ਤੇ ਅੱਜ ਮਨ ਦੀ ਲੋੜ ਭਾਰੂ ਥਈ ਏ। ਪਾਣੀ ਕੁਦਰਤ ਦਾ ਰੂਪ ਹੈ। ਅੱਜ ਮਨ ਦੀ ਲੋੜ ਏ, ਜੋ ਰੂਪ ਬਦਲ ਕੇ ਬੱਝੀ ਹਸਤੀ ਦੀ ਬਾਂਧ ਤਰੋੜ ਕੇ ਪਾਣੀ ਸਰੂਪ ਵਟਾ ਜਾਵੇ। ਪਾਣੀ ਦੀ ਆਪਣੀ ਤਾਂ ਲੋੜ ਹੈ ਈ ਕੋਈ ਨਹੀਂ, ਪਾਣੀ ਦਾ ਜੀਵਨ ਹੈ ਈ ਦਾਨ, ਕੁੱਲ-ਕਾਇਨਾਤ ਲਈ ਕੁੱਲ ਜੀਆਂ-ਜੂਨ ਲਈ। ਪਾਣੀ ਹੋ ਕੇ ਲਿਖਣ ਖ਼ਬਰੇ ਲੋੜੋਂ ਬਾਹਰ ਹੋ ਲਿਖਣ ਏ, ਦਾਨ ਕਰਨ ਏ ਅੱਖਰਾਂ ਦਾ। ਬੱਝੇ ਵੇਲੇ ਵਿਚ ਬੱਝੀਆਂ ਸੋਚਾਂ ਦਾ ਲਿਖਣ, ਮਾਦੀ ਲੋੜਾਂ ਪੂਰਨ ਕੀਤੇ। ਹਾਕਮਾਂ ਦੀ ਵਡਿਆਈ ਲਿਖਣ ਦੇ ਕੰਮ ਨੇ ਆਪਣੀ ਜੀਊਂਦੀ ਜਾਗਦੀ ਹੋਂਦ ਕਿਤੇ ਦੂਰ-ਦੁਰਾਡੇ ਜਾ ਸੁੱਟੀ। ਤਨ, ਵੇਲੇ ਨਾਲ ਘੁੱਲਦਾ ਏ, ਆਪਣੇ ਹੋਵਣ ਦੀ ਆਸ ਤੇ

ਪਰ "ਅੱਜ" ਸਹੀ ਹੋਇਆ ਏ ਵੇਲੇ ਨਾਲ ਵਕ਼ਤੀ ਲੋੜਾਂ ਲਈ ਕੀਤੇ ਸਮਝੌਤੇ ਗ਼ਲਤ ਸਨ। ਮਨ ਵਿਹਰ ਖਲੋਤਾ ਏ ਅੱਜ ਤੇ ਆਪਣਾ ਹੋਵਣ ਮੰਗਦਾ ਏ। ਉਹ ਹੋਵਣ ਜੋ ਲੋੜ (ਨਫ਼ਾ, ਕੁਨਫ਼ਾ) ਤੋਂ ਬਾਹਰ ਏ। ਉਹ ਹੋਵਣ, ਜੋ ਵਾਅ ਸੰਗ ਉੱਡ ਸਕੇ, ਉਹ ਹੋਵਣ ਜੋ ਬੱਦਲ ਬਣ ਵਰ੍ਹ ਸਕੇ। ਉਹ ਹੋਵਣ, ਜੋ ਮਿੱਟੀ ਸੰਗ ਉਪਜ ਸਕੇ। ਉਹ ਹੋਵਣ, ਜੋ ਰੋੜ੍ਹ ਬਣ ਢਾਹ-ਢੇਰੀ ਕਰੇ ਹਰ ਬਾਂਧ ਤੇ ਉਧਾਰੇ ਨਿਮਾਣੀ ਖ਼ਲਕਤ ਨੂੰ।

ਅੱਜ ਮਨ ਲੋੜਦਾ ਏ ਇੰਜ ਲਿਖਾਂ ਜੇਵੇਂ ਪਾਣੀ ਲਿਖਦਾ ਏ। ਆਪਣੇ ਹੋਵਣ ਦਾ, ਆਪਣੇ ਜੀਵਨ ਦਾ ਉਹ ਪੰਨਾ ਲਿਖਾਂ ਜੋ ਬੇਹੱਦ, ਬੇਸ਼ੁਮਾਰ ਹੋਏ। ਅਣਵੇਖੀਆਂ ਜੂਹਾਂ ਤੇ ਅਣਹੋਏ ਵੇਲਿਆਂ ਦੀ ਕੱਥ ਕਰਾਂ। ਜੇ ਅੱਜ ਦੀ ਘੜੀ ਆਪਣੀ ਹਸਤੀ ਅੰਦਰ ਕੁੱਲ ਵੇਲਾ ਮਾਣਾਂ ਤੇ ਆਸਾਂ ਦੇ ਦੀਵੇ ਜਗਾਵਾਂ। ਪਾਣੀ ਪਹਾੜੋਂ ਠਿੱਲ੍ਹ ਜੂਹੋ-ਜੂਹ ਫਿਰਦਾ ਵਾਅ ਨਾਲ ਉਡਦਾ ਕਿਤੇ ਹੋਰ ਦਾ ਹੋਰ ਜਾ ਮੁੜ ਵਰ੍ਹਦਾ ਏ।

ਪਾਣੀ ਆਪਣੀ ਵਾਰ ਆਪ ਬਣਾਉਂਦਾ ਤੇ ਕੱਥਦਾ ਏ। ਅੱਜ ਜੀ ਹੈ ਜੋ ਆਪ ਆਪਣੀ ਵਾਰ ਲਿਖਾਂ ਹੋ-ਗੁਜ਼ਰੀ ਤੇ ਆਵਣੀ ਵੀ। ਅਚਨਚੇਤ ਕੋਈ ਚੇਤਰ ਚੇਤੇ ਲੱਥਾ ਏ ਤੇ ਲਿਖਣ ਹੱਥ ਸੋਚੀਂ ਪਿਆ ਏ:

"ਪਰ ਲਿਖਣ ਅਜੇ
ਲਹੌਰ ਸ਼ਹਿਰ ਦੀਆਂ ਚੁੱਪ ਤਰੇੜੀਆਂ ਸੜਕਾਂ ਵਾਂਗਰ
ਘੱਟੇ ਧੂੰਏਂ ਮੜ੍ਹੇ ਸਰੀਰ ਤੇ
ਪੰਘਰਦੀ ਇਕ ਲੀਕ ਏ"

ਲਹੌਰ, ਜੋ ਤਖ਼ਤ ਸ਼ਹਿਰ ਏ ਜਿਥੇ ਜ਼ੁਲਮ ਤੇ ਜਬਰ ਦੀ ਅਖੀਰ ਏ। ਸੋਚਾਂ ਤੇ ਹੱਥ ਬੱਝੇ ਨੇਂ, ਫ਼ੌਜੀ ਤਾਕ਼ਤਾਂ ਕੋਲ। ਉਥੇ ਚੁੱਪ ਹੈ, ਸੁੰਜ ਹੈ, ਸੋਕਾ ਹੈ। ਸੋਕ ਪਾਰੋਂ ਤਰੇੜਾਂ ਤੇ ਪੈ ਗਈਆਂ ਨੇਂ ਸੜਕਾਂ ਉੱਪਰ। ਸੜਕ ਸ਼ਹਿਰ ਵਾਸ ਦਾ ਨਿਸ਼ਾਨ ਹੋਇਆ। ਜਿਸ ਲਿਖਤ ਨੂੰ ਮਨ ਲੋੜਦਾ, ਖ਼ਿਆਲ ਉਡਾਰੀਆਂ ਵਿਚ ਸੀ ਜਦ ਨਿਓਂ ਵੇਖਿਆ ਤੇ ਜਾਣਿਆ ਮਿਹਨਤੀਆਂ, ਕਾਮਿਆਂ, ਮਾੜਿਆਂ, ਨਿਮਾਣਿਆਂ ਦੇ ਕ਼ੈਦੀ ਸਰੀਰ ਮਿੱਟੀ ਘੱਟੇ ਵਿਚ ਅੱਟੇ ਹੋਏ ਉਹ ਸਭ ਲਿਖਦੇ ਨੇ ਪਏ ਜੋ ਅਜੇ ਅਸਾਡੀਆਂ ਸੋਚਾਂ ਅੰਦਰ ਹੈ। ਗਰਮੀ, ਤਪਸ਼, ਹੁਬਸ, ਹੁੱਸੜ ਜਰਦੇ ਤਨ ਤੇ ਪਰਸੀਏ (ਪਸੀਨੇ) ਦੀ ਇਕ ਲੀਕ ਵਗੀ ਏ ਤੇ ਲਿਖ ਗਈ ਏ ਉਹ ਜੋ ਸਮੰਦਰ ਲਿਖਦਾ ਏ।

***

# ਖ਼ਬਰਾਂ ਖ਼ਤਮ ਹੋਈਆਂ

ਅਖ਼ਬਾਰਾਂ ਕੋਲ
ਚਿੱਟੇ ਖੱਪੇ ਥੁੜ ਗਏ ਨੇਂ
ਕਿਤਾਬ ਦੁਕਾਨਾਂ ਵਿਚ
ਅਣਵਿਕੇ ਸਿਆਸੀ ਪਰਚੇ
ਸ਼ਿਅਰ ਪਰਾਗੇ
ਡਾਇਜਸਟਾਂ ਦੀਆਂ ਥਹੀਆਂ ਹੇਠ ਆਏ
ਸੁੱਖ ਦਾ ਸਾਹ ਪਏ ਲੈਂਦੇ ਨੇਂ
ਕੋਈ ਖ਼ਬਰ ਨਹੀਂ ਦਿਸਦੀ ਅੱਜ ਪਈ
ਕੋੜੇ ਵੱਜਣ ਦੀ
ਕਿ ਖ਼ਬਰੇ ਸੌਂ ਗਈਆਂ ਨੇਂ ਕੰਡਾਂ ਸਾਡੀਆਂ
ਕਿਤਿਓਂ ਕਿਤਿਓਂ
ਫੁੱਟਪਾਥ ਤੋਂ
ਫਿਸ ਕੇ ਵਿਚ ਜਾ ਪਏ ਨੇਂ ਢੱਕਣ ਸਿਰ ਮਿੱਟੀ
ਹੇਠ ਖਲੋਤੀ ਗਾਰ ਦੇ ਮੂੰਹ ਤੇ
ਬੁੜ ਬੁੜੇ
ਨਕਲੀ ਡੇਲਿਆਂ ਵਾਂਗ ਪਏ ਇਕੋ ਪਾਸੇ ਤੱਕੀ ਜਾਂਦੇ ਨੇਂ
ਖ਼ਬਰਾਂ ਖ਼ਤਮ ਹੋਈਆਂ *(ਖੱਪੇ-ਸਫ਼ਾ 38)*

"ਖੱਪੇ" ਕਿਤਾਬ ਦੀ ਸ਼ਾਇਰੀ 1976 ਤੋਂ 1985 ਤਾਈਂ ਲਿਖੀਆ ਨਜ਼ਮਾਂ ਨੇਂ। ਵੇਲੇ ਦੀ ਉਚੇਚੀ ਦੱਸ ਪਾਈ ਗਈ ਏ ਕਿਤਾਬ ਅੰਦਰਲੇ ਪਹਿਲੇ ਵਰਕੇ ਤੇ। ਜ਼ਿਆਉਲ ਹੱਕ ਦੇ ਮਾਰਸ਼ਲ ਲਾਅ ਦਾ ਵੇਲਾ ਏ। ਅਖ਼ਬਾਰਾਂ ਤੇ ਪਾਬੰਦੀ ਏ, ਖ਼ਬਰ ਛਾਪਣ ਦੀ। ਸੋ ਖ਼ਬਰ ਅਪੜਾਵਣ ਦਾ ਨਵਾਂ ਢੰਗ ਏ ਸਹਾਫ਼ੀਆਂ ਦਾ। ਜੋ ਖ਼ਬਰ ਕੱਟੀ ਗਈ ਸਰਕਾਰ ਵੱਲੋਂ ਓਸ ਦੀ ਥਾਂ ਨਵੀਂ ਖ਼ਬਰ ਨਾ ਛਪੀ ਸਗੋਂ ਇਕ ਖ਼ਾਲੀ ਥਾਂ ਛੱਡ ਦਿੱਤੀ ਅਖ਼ਬਾਰ ਵਿਚ। ਉਹ ਖ਼ਾਲੀ ਥਾਂ "ਖੱਪਾ" ਅਖਵੇਂਦੀ ਏ। ਖ਼ਬਰੇ ਏਸੇ "ਪੱਖੇ" ਤੇ ਈ ਕਿਤਾਬ ਦਾ ਨਾਂ ਵੀ ਹੈ।

ਖੱਪਾ ਵੇਖ ਪੜ੍ਹਨਹਾਰਾਂ ਨੂੰ ਅੱਪੜ ਜਾਂਦਾ ਜੋ ਅਣਛਪਿਆ ਸੀ। ਇਹ ਨਜ਼ਮ ਦਸੇਂਦੀ ਏ ਜੋ ਖ਼ਬਰਾਂ ਅਸਲੋਂ ਮੁੱਕ ਗਈਆਂ ਨੇਂ। ਖੱਪੇ ਜੋ ਥੁੜ ਗਏ ਨੇਂ, ਸੋ ਹੁਣ ਯਾਂ ਤੇ ਅਖ਼ਬਾਰਾਂ ਨੇ ਪਾਲਿਸੀ ਬਦਲ ਲਈ ਏ ਯਾਂ ਫੇਰ ਮਾਰਸ਼ਲ ਲਾਅ ਦਾ ਦਬਾਅ ਘੱਟ ਗਿਆ ਏ ਤੇ ਉਹਦੀ ਪਕੜ ਪੋਲੀ ਥੀਵਣ ਲੱਗੀ ਏ। ਸਿਆਸੀ ਪਰਚੇ ਜੋ ਮਾਰਾ-ਮਾਰੀ ਦੀ ਕੱਥ ਕਰੇਂਦੇ, ਖ਼ਲਕਤ ਦੇ ਭੁੱਖ-ਦੁੱਖ ਦੀ ਦੱਸ ਪਾਉਂਦੇ ਕਿਤਾਬਾਂ ਦੀਆਂ ਦੁਕਾਨਾਂ ਵਿਚ ਕਿਧਰੇ ਹੇਠਾਂ ਦੱਬ ਗਏ ਨੇਂ।

ਰੋਜ਼ ਜੋ ਅਖ਼ਬਾਰ ਕੋੜੇ ਵੱਜਣ ਦੀਆਂ ਸਜ਼ਾਵਾਂ ਸੁਣਾਉਂਦੇ ਸਨ, ਹੁਣ ਚੁੱਪ ਨੇਂ ਯਾਂ ਤੇ ਕੋੜੇ ਵੱਜਣੇ ਬੰਦ ਹੋਏ ਨੇ ਯਾਂ ਕੋੜੇ ਖਾਵਣ ਵਾਲੇ ਇਤਨੀ ਮਾਰ ਖਾ-ਖਾ ਕੇ ਉਂਜ ਈ ਚੁੱਪ ਧਾਰ ਗਏ ਨੇਂ। ਪੀੜ ਇਤਨੀ ਜਰੀ ਨੇ ਜੋ ਹੁਣ ਪੀੜ ਦਾ ਅਹਿਸਾਸ ਵੀ ਮੁੱਕ ਗਿਆ ਏ ਸੁੰਨ ਹੋ ਗਈ ਏ, ਜੀਊਂਦੀ ਹਸਤੀ। ਖ਼ੂਨ ਦਾ ਵਗਣ ਖਲੋ ਜਾਵੇ ਤਨ ਦੇ ਕਿਸੇ ਅੰਗ ਵਿਚ ਤੇ ਉਹ ਸੁੰਨ ਹੋ ਜਾਂਦਾ ਏ। ਲੰਮੀ ਕੈਦ ਕੱਟਣ ਵਾਲੇ ਵੀ ਆਜ਼ਾਦੀ ਦਾ ਰੰਗ ਭੁੱਲ ਵੇਂਦੇ ਨੇਂ। ਪਰ ਏਸ ਨਜ਼ਮ ਦੀਆਂ ਅਖ਼ੀਰਲੀਆਂ ਸਤਰਾਂ ਕੁਝ ਹੋਰ ਵਖਾਉਂਦੀਆਂ ਨੇਂ ਪਈਆਂ। ਜੋ ਪਲੱਸਤਰ ਕੀਤੀ ਹਰ ਸ਼ੈਅ ਵਿਚ ਤਰੇੜਾਂ ਪੈਣ ਲੱਗੀਆਂ ਨੇਂ ਤੇ ਕਿਧਰੇ-ਕਿਧਰੇ ਹੇਠ ਖਲੋਤੀ ਗਾਰ ਵੀ ਦਿਸਣ ਲੱਗੀ ਏ ਜੋ ਉਬਲਦੀ ਏ ਪਈ ਆਪਣੇ ਗੰਦ ਤੇ ਬਾਂਧ ਵਿਚ ਆਪ ਬਦਬੋ ਬਣੀ ਸੜਦੀ ਏ ਪਈ। ਗੰਦੇ ਬੁੜਬੁੜੇ ਇਕੋ ਪਾਸੇ ਤੱਕਦੇ ਨੇਂ। ਮਾਰਸ਼ਲ ਲਾਅ ਦੀ ਏਸ ਤੋਂ ਵੱਧ ਚਿੱਤਰਕਾਰੀ ਕੀ ਹੋਣੀ ਏ ਜੋ ਉਤੋਂ ਹਰ ਪਾਸੇ "ਸਭ ਅੱਛਾ" "ਅਮਨ-ਅਮਾਨ" ਦੀ ਰਿਪੋਰਟ ਦੇਂਦਾ ਏ ਪਰ ਉਤੋਂ ਮਾੜਾ ਜੇਹਾ ਪਲੱਸਤਰ ਲੱਥਾ ਏ ਤੇ ਹੇਠ ਦਾ ਗੰਦ ਦਿਸਿਆ ਏ ਜੋ ਵਰਦੀਆਂ ਓਹਲੇ ਸੀ। ਹੁਣ ਖ਼ਬਰਾਂ ਮੁੱਕ ਗਈਆਂ ਨੇ। ਪਾਕਿਸਤਾਨ ਟੈਲੀਵੀਜ਼ਨ ਤੇ ਰੇਡੀਓ ਤੋਂ ਵੀ ਖ਼ਬਰਾਂ ਚਲਦੀਆ ਸਨ, ਸਭ ਠੀਕ ਦੱਸ ਕੇ ਅਖ਼ੀਰੀ ਜੁਮਲਾ ਏਹੀ ਹੋਂਦਾ ਸੀ "ਖ਼ਬਰੇਂ ਖ਼ਤਮ ਹੁਈਂ" ਜੋ ਸੁਨਾਵਣ ਵਾਲੀਆਂ ਹੋਂਦੀਆ ਉਹ ਸੈਂਸਰ ਹੋ ਜਾਂਦੀਆਂ ਤੇ ਜੋ ਹਾਕਮ ਚਾਹੁੰਦੇ ਉਹ ਖ਼ਬਰਾਂ ਈ ਕੰਨਾਂ ਨੂੰ ਸੁਣਾਈਆਂ ਜਾਂਦੀਆਂ। ਜਦ ਤਨ ਈ ਬਗਾਨਾ ਹੋ ਗਿਆ ਤਾਂ ਕੰਨ ਆਪਣੇ ਕਿੱਥੇ। ਸੋ ਸੁੰਨ ਏ, ਸਕਤਾ ਏ, ਜਾਮਦ ਏ, ਖਲੋਤ ਏ, ਹਰ ਪਾਸੇ ਪਰ ਹੇਠ-ਹੇਠ ਉਬਾਲ ਏ। ਏਸ ਅੰਦਰੇ-ਅੰਦਰ ਬਲਦੀ ਹਾਲਤ ਨੂੰ ਵੀ ਖੁੱਲ ਕੇ ਨਹੀਂ ਵਿਚਾਰਿਆ-ਵਾਚਿਆ ਜਾ ਸਕਦਾ, ਸੋ ਜਿਤਨਾ ਪੜ੍ਹ ਲਿਆ ਜੇ ਬਥੇਰਾ ਏ ਹੁਣ ਖ਼ਬਰਾਂ ਖ਼ਤਮ ਹੋ ਗਈਆਂ ਨੇਂ। ਯਾਂ ਫੇਰ ਬਦਲਣ ਵੇਲਾ ਆ ਗਿਆ ਏ ਤੇ ਹੁਣ ਖ਼ਬਰਾਂ ਦੀ ਥਾ ਅਮਲ ਨੇ ਲੈ ਲੈਣੀ ਏ ਸੋ ਖ਼ਬਰਾਂ ਦਾ ਮੁੱਕਣ ਸੁੱਖ-ਸੁਨੇਹਾ ਵੀ ਹੋ ਸਕਦਾ ਏ ਕਿ ਜੋ ਸੁਣਦੇ ਆਏ ਹਾਂ ਚਿਰਾਂ ਤੋਂ ਉਹ ਹੋਵਣ ਦਾ ਵੇਲਾ ਆ ਗਿਆ ਲੱਗਦਾ ਏ।

***

# ਹਾੜ ਦੀ ਰਾਤ

ਹਾੜ ਦੀ ਰਾਤ ਇਕ ਗੁੰਮ ਸਮੰਦਰ
ਕੰਢਿਆਂ ਉਤੋਂ ਕੋਸਾ
ਗੁੰਮ ਸਮੰਦਰ ਵਿਚੋਂ ਨਿਕਲ ਕੇ ਆਈ ਵਾਅ
ਸਾਡੇ ਹੁੱਸੜ ਬੀੜੇ ਹੱਥ ਪੈਰਾਂ ਨਾਲ
ਖਹਿ ਕੇ ਲੰਘਦੀ ਕਹਿੰਦੀ ਏ
ਜੇ ਤੁਸੀਂ ਮਜਬੂਰ ਓ
ਮੈਂ ਮਜਬੂਰ ਨਹੀਂ
ਸਾਵਨ ਦੂਰ ਨਹੀਂ

*(ਖੱਪੇ-ਸਫ਼ਾ 45)*

ਹਾੜ, ਗਰਮ ਤੱਪਦਾ ਦੇਹੁੰ ਤੇ ਹੁੰਮ-ਹੁੱਬਸ ਭਰੀ ਰਾਤ। ਰਾਤ ਗੁੰਮ ਸਮੰਦਰ ਏ, ਹਾੜ ਦੀ। "ਹਾੜ" ਦੇ ਵਿਚ ਈ ਲੁੱਕਿਆ ਏ "ਹੜ੍ਹ" ਵੀ। ਰਾਤ, ਹਨੇਰ, ਕਾਲਖ਼, ਇਕ-ਰੰਗੀ ਦਾ ਸਮੰਦਰ ਏ। ਏਸ ਵਿਚ ਗਵਾਚਣ ਅਸਲੋਂ ਗੁੰਮ ਹੋਵਣ ਨਹੀਂ ਸਗੋਂ ਆਪਣੀ ਹੋਂਦ ਲੱਭਣ ਈ ਹੈ। ਜੋੜਕਾਰ ਦੀ ਰਚੀ ਖੇਡ ਦੇ ਅੱਖਰ ਅਸਾਨੂੰ ਵੀ ਖਿਡਾਵਣ ਲੱਗੇ ਨੇਂ। ਜੇਵੇਂ ਹਾੜ ਵਿਚ ਹੜ੍ਹ ਏ ਲੁਕਿਆ, ਤੇਵੇਂ ਗੁੰਮ ਵਿਚ ਭਾਲ ਲੁਕੀ ਏ। ਇਹ ਬੁੱਲ੍ਹੇ ਸ਼ਾਹੀ "ਗੁੰਮ" ਏ ਜੋ ਆਖਦਾ ਏ:

"ਅਬ ਹਮ ਗੁੰਮ ਹੁਏ ਪ੍ਰੇਮ ਨਗਰ ਕੇ ਸ਼ਹਿਰ"

ਪ੍ਰੇਮ ਨਗਰ ਵਿਚ ਗਵਾਚਣ, ਗੁੰਮ ਹੋਵਣ ਨਹੀਂ। ਇਹ ਰਲਣ ਏ, ਮਿਲਨ ਏ, ਇੰਜ ਇਕ-ਮਿਕ ਹੋਵਣ ਜੋ ਦੁਈ ਮੁੱਕ ਵੰਜੇ। ਗਵਾਚਣ ਤੇ ਓਪਰਿਆਂ ਵਿਚ ਹੋਂਦਾ ਏ, ਪਰਾਈ ਜੂਹ ਵਿਚ। ਪ੍ਰੇਮ ਨਗਰ ਵਿਚ ਗੁੰਮ ਹੋ ਕੇ ਈ ਆਪਣਾ-ਆਪਾ ਸਹੀ ਹੋਂਦਾ ਏ। ਹਾੜ ਦਾ ਕਹਿਰ, ਗਰਮੀ ਦਾ ਨਹੀਂ ਓਸ ਧਰੋਹ-ਧੱਕੇ, ਧੌਂਸ ਦਾ ਹੈ ਜੋ ਮੱਲ ਵਿਹਾਰ ਕਰੇਂਦਾ ਏ। ਦਿਨ ਹੈ ਹਾਕਮਾਂ ਦੇ ਹੁਕਮਾਂ ਦਾ ਤੇ ਹੀਣਿਆਂ ਦੀ ਕ਼ੈਦ ਦਾ। ਜ਼ਬਰ, ਮੁਸ਼ੱਕਤ ਦੀ ਸ਼ਖ਼ਤੀ ਜਰ ਕੇ ਅੰਦਰ ਦੀ ਵਿਹਰ ਹਾੜ ਬਣੀ ਏ। ਆਪਣੇ ਨਾ ਹੋਵਣ ਦਾ ਦੁੱਖ ਕਾਵੜ (ਕੌੜ) ਬਣਿਆ ਏ। ਏਸ ਵਿਹਰ ਤੇ ਕਾਵੜ ਨੇ ਤਨ ਨੂੰ ਦਿਨ ਵਿਚੋਂ ਕੱਢ ਕੇ ਵਖਰੇਵੇਂ ਦੀ ਕੰਧ ਢਾ ਕੇ ਰਾਤ ਵਿਚ ਲਿਆ ਖਲਾਰਿਆ ਏ।

ਏਸ ਰਾਤ ਅੰਦਰ ਹਸਤੀ ਰਲੀ ਏ ਤੇ ਆਪਣੇ ਵਰਗੀਆਂ ਬੇ-ਹਸਤੀਆਂ ਦੀ ਵਗਾਰ ਸਹੀ ਹੋਈ ਏ। ਅੰਦਰ ਦੀ ਤਪਸ਼ ਏਨੀ ਵਧੀ ਏ ਜੋ ਕੰਢੇ ਵੀ ਕੋਸੇ ਨੇਂ ਹੁਣ। ਨਵੀਂ ਸੁਰਤ-ਮੱਤ ਬਣੀ ਏ। ਵਾਅ ਸਾਹ ਏ ਜੋ ਭੇਤੀ ਏ ਸੋਚ ਸਾਰ ਦਾ, ਵੇਲਾ ਅਜੇ ਬੋਲਣ ਦਾ ਨਹੀਂ। ਜੀਭਾਂ ਤੇ ਕੰਟਰੋਲ ਏ ਹਾਕਮਾਂ ਦਾ, ਵਰਦੀਆਂ ਵਾਲਿਆਂ ਦਾ। ਪਰ ਸੋਚਾਂ ਤੇ ਪਹਿਰਾ ਨਹੀਂ ਤੇ ਸਾਹ ਨਾਲ ਰਲ ਸੋਚਾਂ, ਖਿਲਦੀਆਂ ਨੇਂ ਪਈਆਂ। ਹਿੱਕ ਤੋਂ ਬਏ ਨਾਲ ਸਾਂਝੀਆਂ ਪਈਆਂ ਹੋਂਦੀਆਂ ਨੇ। ਹੱਥ-ਪੈਰ ਜੋ ਹੁੱਸੜ ਨੇ ਬੀੜੇ ਹੋਏ ਨੇਂ। ਮੱਲ ਵਿਹਾਰ ਅੱਗੇ ਗਹਿਣੇ ਪਏ ਹੋਏ ਨੇਂ ਉਹਨਾਂ ਨੂੰ ਛੋਹ ਕੇ ਇਹ ਗੁੰਮ ਸਮੰਦਰ ਚੋਂ ਨਿਕਲੀ ਵਾ ਆਂਹਦੀ ਏ :

"ਜੇ ਤੁਸੀਂ ਮਜਬੂਰ ਓ
ਮੈਂ ਮਜਬੂਰ ਨਹੀਂ
ਸਾਵਨ ਦੂਰ ਨਹੀਂ"

ਤਨ ਬੰਦੀਵਾਨ ਏ, ਸੁਰਤ-ਸਾਰ ਤਾਂ ਆਜ਼ਾਦ ਏ। ਮੈਂ ਸਾਂਝ ਪਾਰੋਂ ਈ ਉਧਰੀ ਏ। ਰਾਤ ਦੇ ਇਕ ਰੰਗ ਵਿਚ ਰੰਗੀਜਣ ਈ ਸਾਵਣ ਦਾ ਪੱਖ ਲੱਗਣ ਏ, ਹਾੜ ਵਿਚ ਈ। ਇਹ ਵਾਅ ਸਾਹ ਏ ਇਕਾਈ ਦਾ, ਸਾਂਝ ਦਾ, ਜਿਸ ਮਜਬੂਰੀਆਂ ਦੀ ਵਲਗਣ ਭੰਨੀ ਏ ਤੇ ਹਾੜ ਦੇ ਹੁੱਸੜ ਵਿਚੋਂ ਆਉਂਦਾ ਸਾਵਨ ਵਖਾਇਆ ਏ।

***

# ਕੋਲੇ ਚੁਨਣ ਵਾਲੀ

ਵੇਖੋ ਏਸ ਓਮਰੇ ਵੀ ਵਾਅ ਨਹੀਂ ਰਹਿੰਦੀ
ਦੇ ਦੇ ਲੰਘਦੀ ਏ ਪੱਥਰਾਂ ਨੂੰ ਹੁਥਲਾਂ
ਪੱਥਰ ਕੌਣ ਨੇਂ
ਵਾਜਾਂ ਨੇ ਜਿਹੜੀਆਂ ਗਇਆਂ ਨੂੰ ਮੋੜ ਨਾ ਸਕੀਆਂ
ਨਜ਼ਰਾਂ ਨੇਂ ਜਿਹੜੀਆਂ ਰਹੀਆਂ ਨੀਵੀਆਂ
ਨੀਂਦਰਾਂ ਨੇ ਜੇਹਨਾਂ ਸੁਪਨੇ ਕਰਾ ਲਏ ਸੰਸਰ
ਪੱਥਰ ਗੱਲਾਂ ਨੇ
ਜਿਹੜੀਆਂ ਛੱਡ ਗਏ ਅਸੀਂ ਅੱਧ ਕਹੀਆਂ
ਖ਼ਬਰੇ ਕਿੰਨਾ ਜਮਾਨਾ ਹੋਇਆ ਏ
ਏਸ ਲੋੜਵੰਦ ਦਾ ਵੇਖੋ ਸ਼ੌਕ ਨਹੀਂ ਮੋਇਆ
ਨੇੜੇ ਹੋ ਹੋ ਲੰਘਦੀ ਏ
ਆਨੇ-ਬਹਾਨੇ
ਟੋਂਹਦੀ ਏ ਪੱਥਰਾਂ ਚੋਂ ਕੋਲੇ

*(ਖਪੇ-ਸਫ਼ਾ 58)*

ਭੁੱਲੀ ਵਿਸਰੀ ਬਾਤ ਪੁਰਾਣੀ ਬਾਲਪਨ ਦੀ ਅਚਰਜ ਜਾਪਨੀ ਅੱਜ ਮੁੜ ਚੇਤੇ ਆਈ ਏ। ਜਿਸ ਵਿਚ ਪਿੱਛੇ ਮੁੜ ਕੇ ਤੱਕਣ ਵਾਲਾ ਪੱਥਰ ਦਾ ਹੋ ਜਾਂਦਾ ਏ। ਅਜਬ ਚਿੱਤਰ ਪੱਥਰ ਬੁੱਤਾਂ ਦੇ ਸੋਚੀਂ ਬਨਣੇ-ਢਹਿਣੇ। ਪੜ੍ਹਾਈ-ਲਿਖਾਈ ਦੀ ਜਾਗ ਲੱਗੀ ਤਾਂ ਬਾਲ ਕਹਾਣੀਆਂ ਵੀ ਕਿਤੇ ਅੰਦਰ ਗਵਾਚ ਗਈਆਂ। ਕਹਾਣੀਆਂ ਗਵਾਚੀਆਂ ਯਾਂ ਖ਼ਬਰੇ ਆਪਣਾ-ਆਪ। "ਇਹ ਕੋਲੇ ਚੁਨਣ ਵਾਲੀ" ਅੱਜ ਮੁੜ ਲੰਘੇ ਵੇਲੇ ਵਿਚ ਲਿਆ ਖਲਿਆਰਿਆ ਏ।

ਵਾਅ ਵੇਖੋ ਕੀ ਕਰੇਂਦੀ ਏ। ਪੱਥਰਾਂ ਨਾਲ ਖਹਿੰਦੀ ਏ ਪਈ ਵਾਅ ਤਾਂ ਖੁੱਲ੍ਹ ਵਿਚ ਹੋਈ ਸੋ ਫਿਰਦੀ ਏ ਵਾਰੀਓ-ਵਾਰੇ, ਜੂਹੋ-ਜੂਹ। ਪੁਰਾਣੀਆਂ, ਨਵੀਆਂ ਤੇ ਨਵੀਆਂ, ਪੁਰਾਣੀਆਂ ਕਰੇਂਦੀ, ਪੱਥਰਾਂ ਦੀ ਪਛਾਣ ਅੱਜ ਕਰਵਾਈ ਏਸ। ਕੇਵੇਂ ਪੱਥਰ ਬਣੇ ਨੇਂ, ਕੀ ਬੀਤੀ ਵਰਤੀ ਏ? ਕੀ ਭਾਰ ਚੁੱਕੀ ਫਿਰਦੇ ਨੇਂ? ਪੱਥਰ ਵਾਜਾਂ ਹਨ ਜਿਹੜੀਆਂ ਗਇਆਂ ਨੂੰ

ਪਰਤਾ ਨਾ ਸਕੀਆਂ। ਵਾਜ ਅੱਪੜਦੀ ਤਾਂ ਖ਼ਬਰੇ ਜਾਵਣ ਵਾਲੇ ਮੁੜ ਵੀ ਆਉਂਦੇ ਪਰ ਜੀਭ ਤੇ ਲੱਗੇ ਜੰਦਰੇ ਵਾਜ ਈ ਦੱਬ ਛੱਡੀ। ਅੰਦਰੋਂ ਉੱਠੀ ਵਾਜ ਬੋਲ ਨਾ ਬਣੀ, ਹੌਕਾ ਹੋ ਨਿਕਲੀ ਤੇ ਪੱਥਰ ਹੋ ਗਈ। ਪੱਥਰ ਨਜ਼ਰਾਂ ਨੇਂ ਜੋ ਨੀਵੀਆ ਹਨ, ਉਤਾਂਹ ਵੇਖਣ ਦੀ ਮਨਾਹੀ ਹੈ ਇਹਨਾਂ ਕੀਤੇ। ਇਕੋ ਥਾਂ ਟਿਕੀਆਂ ਪੱਥਰ ਹੋ ਗਈਆਂ ਨੇਂ, ਨਜ਼ਰ ਤਾਂ ਸੁਨੇਹਾ ਹੈ ਪ੍ਰੀਤ ਦਾ। ਵੇਲੇ ਦੀ ਵਗਾਹ ਕੱਟਦਿਆਂ ਨੂੰ ਇਕ ਦੂਜੇ ਨੂੰ ਵੇਖਣ ਦੀ ਨਾ ਵਿਹਲ ਏ ਨਾ ਇਜਾਜ਼ਤ। ਸਦਾ ਜਾਗਦੀਆਂ ਅੱਖੀਆਂ ਪੱਥਰ ਨੇਂ, ਜਿਹਨਾਂ ਵਿਚ ਸੁਫ਼ਨਾ ਕੋਈ ਨਹੀਂ। “ਸੰਸਰ” ਦਾ ਲਫ਼ਜ਼ ਖ਼ਾਸ ਆਇਆ ਏ ਜੋ ਮਾਰਸ਼ਲ ਲਾਅ ਵੇਲੇ ਵਰਤੀਂਦਾ ਸੀ ਖ਼ਬਰਾਂ ਲਈ, ਖ਼ਾਸ ਕਰ ਜੋ ਸੰਸਰ ਹੋ ਖੱਪੇ ਬਣ ਅਖ਼ਬਾਰੀਂ ਛਪਦੀਆਂ ਲੰਮੀ ਤੇ ਅਣਮੁਕਣੀ ਕ਼ੈਦ ਨੇ ਆਸ ਮੁਕਾ ਛੱਡੀ ਆਜ਼ਾਦੀ ਦੀ। ਸੁਫ਼ਨੇ ਤਾਂ ਆਜ਼ਾਦ ਜੀਅ ਵੇਂਹਦਾ ਏ ਫੇਰ ਸੁਫ਼ਨੇ ਪੂਰਨ ਕੀਤੇ ਆਹਰ ਕਰੇਂਦਾ ਏ। ਜਿਥੇ ਨੀਂਦਰ ਤੇ ਵੀ ਪਹਿਰਾ ਹੋਵੇ ਤੇ ਸੁੱਤਿਆਂ ਬੰਦਾ ਸੁਫ਼ਨੇ ਵਿਚ ਵੀ ਕੈਦ ਈ ਵੇਖੇ, ਉਹ ਕੀ ਜੀਵਨ ਏ। ਗੱਲਾਂ ਜੋ ਛੋਹੀਆਂ ਪਰ ਅੱਧਵਾਟੇ ਛੱਡ ਦਿੱਤੀਆਂ, ਉਹ ਅਣ-ਆਖੀਆਂ ਤੇ ਅੱਧ ਆਖੀਆਂ ਪੱਥਰ ਨੇਂ। ਸੋ ਪੱਥਰ ਅਣ-ਹੋਈਆਂ, ਅਣ-ਕਹੀਆਂ ਦਾ ਭਾਰ ਹਨ।

ਵਾਅ ਏਸ ਭੇਤ ਦੀ ਜਾਣੂ ਏ ਸੋ ਟੋਂਹਦੀ ਏ ਮਤਾਂ ਇਹ ਬੋਲਣ ਕਦੀਂ....... “ਕੋਲਾ” ਗੈਸ ਆਵਣ ਤੋਂ ਪਹਿਲੋਂ ਦੀ ਗੱਲ ਹੈ। ਜਦ ਹਰ ਘਰ, ਹਰ ਠਾਹਰ ਦੀ ਲੋੜ ਹਾ ਕੋਲਾ। ਟੱਪਰੀਵਾਸਾਂ ਥਾਉਂ-ਥਾਈਂ ਫਿਰ ਮੰਗਣ-ਪੁੰਨਣ ਦੇ ਨਾਲ ਕੋਲੇ ਵੀ ਕੱਠੇ ਕਰਨੇ। ਆਪਣੀ ਝੁੱਗੀ ਕੋਲ ਆ ਢੇਰੀ ਕਰਨਾ, ਚੁਣਿਆ ਕੋਲਾ। ਜਦ ਕੁਝ ਜੁੜ ਵੇਣਾ ਤਾਂ ਲੋੜ ਵਾਲਿਆਂ ਨੂੰ ਵੇਚ ਵੀ ਦੇਣਾ। ਕੋਲਾ ਬੁਝੀ ਅੱਗ ਏ, ਮਾੜੀ ਜੇਹੀ ਛੋਹ ਨਾਲ ਬਲ ਪੈਂਦਾ ਏ। ਲੱਕੜ ਵਿਚ ਸੁੱਕ-ਗਿੱਲ ਹੋਂਦੀ ਏ, ਕੋਲਾ ਬਲੀ ਲੱਕੜ ਏ ਜਿਸ ਵਿਚ ਅਜੇ ਸਤ ਹੈ, ਬਲਣ-ਬਾਲਣ ਦਾ। ਟੱਪਰੀਵਾਸਣਾ ਤੇ ਵਾਅ ਜਾਣੂੰ ਨੇ ਸੋ ਪੱਥਰ ਹੋਇਆਂ ਨੂੰ ਹਲੂਵਦੀਆ ਨੇਂ। ਇਹ ਜੀਵਨ ਬਲਣ, ਮੱਚਣ ਤੇ ਸਾੜਨ-ਫੂਕਣ ਸਵਾਹ ਕਰ ਉਡਾਵਣ ਇਹਨਾਂ ਨੂੰ ਪੱਥਰ ਕਰਨ ਵਾਲਿਆਂ ਨੂੰ। ਪੱਥਰ ਦਾ ਕੋਲਾ ਫੈਕਟਰੀਆਂ ਵਿਚ ਵਰਤੀਂਦਾ ਸੀ। ਲੰਮਾ ਚਿਰ ਬਲਦਾ ਏ। ਫੈਕਟਰੀਆਂ ਕਾਰਖ਼ਾਨਿਆਂ, ਮਿੱਲਾਂ ਵਿਚ ਬਲਣ ਵਾਲਾ ਅਸਲ ਪੱਥਰ-ਕੋਲਾ ਤਾਂ ਓਥੇ ਕੰਮ ਕਰਨਹਾਰ ਹਨ। ਉਹਨਾਂ ਦੀਆਂ ਸੜਦੀਆਂ-ਬਲਦੀਆ ਸਧਰਾਂ, ਉਮੰਗਾਂ ਕੋਲਾ ਹੋ ਭੱਠੀ ਤਾਉਂਦੀਆਂ ਨੇ ਮੱਲਵਾਨਾਂ ਦੀ। ਕੋਲਾ ਕਾਲਾ ਹੋਇਆ, ਕਸ਼ਟ ਕੱਟਦਿਆ ਦੇ ਰੰਗ ਵਰਗਾ। ਫੈਕਟਰੀ, ਕਾਮਿਆਂ ਦੀਆਂ ਅਣ-ਆਖੀਆਂ, ਅਣ-ਵੇਖੀਆਂ ਸਧਰਾਂ, ਸੁਫ਼ਨਿਆਂ ਉੱਤੇ ਇਹ ਫੈਕਟਰੀਆਂ ਚੱਲਦੀਆਂ ਨੇਂ। ਕੋਲੇ ਚੁਨਣ ਵਾਲੀਆਂ ਟੱਪਰੀਵਾਸਣਾਂ ਵਗਦੀ ਵਾਅ ਨੇਂ। ਵਾਅ ਅੱਗ ਲਾਉਂਦੀ ਵੀ ਏ ਤੇ ਬੁਝਾਉਂਦੀ ਵੀ ਹੈ, ਦੋਏਂ ਸੰਦ ਹਨ ਏਸ ਕੋਲ। ਇਹ ਕੋਲੇ ਚੁਨਣ ਵਾਲੀਆਂ ਵੀ ਮਤਾਂ ਗੁੱਝਾ ਸੁਨੇਹਾ ਦੇਂਦੀਆਂ ਹੋਵਣ ਆਵਣੀ ਭਲਕ ਦੀ।

# ਵਸਾਖ ਦੀ ਆਵਣੀ

ਸੂਰਜ ਕਾੜ੍ਹੀ ਰੁੱਖਾਂ ਛਾਣੀ
ਸੋਹਲ ਹਵਾ
ਸਾਡਾ ਅਣਖੁੱਟ ਅੰਮ੍ਰਿਤ ਸਾਂਝ ਪਿਆਲਾ
ਇਕ ਘੁੱਟ ਚੱਖਿਆਂ
ਹੋਸ਼ ਨਹੀਂ ਰਹਿੰਦੀ
ਤੇਰ ਮੇਰ ਦੀ।

*(ਖੱਪੇ-ਸਫ਼ਾ 60)*

ਕੁਦਰਤ ਸਿਰਜੀਆਂ ਆਪ ਕੁਦਰਤ ਹੋ ਬੋਲੀਆਂ ਹਨ। ਕੇਵੇਂ ਜੋੜ ਹੈ ਜੁੜਦਾ, ਜੁੜ ਨਵਾਂ ਜੋੜਦਾ, ਬਣਾਉਂਦਾ। ਸਾਂਝ ਕੀਤੀ ਦੇ ਰੰਗ ਲਾਉਂਦਾ। ਸੂਰਜ ਕਾੜ੍ਹ ਪਕਾਈ ਵਾ ਅਤੇ ਰੁੱਖਾਂ ਛਾਨਣੀ ਹੋ ਰਹਿੰਦ-ਖੁੰਹਦ ਛਾਣ ਸੁਥਰੀ ਕੀਤੀ। ਸੋਹਲ, ਮਲੂਕ, ਨਰਮ ਵਾਅ ਸਾਹ ਬਣੀ ਏ ਤੇ ਜੀਉ ਪਈ ਏ। ਸੂਰਜ, ਰੁੱਖ, ਵਾਅ ਦੀ ਇਹ ਸਾਂਝ ਅਣਮੁੱਕੀ ਹੈ। ਇਹਦਾ ਹਿੱਕ ਘੁੱਟ ਚੱਖ ਤੇਰ-ਮੇਰ ਮੁੱਕ ਵੇਂਦੀ ਏ। ਵਸਾਖ ਆਵਣ ਦਾ ਸੱਦ ਲਿਆਈ ਏ, ਸੋਹਲ ਹਵਾ। ਵਸਾਖ, ਫਸਲ ਪੱਕਣ ਦਾ ਵੇਲਾ ਹੈ। ਆਪਣੀ ਕੀਤੀ ਨੂੰ ਪੂਰਨ ਤੱਕ ਖੁਸ਼ੀ ਲਹਿਰਦੀ ਏ ਵਾਹਕਾ, ਰਾਹਕਾ, ਕਾਮਿਆਂ, ਸੀਪੀਆਂ ਅੰਦਰ। ਵਸਾਖ ਵਿਚ ਵਾਢੀਆਂ ਹੋਂਦੀਆਂ ਨੇਂ। ਬੰਦੇ ਦੀ ਮਿਹਨਤ ਕੁਦਰਤ ਸਾਂਝ ਪਾਰੋਂ ਸਫ਼ਲ ਹੋਈ ਏ। ਬੰਦੇ ਤੇ ਕੁਦਰਤ ਮੇਲ ਦਾ ਰਲ ਕੀਤਾ ਮੋਹਰੇ ਹੈ। ਏਹੀ ਵੇਲਾ ਹੈ ਮੇਲੇ ਦਾ, ਮਿਲਨ ਦਾ, ਸੁੱਖ ਦਾ। ਮਾਲਕਾਂ, ਮੱਲ-ਵਿਹਾਰ ਪ੍ਰਬੰਧੀਆਂ ਨੂੰ ਉਪਜ ਤਾਂ ਵਾਰੇ ਹੈ ਪਰ ਮੇਲ ਨਹੀਂ। ਸੋ ਕਰਨਹਾਰਾਂ ਦੀ ਖੁਸ਼ੀ ਪਲ ਦਾ ਪਲ ਲਹਿਰਦੀ ਖਿਨ ਪਲ ਅੰਦਰ ਈ ਝੌਂ ਜਾਂਵਦੀ ਏ, ਜਦ ਵੰਡ ਪੈਂਦੀ ਏ। ਕੀ ਭਾਗ ਹੈ ਉਪਜਾਵਣ ਵਾਲਿਆਂ ਦਾ ਤੇ ਕਿਤਨੀ ਮੱਲ ਹੈ ਸਾਂਭਣਹਾਰਾਂ ਦੀ। ਖ਼ਬਰੇ ਕੌਣ ਵਾਰਾ ਹਾ ਜਦ ਵਸਾਖ ਦੀ ਆਵਣੀ ਅੰਮ੍ਰਿਤ ਸਾਂਝ ਪਿਆਲਾ ਹਈ ਬੰਦਿਆਂ ਲਈ ਵੀ। ਜਦ ਮੇਲ-ਵੰਡ ਤੇ ਦਰਜੇ ਬੰਦੀ ਅਜੇ ਤੇਰ-ਮੇਰ ਨਾ ਉਸਾਰੀ ਹਈ। ਹੁਣ ਵਸਾਖ ਵੰਡ ਵੇਲਾ ਹੈ, ਮਾਲਕ, ਮਜ਼ਦੂਰ, ਮੁਜ਼ਾਰੇ, ਕੰਮੀਂ, ਸੀਪੀ, ਲਾਗੀ ਦਾ। ਸਿੱਖ ਧਰਮ ਵਿਚ ਏਹੀ ਵੇਲਾ ਹੈ ਜਦ ਗੁਰੂਆਂ ਨੇਂ ਜਨ-ਜੀਅ ਪੰਜ-ਪਿਆਰੇ ਕੀਤੇ। ਪੱਕ-ਕੌਲ ਕੀਤੇ,

ਧਰੋ ਠੱਲਣ ਦੇ ਤੇ ਜ਼ੁਲਮ ਸਹਿੰਦਿਆਂ ਨਾਲ ਰਲਣ ਦੇ। ਏਹੀ ਮੇਲਾ ਹੈ ਹੁਣ ਵਸਾਖ ਦਾ, ਆਪਸੀ ਸਾਂਝ ਪਾਰੋਂ ਸੁਰਤ ਬਣਸੀ ਤੇ ਸਾਂਝ ਉਪਜ, ਸਾਂਝ ਵਰਤਣ ਬਣ ਮੇਲ ਕਰਸੀ। ਓਸ ਸੁਮੇਲ ਮੇਲੇ ਦੀ ਵਸਾਖ ਆਵਸੀ ਹੁਣ ਕੁਦਰਤ ਸਾਂਝ ਨਾਲ।

***

# ਆਤਣ ਵਿਚਾਰ

**(ਸ਼ੀਸ਼ ਮਹਲ ਦੀ ਵਾਰ)**

"ਸ਼ੀਸ਼ ਮਹਲ ਦੀ ਵਾਰ" ਦੇ ਮੁੱਖ ਚਿੱਤਰ ਤੇ ਸਿਰ ਜੋੜੀ ਬੈਠੀਆਂ ਨੇਂ ਆਤਣ ਵਾਲੀਆਂ ਚਿੱਟੇ ਵਰਕੇ ਤੇ ਤ੍ਰੈ-ਨੁੱਕਰਾਂ (ਤਿਕੋਣ) ਦਾ ਸੱਖਣਾ ਠੇਠਰ ਬਣਿਆ ਏ। ਇਕ ਸਿੱਧਾ ਤੇ ਇਕ ਪੁੱਠਾ। ਉੱਤੇ ਵਾਲੀ ਤਿਕੋਣ ਜਿਉਂ ਹੇਠਾਂ ਉਲਟ ਕੇ ਬਣੀ ਹੋਈ ਏ ਪਰ ਉਲਟਦਿਆਂ ਰੰਗ ਵਟਾ ਗਈ ਏ। ਉਪਰ ਨੀਲਾ ਤੇ ਲਾਲ ਰੰਗ ਦੇ ਤਿਕੋਣ ਦਾ, ਹੇਠਾਂ ਨੀਲਾ ਤੇ ਹਰਾ। ਉਤਲੀ ਸੱਜੀ ਗੁੱਠ ਵਿਚ "ਸ਼ੀਸ਼ ਮਹਲ ਦੀ ਵਾਰ" ਤੇ ਹੇਠਲੀ ਖੱਬੀ ਗੁੱਠ ਵਿਚ "ਨਜਮ ਹੁਸੈਨ ਸੱਯਦ" ਲਿਖਿਆ ਹੋਇਆ ਏ। ਕੱਚ ਦੇ ਟੋਟੇ ਲੱਗਦੇ ਨੇ ਖਿੱਲਰੇ ਹੋਏ, ਆਪੋ-ਆਪਣੀ ਬੋਲੀ ਬੋਲਦੇ ਯਾਂ ਫੇਰ ਵੇਖਣਹਾਰ ਦੀ ਅੱਖ ਏ, ਜੇਵੇਂ ਵੇਖੇ। (ਆਪਣੀ ਸੋਚ ਨਾਲ ਚਿੱਤਰ ਵੇਖੇ ਯਾਂ ਚਿੱਤਰ ਵਿਚੋਂ ਨਵੀਂ ਸੋਚ ਬਣਾਏ) ਸਿੱਧੀ ਜਈ ਗੱਲ ਏ ਸਾਫ਼ ਬਿਲਕੁਲ, ਪਰ ਆਤਣ ਸੰਗ ਚੁੱਪ ਵੱਟੀ ਬੈਠਾ ਏ। ਚਲੋ ਅਸੀਂ ਵੀ ਚੁੱਪ ਤਰੁੱਟਣ ਉਡੀਕੀਏ ਹਾਂ ਮਤਾਂ ਕੁਝ ਸਮਝ ਲੱਗੇ ਹੋਰ:

"ਆਪਣੀ ਚੁੱਪ ਦੇ ਵਿਚ ਸੁਣੀਵੇ
ਪਿਆ ਜਗਤ ਵਿਚ ਸ਼ੋਰ"
"ਇਹ ਪਰਛਾਵਾਂ ਨਹੀਂ ਜਾਪਦਾ ਉਤਲੀ ਤ੍ਰੈ ਨੁਕਰੀ ਦਾ ਹੇਠਾਂ"
"ਹੋ ਸਕਦਾ ਏ ਪਰ ਇੰਜ ਲਗਦਾ ਏ ਜੇਵੇਂ ਮਹਲਾਂ ਦੀਆਂ
ਮਹਿਰਾਬਾਂ ਹੋਂਦੀਆਂ ਨੇਂ"
"ਪਾਣੀ ਵਿਚ ਵੀ ਚਿੱਤਰ ਦਿਸਦਾ ਏ, ਜੇਵੇਂ ਨੀਲੇ ਅੰਬਰ ਦਾ ਰੰਗ
ਬੇ ਰੰਗ ਪਾਣੀ ਨੂੰ ਨੀਲ ਰੰਗ ਕਰੇਂਦਾ ਏ
ਨੀਲਾ ਈ ਜਦ ਮਿੱਟੀ ਰਲਦਾ ਏ
ਤੇ ਹਰਾ ਹੋ ਰੰਗ ਕੱਢਦਾ ਏ ਨਾ"
"ਆਹੋ ਇਹ ਠੀਕ ਆਂਹਦੀ ਏ ਨੀਲਾ ਈ ਰੰਗ ਏ ਅੰਬਰ ਦਾ, ਖੱਲ ਦਾ ਉਚਿਆਈ ਦਾ। ਤਾਹੀਓਂ ਉਤਲਾ ਮੇਲ ਨੀਲਾ ਲਿਬਾਸ ਪਾਉਂਦਾ ਏ ਆਪਣੀ ਵਡਿਆਈ ਵਖਾਵਣ ਕੀਤੇ ਯਾਂ ਖ਼ਬਰੇ ਮਿੱਟੀ-ਰੰਗਿਆਂ ਤੋਂ ਵੱਖ ਹੋਵਣ ਕੀਤੇ। ਇਹ ਵੇਖੋ ਨਾ ਜੋ "ਲਾਲ ਲਕੀਰ" ਏ ਇਕ। ਇਹ

ਨੀਂਹ ਨਹੀਂ ਜਿਸ ਤੇ ਸ਼ੀਸ਼ ਮਹਲ ਉਸਰਦੇ ਨੇਂ। ਏਸ ਦੀਆਂ ਨੀਂਹਾ ਅੰਦਰ ਤਾਂ ਮਾੜੀ ਲੋਕਾਈ ਦੀ ਸਕਤ ਈ ਦਬੀਜਦੀ ਏ। ਜੋ ਉਸਾਰਦੇ ਨੇਂ ਏਸ ਨੂੰ ਤੇ ਜਦ ਮਹਲ ਬਣ ਵੰਜੇ ਤਾਂ ਉਹਨਾਂ ਹਮਾਤੜਾਂ ਦਾ ਦਾਖ਼ਲਾ ਈ ਬੰਦ ਹੋਂਦਾ ਏ ਪਹਿਲੋਂ, ਜਿਨ੍ਹਾਂ ਪੋਟੇ ਵਿੰਨ੍ਹ ਸ਼ੀਸ਼ ਮਹੱਲ ਉਸਾਰੇ''

"ਜੋ ਪਰਛਾਵੇਂ ਵਾਲੀ ਗੱਲ ਹੋਈ ਓਸ ਨੂੰ ਵੀ ਤਾਂ ਪੜਚੋਲੋ ਐਵੇਂ ਸੁੱਟ ਨਹੀਂ ਪਾਈਦੀ ਗੱਲ। ਪਰਛਾਵਾਂ ਹੋਂਦਾ ਏ ਕਿਸੇ ਹੋਂਦ ਦਾ, ਵਜੂਦ ਦਾ। ਆਪਣੇ-ਆਪ ਤੋਂ ਦੁਰਾਡਾ ਹੋਇਆ ਬੰਦਾ ਆਪਣੇ ਈ ਪਰਛਾਵੇਂ ਤੋਂ ਡਰਦਾ ਏ। ਡਰ, ਓਪਰ ਈ ਤਾਂ ਹੈ, ਹੋਰ ਕੀ ਏ"

"ਏਸ ਦੇ ਸਰਨਾਵੇਂ ਨੂੰ ਵੇਖੋ ਤਾਂ ਪੁੱਛ ਬਣਦੀ ਏ ਕਿ ਇਹ ਵਾਰ ਜੋ ਲਖੀਜੀ ਏ ਸ਼ੀਸ਼ ਮਹਲ ਦੀ, ਇਹ ਸ਼ੀਸ਼ ਮਹਲ ਵੱਸਣ ਵਾਲਿਆਂ ਦੀ ਏ ਯਾਂ ਬਨਾਵਣ ਵਾਲਿਆਂ ਦੀ?"

"ਅੜੀਏ ਵੱਖ ਤਾਂ ਕੋਈ ਵੀ ਨਹੀਂ। ਹਨ ਤਾਂ ਬੰਦੇ ਈ ਬਸ ਮੱਲ ਜੱਫ਼ੇ ਵਿਚ ਆਏ ਤੇ ਸ਼ੀਸ਼ ਮਹੱਲੀਂ ਵੱਸ ਪਏ। ਮੱਲ-ਵਿਹੂਣੇ ਹੋਏ ਤਾਂ ਬਾਹਰ ਮਹੱਲੋਂ। ਕੁਝ ਅਜੇਹੇ ਵੀ ਤਾਂ ਹਨ ਜੋ ਅੰਦਰ ਹੋਂਦਿਆਂ ਵੀ ਏਸ ਮਹਲ ਦੀ ਬਾਂਧ ਤੋਂ ਬਾਹਰ ਨੇਂ।"

"ਇਹ ਕਿਤਾਬ 70ਵੇਂ ਦੇ ਲਾਗੇ ਛਪੀ ਏ, ਤਾਂ ਫੇਰ ਤੇ ਹਕੂਮਤਾਂ ਦੇ ਲਹਾ-ਚੜ੍ਹਾ ਦੀ ਕੱਥ ਕਰੇਂਦੀ ਹੋਈ ਨਾ। ਵਿਜੋਗ, ਹੁੱਸੜ, ਧੂੰ, ਧੂੜ, ਹਨੇਰ ਵਿਚ ਆਸ ਏ ਨਿੱਕੀ ਜਹੀ ਕਣੀ ਦੀ, ਚੇਤਰ ਦੀ।"

***

# ਇਕ ਪਹਾੜੀ ਰਾਹ

ਲੀਹੇ[1] ਲੀਹੇ ਵੈਂਦਿਆਂ
ਡਰਦਾ ਘਸਿਆ ਟੇਪ ਰੀਵਾਈਂਡ[2] ਕਰੇਂਦਿਆਂ
ਘਾ ਚੋਂ ਇਕਦਮ ਲੱਖਾਂ ਬੀਂਡੇ ਬੋਲ ਪਏ
ਬੰਦ ਅੱਖੀਆਂ ਵਿਚ ਅਣਖੁੱਟ[3] ਜੰਗਲ ਖੋਲ ਗਏ

*(ਸ਼ੀਸ਼ ਮਹਲ ਦੀ ਵਾਰ-ਸਫ਼ਾ 12)*

"ਲੀਹ" ਰਾਹ ਏ ਬਣਿਆ ਹੋਇਆ ਯਾਂ ਬਣਾਇਆ ਹੋਇਆ। ਪਹਾੜਾਂ, ਉਜਾੜਾਂ, ਜੰਗਲਾਂ ਵਿਚ ਗਵਾਚਣ ਦੇ ਡਰ ਪਾਰੋਂ ਪਹਿਲੋਂ ਦੇ ਬਣੇ ਰਾਹ ਤੇ ਟੁਰਨ ਦੀ ਮੱਤ ਸਿਆਣੇ ਦੇਂਦੇ ਨੇਂ। ਮੰਜ਼ਿਲ ਯਾਂ ਟੀਚਾ ਪਹਿਲੋਂ ਦਾ ਮਿੱਥਿਆ, ਗਿਣਿਆ ਏ ਸੋ ਲੀਹ ਵੀ ਇਕੋ ਏ ਓਸ ਤਾਈਂ ਅੱਪੜਨ ਦੀ। ਜਾਪਦਾ ਤੇ ਹੈ ਜੋ ਬੰਦਾ ਪੈਂਡਾ ਕਰਦਾ, ਮੰਜ਼ਿਲਾਂ ਮਾਰਦਾ, ਕਿੱਥੋਂ ਕਿੱਥੇ ਅੱਪੜ ਜਾਂਦਾ ਏ ਪਰ ਗਹੁ ਕੀਤਿਆਂ ਸਹੀ ਹੋਂਦਾ ਏ ਜੋ ਆਪਣੀ ਥਾਓਂ ਤਾਂ ਹਿੱਲਿਆ ਈ ਨਹੀਂ ਰੱਤੀ-ਮਾਸਾ ਵੀ। "ਡਰਦਾ ਘਸਿਆ ਟੇਪ ਰੀਵਾਈਂਡ ਕਰੇਂਦਿਆਂ" ਰੀਵਾਈਂਡ ਕਰਨ ਮੁੜ ਓਹੀ ਸੁਣਣ ਏ ਜੋ ਪਹਿਲੋਂ ਸੁਣਿਆ। ਇਹ ਅਮਲ ਵੇਖਣ ਨੂੰ ਟੁਰਦਾ ਲੱਗਦਾ ਏ ਪਰ ਗਹੁ ਕੀਤਿਆਂ ਖਲੋਤ ਸਹੀ ਹੋਂਦੀ ਏ। ਡਰ ਦੀ ਜੇਵੇਂ ਗੇਝ ਪੈ ਗਈ ਏ ਹੁਣ ਓਸੇ ਵਿਹਾਰ ਟੁਰਾਈ ਲੀਹੇ ਟੁਰਦਿਆਂ ਡਰ ਨੂੰ ਹਰ ਪਲ ਸੱਜਰਾ ਰੱਖਣ ਕੀਤੇ ਓਸ ਨੂੰ ਮੁੜ-ਮੁੜ ਮਨ ਚਿਤਾਰਦਾ ਏ ਪਿਆ। ਆਪਣੇ-ਆਪ ਨੂੰ ਰਾਹ ਤੇ ਰੱਖਣ ਕੀਤੇ। ਉਹ ਰਾਹ, ਜਿਸ ਨੂੰ ਵਿਹਾਰ ਠੀਕ ਮੰਨਦਾ ਏ ਤੇ ਜਿਸ ਤੇ ਟੁਰਨ ਬੱਝੇ ਪੈਰਾਂ ਦਾ ਏ। ਬੱਝੀ ਰਾਹ, ਸੋਚ ਬੰਨ੍ਹੀ ਰੱਖਦੀ ਏ ਤੇ ਬਾਂਧ ਪਾਰੋਂ ਖੁੱਲ੍ਹ ਦਾ ਡਰ ਅੰਦਰ ਜੰਮਦਾ ਏ। ਵਿਹਾਰ ਦੀ ਬਣਾਈ ਤੇ ਦੱਸੀ ਲੀਹ ਤੇ ਟੁਰਨ ਈ ਗੁਣ ਮੰਨਦਾ ਏ ਵਿਹਾਰ। ਆਪਣੀ ਪਛਾਣ ਕੀਤੇ ਬਿਨ੍ਹਾ ਸਾਰੀ ਹਿਯਾਤੀ ਪੈਂਡੇ ਕਰਦਾ ਤੇ ਨਾਂ ਕਮਾਉਂਦਾ ਏ। ਅੰਦਰ ਕਿਧਰੇ ਆਪਣੀ ਸੋਚ, ਲਗਨ, ਆਪਣਾ ਚਾਅ, ਆਪਣੀ ਚੋਣ ਟੁੰਬਦੀ ਰਹਿੰਦੀ ਏ। ਲੀਹੋ ਲੱਥਣ ਤੇ ਕੁਰਾਹੇ ਪੈਣ ਦੇ ਡਰ ਤੋਂ ਬੰਦਾ ਓਸ ਨੂੰ ਦਬਾਈ ਰੱਖਦਾ ਏ ਅੰਦਰੇ-ਅੰਦਰ। ਨਵਾਂ ਰਾਹ ਲੱਭਣ ਯਾਂ ਬਨਾਵਣ, ਨਵੀਂ ਸੋਚ ਸੋਚਣ ਯਾਂ ਨਵੀਂ ਕਰਨੀ ਕਰਨ ਦਾ ਝਾਕਾ ਹੋਂਦਾ ਏ।

*1. ਰਸਤੇ ਦੀ ਲੀਕ, 2. ਮੁੜ ਵਲੇਟਣ, 3. ਨਾ ਮੁੱਕਣ ਵਾਲਾ*

ਇੰਜ ਈ ਕਿਸੇ ਬਣੀ ਲੀਹ ਤੇ ਟੁਰਦਿਆਂ ਅੰਦਰੋਂ-ਅੰਦਰ ਡਰਦਿਆਂ ਘਾਹ ਵਿਚੋਂ ਬੀਂਡੇ ਰਲ ਬੋਲੇ ਨੇਂ। ਬੀਂਡਿਆਂ ਦੀ ਸਾਂਝੀ ਵਾਜ ਤੇ ਘਾਹ ਦੀ ਚੁੱਪ ਨੇ ਕੋਈ ਸੁਝਾ ਸੁਝਾਇਆ ਏ। ਜਿਨ੍ਹਾਂ ਅੱਖਾਂ ਨਾਲ ਰਾਹ ਵੇਖ ਪਏ ਟੁਰਦੇ ਸਾਂ, ਹੁਣ ਸਹੀ ਹੋਇਆ ਉਹ ਤਾਂ ਬੰਦ ਨੇਂ। ਖੁੱਲ੍ਹੀਆਂ ਹੋਣ ਤਾਂ ਆਪ ਵੇਖਣ, ਆਪ ਰਾਹ ਲੱਭਣ। ਬਣੇ-ਬਣਾਏ ਮਿੱਥੇ ਰਾਹ ਤੇ ਅੰਨ੍ਹੇ ਟੁਰਦੇ ਨੇਂ ਉਹ ਰਾਹ ਵੇਖ ਜੋ ਨਾ ਸਕਦੇ ਹੋਏ। ਯਾਂ ਫੇਰ ਰੋਬੋਟ ਜੋ ਉਤਨਾ ਈ ਸੋਚਦੇ-ਕਰਦੇ ਨੇਂ ਜਿਤਨਾ ਉਹਨਾਂ ਵਿਚ ਪ੍ਰੋਗਰਾਮ ਭਰਿਆ ਹੋਂਦਾ ਏ।

ਪਹਾੜ, ਘਾਹ ਤੇ ਬੀਂਡੇ ਰਲ ਸੁਰਤ ਬਣੇ ਨੇਂ ਤੇ ਅਣ-ਮੁਕਣੇ ਜੰਗਲ ਬੰਦ ਅੱਖੀਆਂ ਵਿਚ ਖੋਲ ਗਏ ਨੇਂ। ਜੰਗਲ ਕੁਦਰਤ ਵਾਸਾ ਏ ਪਸ਼ੂ, ਪਖੀ, ਰੁੱਖ ਸਭ ਵੱਖ ਜੂਨ ਹੋਂਦਿਆਂ ਵੀ ਰਲ ਵੱਸਦੇ ਨੇਂ। ਘਾਹ ਨੂੰ ਜਿੱਥੇ ਥਾਂ ਮਿਲੇ ਉੱਗ ਪੈਂਦਾ ਏ। ਕਿਸੇ ਰਾਹ ਤੋਂ ਲਾਂਘਾ ਘੱਟ ਹੋਵੇ ਤਾਂ ਘਾਹ ਹੌਲੀ-ਹੌਲੀ ਉਗਦਾ ਰਾਹ ਦਾ ਨਿਸ਼ਾਨ ਮੁਕਾਵਣ ਲੱਗਦਾ ਏ ਘਾਹ ਨੂੰ ਕੋਈ ਖਾਸ ਥਾਂ ਨਹੀਂ ਲੋੜੀਂਦੀ, ਜਿਥੇ ਮਿੱਟੀ, ਪਾਣੀ, ਵਾਅ, ਲੱਭੀ ਇਹ ਜੰਮ ਪਿਆ। ਘਾਹ ਜੰਮਿਆ ਤਾਂ ਹੋਰ ਮਖ਼ਲੂਕ ਓਸ ਅੰਦਰ ਵੱਸੀ। ਜਿਉਂ ਬੀਂਡੇ, ਜੋ ਦਿੱਸਦੇ ਤਾਂ ਨਹੀਂ ਬਸ ਬੋਲਦੇ ਨੇਂ ਤੇ ਵਾਜ ਤੋਂ ਪਤਾ ਲੱਗਦਾ ਏ ਕਿ ਕੋਈ ਜੀਊਂਦਾ ਜੀਅ ਹੈ। ਘਾਹ ਦਿੱਸਦਾ ਏ, ਪਰ ਚੁੱਪ ਏ। ਬੀਂਡੇ ਦਿੱਸਦੇ ਨਹੀਂ ਪਰ ਵਾਜ ਸੁਣੀਂਵਦੀ ਏ। ਇਨਸਾਨ ਦਿੱਸਦਾ ਵੀ ਏ ਤੇ ਸੁਣੀਂਵਦਾ ਵੀ ਏ ਪਰ ਫੇਰ ਵੀ ਅਣਹੋਇਆ ਏ "ਹੋਣ" ਨਿਰਾ ਸਾਹ ਦਾ ਚੱਲਣ ਨਹੀਂ, ਕਰਨੀ ਪਾਰੋਂ ਬੰਦਾ ਹੋਂਦਾ ਏ, ਜਿਵੇਂ ਫ਼ਰੀਦ, ਜਿਵੇਂ ਬੁੱਲ੍ਹਾ। ਡਰ, ਰੋਕ ਏ "ਹੋਵਣ" ਦੇ ਰਾਹ ਦੀ। ਪਹਾੜਾਂ ਦੀ ਉਚਾਈ, ਘਾਹ ਦੀ ਹਰਿਆਵਲ ਤੇ ਬੀਂਡਿਆਂ ਦੀ ਵਾਜ ਨੇ ਕੁਦਰਤ ਸਿਰਜੀ, ਅਸਲ ਹਸਤੀ ਦੀ ਸਿਆਣ ਕਰਵਾਈ ਏ। ਆਪਣੀ ਪਛਾਣ ਦਿੱਤੀ ਏ। ਮਾੜੀ-ਨਿਮਾਣੀ ਖ਼ਲਕ ਦੀ ਵਾਜ ਬਣ ਬੀਂਡੇ ਬੋਲੇ ਨੇਂ ਜੋ ਹੋਂਦਿਆਂ ਹੋਇਆਂ ਵੀ ਦਿਸਦੀ ਨਹੀਂ। ਬੱਝੀ ਸੋਚ ਪਾਰੋਂ, ਬੱਝੀ ਵੇਖਣੀ ਏ ਯਾਂ ਬੰਦ ਅੱਖੀਆਂ ਪਾਰੋਂ ਬੰਦ ਸੋਚ। ਜੋ ਵੀ ਹੈ, ਬਾਂਧ ਏ। ਆਪਣੇ-ਆਪ ਦੇ ਅੰਦਰ ਬੱਝਾ ਜੀਅ ਕੁੱਲ-ਕੁਦਰਤ ਨੂੰ ਕੇਵੇਂ ਵੇਖੇ, ਕੇਵੇਂ ਸਿਆਣੇ। ਲੀਹ ਛੱਡੇ ਜੰਗਲ ਵੜੇ, ਸੋਚ ਦੇ ਜੰਗਲ ਚੋਂ ਆਪਣਾ ਰਾਹ ਬਣਾਵੇ ਜੋ ਬੱਝੀ ਹਸਤੀ ਉਧਾਰੇ।

***